ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 41
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 11 February, 2026) ਬੁੱਧਵਾਰ , 11 ਫਰਵਰੀ, 2026, 29 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ
ਚੜ੍ਹਦੀਕਲਾ
ਵੱਲੋਂ
ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ

## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਮੁੜ ਰੱਦ

### ਦਿੱਲੀ ਦੇ ਸਜ਼ਾ ਸਮੀਖਿਆ ਬੋਰਡ ਨੇ ਨਕਾਰੀ ਅਪੀਲ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ :ਦਿੱਲੀ ਦੀ ਸਜ਼ਾ ਸਮੀਖਿਆ ਬੋਰਡ ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰ ਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਅਰਜ਼ੀ ਨੂੰ ਇੱਕ ਵਾਰ ਮੁੜ ਰੱਦ ਕਰ ਦਿੱਤਾ ਹੈ। ਅਧਿਕਾਰੀਆਂ ਅਨੁਸਾਰ ਬੋਰਡ ਨੇ ਆਪਣੀ ਹਾਲੀਆ ਮੀਟਿੰਗ ਵਿੱਚ ਭੁੱਲਰ ਸਮੇਤ 24 ਦੋਸ਼ੀਆਂ ਦੀ ਰਿਹਾਈ ਦੀ ਮੰਗ ਨੂੰ ਨਕਾਰ ਦਿੱਤਾ ਹੈ। ਦੱਸਣਯੋਗ ਹੈ ਕਿ ਭੁੱਲਰ ਨੂੰ 1993 ਵਿੱਚ ਹੋਏ ਇੱਕ ਧਮਾਕੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿੱਚ 9 ਲੋਕਾਂ ਦੀ ਮੌਤ ਹੋਈ ਸੀ ਤੇ 31 ਜ਼ਖਮੀ ਹੋਏ ਸਨ।

ਇਸ ਹਮਲੇ ਵਿੱਚ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਐਮ.ਐਸ. ਬਿੱਟਾ ਵਾਲ-ਵਾਲ ਬਚ ਗਏ ਸਨ। ਭੁੱਲਰ ਨੂੰ ਅਗਸਤ, 2001 ਵਿੱਚ ਟਾਡਾ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ 2014 ਵਿੱਚ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ। ਸਿਹਤ ਕਾਰਨਾਂ ਕਰ ਕੇ ਉਸ ਨੂੰ ਜੂਨ, 2015 ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।



ਸੂਤਰਾਂ ਅਨੁਸਾਰ, ਬੋਰਡ ਦੇ ਕੁਝ ਮੈਂਬਰਾਂ ਨੇ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਦਿਆਂ ਤਰਕ ਦਿੱਤਾ ਕਿ ਉਸ ਦੇ ਅੱਤਵਾਦੀ ਕ੍ਰਿਤ ਕਾਰਨ ਬੇਗੁਨਾਹ ਲੋਕਾਂ ਦੀ ਜਾਨ ਗਈ ਸੀ। ਇਹ ਵੀ ਕਿਹਾ ਗਿਆ ਕਿ ਅਜਿਹੇ ਸਮੇਂ ਵਿੱਚ ਉਸ ਨੂੰ ਰਿਹਾਅ ਕਰਨਾ, ਜਦੋਂ ਵਿਦੇਸ਼ਾਂ ਅਤੇ ਪੰਜਾਬ ਵਿੱਚ ਖਾਲਿਸਤਾਨੀ ਪੱਖੀ ਆਵਾਜ਼ਾਂ ਮੁੜ ਉੱਠ ਰਹੀਆਂ ਹਨ, ਅਜਿਹੇ ਅਨਸਰਾਂ ਦੇ ਮਨੋਬਲ ਨੂੰ ਵਧਾ ਸਕਦਾ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ (ਬਾਕੀ ਸਫਾ 2 'ਤੇ)

### ਪ੍ਰੋ. ਭੁੱਲਰ ਦੀ ਰਿਹਾਈ ਪਟੀਸ਼ਨ ਰੱਦ ਕਰਨਾ ਸਿੱਖਾਂ ਨਾਲ ਬੇਇਨਸਾਫ਼ੀ : ਧਾਮੀ

ਅੰਮ੍ਰਿਤਸਰ, 10 ਫਰਵਰੀ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ 'ਤੇ ਚੱਲਦਿਆਂ ਸਿੱਖ ਭਾਵਨਾਵਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ ਕੈਦੀਆਂ ਦੀ (ਬਾਕੀ ਸਫਾ 2 'ਤੇ)

## ਲੋਕ ਸਭਾ ਸਪੀਕਰ ਓਮ ਬਿਰਲਾ ਖ਼ਿਲਾਫ਼ ਬੇਭਰੋਸਗੀ ਮਤੇ ਦਾ ਨੋਟਿਸ ਪੇਸ਼

### ਸਪੀਕਰ ਨੇ ਸਕੱਤਰ ਜਨਰਲ ਨੂੰ ਬੇਭਰੋਸਗੀ ਮਤੇ ਦੀ ਜਾਂਚ ਕਰਨ ਲਈ ਕਿਹਾ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ : ਬਜਟ ਸੈਸ਼ਨ ਦੇ 10ਵੇਂ ਦਿਨ ਮੰਗਲਵਾਰ ਨੂੰ ਲੋਕ ਸਭਾ ਵਿੱਚ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ, ਜਿਸ ਕਾਰਨ ਕਾਰਵਾਈ ਕਈ ਵਾਰ ਰੁਕੀ। ਸਵੇਰੇ 11 ਵਜੇ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਵਿਰੋਧੀ ਧਿਰ ਨੇ ਵੱਖ-ਵੱਖ ਮੁੱਦਿਆਂ 'ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਚਰਚਾ ਨਾ ਹੋਣ ਕਾਰਨ ਪੀ.ਸੀ. ਮੋਹਨ ਨੇ ਮਹਿਜ਼ ਇੱਕ ਮਿੰਟ ਬਾਅਦ ਹੀ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਜਦੋਂ 12 ਵਜੇ ਕਾਰਵਾਈ ਮੁੜ ਸ਼ੁਰੂ ਹੋਈ ਤਾਂ ਵੀ ਵਿਰੋਧੀ ਸੰਸਦ ਮੈਂਬਰਾਂ ਨੇ ਹੰਗਾਮਾ ਜਾਰੀ ਰੱਖਿਆ। ਸਦਨ ਵਿਚ ਵਿਰੋਧੀ ਧਿਰਾਂ ਨੇ ਮੁੜ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਲੋਕ ਸਭਾ ਦੀ ਕਾਰਵਾਈ ਦੋ ਵਜੇ ਤਕ ਮੁਲਤਵੀ ਕਰ ਦਿੱਤੀ ਗਈ। ਕਾਂਗਰਸ ਪਾਰਟੀ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦਾ ਨੋਟਿਸ ਦਿੱਤਾ ਹੈ। ਇਸ ਮਤੇ 'ਤੇ 118 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਕਾਂਗਰਸ ਦੇ ਸੰਸਦ ਮੈਂਬਰ ਗੌਰਵ ਗੋਗੋਈ



ਨੇ ਦੱਸਿਆ ਕਿ ਇਹ ਨੋਟਿਸ ਅੱਜ ਦੁਪਹਿਰ ਦੇ 1:14 ਵਜੇ ਪੇਸ਼ ਕੀਤਾ ਗਿਆ। ਲੋਕ ਸਭਾ ਵਿਚ ਅੱਜ ਸਵੇਰ ਤੋਂ ਦੁਪਹਿਰ ਤਕ ਹੰਗਾਮਾ ਚਲਦਾ ਰਿਹਾ ਤੇ ਦੋ ਵਜੇ ਸਦਨ ਮੁੜ ਜੁੜਿਆ। ਇਸ ਮੌਕੇ ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਲੋਕ ਸਭਾ ਸਪੀਕਰ ਸੱਤਾਪੱਖੀਆਂ ਦੇ ਦਬਾਅ ਹੇਠ ਕੰਮ ਕਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਉਣਾ ਚਾਹੀਦਾ ਹੈ। ਭਾਜਪਾ ਦੇ ਸੰਸਦ ਮੈਂਬਰਾਂ ਨੇ ਕਿਹਾ ਕਿ ਲੋਕ ਸਭਾ ਸਪੀਕਰ ਦੀ ਥਾਂ ਰਾਹੁਲ ਗਾਂਧੀ ਖਿਲਾਫ਼ ਬੇਭਰੋਸਗੀ ਮਤਾ ਲਿਆਉਣਾ ਚਾਹੀਦਾ ਹੈ। ਦੂਜੇ ਪਾਸੇ ਸਪੀਕਰ ਓਮ ਬਿਰਲਾ ਨੇ ਲੋਕ ਸਭਾ ਦੇ ਸਕੱਤਰ ਜਨਰਲ ਉਤਪਲ ਕੁਮਾਰ ਸਿੰਘ ਨੂੰ ਵਿਰੋਧੀ ਧਿਰਾਂ ਵਲੋਂ ਉਨ੍ਹਾਂ ਨੂੰ ਹਟਾਏ ਜਾਣ ਦੇ ਮਾਮਲੇ 'ਤੇ ਲਿਆਂਦੇ (ਬਾਕੀ ਸਫਾ 2 'ਤੇ)

### ਸਪੀਕਰ ਓਮ ਬਿਰਲਾ ਦਾ ਵੱਡਾ ਫ਼ੈਸਲਾ, ਨਹੀਂ ਜਾਣਗੇ ਲੋਕ ਸਭਾ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ :ਲੋਕ ਸਭਾ ਸਪੀਕਰ ਓਮ ਬਿਰਲਾ ਨੇ ਇਕ ਅਹਿਮ ਫੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਜਦੋਂ ਤੱਕ ਵਿਰੋਧੀ ਧਿਰ ਵੱਲੋਂ ਉਨ੍ਹਾਂ ਦੇ ਖਿਲਾਫ ਲਿਆਂਦੇ ਗਏ ਬੇਭਰੋਸਗੀ ਮਤੇ (ਹਟਾਉਣ ਦੇ ਪ੍ਰਸਤਾਵ) 'ਤੇ ਕੋਈ ਫੈਸਲਾ ਨਹੀਂ ਹੋ ਜਾਂਦਾ, ਉਹ ਸਦਨ 'ਚ ਨਹੀਂ ਜਾਣਗੇ।

ਸੂਤਰਾਂ ਅਨੁਸਾਰ, ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਇਸ ਪ੍ਰਸਤਾਵ 'ਤੇ ਸਦਨ 'ਚ ਚਰਚਾ ਅਤੇ ਫੈਸਲਾ ਨਹੀਂ ਹੁੰਦਾ, ਉਹ ਲੋਕ ਸਭਾ ਦੀ ਕਾਰਵਾਈ 'ਚ ਹਿੱਸਾ ਨਹੀਂ ਲੈਣਗੇ। ਸੂਤਰਾਂ ਅਨੁਸਾਰ, ਹਾਲਾਂਕਿ ਸੰਸਦੀ ਨਿਯਮਾਂ 'ਚ ਅਜਿਹੀ ਕੋਈ ਕਾਨੂੰਨੀ ਪਾਬੰਦੀ ਜਾਂ ਮਜਬੂਰੀ ਨਹੀਂ ਹੈ, ਫਿਰ ਵੀ ਓਮ ਬਿਰਲਾ ਨੇ ਨੈਤਿਕਤਾ ਦੇ ਆਧਾਰ 'ਤੇ ਖੁਦ ਹੀ ਇਹ ਫੈਸਲਾ ਲਿਆ ਹੈ। ਹਾਲਾਂਕਿ ਸਰਕਾਰ ਜਾਂ ਵਿਰੋਧੀ ਧਿਰ ਵੱਲੋਂ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ, ਪਰ ਉਨ੍ਹਾਂ ਨੇ ਆਪਣਾ ਰੁਖ ਸਪੱਸ਼ਟ ਕਰ ਦਿੱਤਾ ਹੈ।

ਵਿਰੋਧੀ ਧਿਰ ਦੇ ਬੇਭਰੋਸਗੀ ਮਤੇ 'ਤੇ 9 ਮਾਰਚ ਨੂੰ ਚਰਚਾ ਹੋ ਸਕਦੀ ਹੈ। 13 ਫਰਵਰੀ ਨੂੰ ਬਜਟ ਸੈਸ਼ਨ ਦੇ ਮੌਜੂਦਾ ਸੈਸ਼ਨ ਦਾ ਆਖ਼ਰੀ ਦਿਨ ਹੈ। ਇਸ ਤੋਂ ਬਾਅਦ 8 ਮਾਰਚ ਤੱਕ ਸਦਨ ਦੀ ਕਾਰਵਾਈ ਮੁਲਤਵੀ ਰਹੇਗੀ। ਇਸ ਪ੍ਰਕਿਰਿਆ ਦੇ ਤਹਿਤ, ਸਦਨ 'ਚ ਘੱਟੋ-ਘੱਟ 50 ਸੰਸਦ ਮੈਂਬਰਾਂ ਦਾ ਖੜ੍ਹੇ ਹੋ ਕੇ ਸਮਰਥਨ ਕਰਨਾ ਲਾਜ਼ਮੀ ਹੈ। ਜੇਕਰ ਇੰਨੇ ਮੈਂਬਰਾਂ ਦਾ ਸਮਰਥਨ ਮਿਲ ਜਾਂਦਾ ਹੈ, ਤਾਂ ਉਸੇ ਦਿਨ ਚਰਚਾ ਕਰਵਾਈ ਜਾ ਸਕਦੀ ਹੈ।

*10 ਲੱਖ ਰੁ. ਦੇ ਹੈਲਥ ਕਾਰਡ ਬਾਰੇ ਮੁੱਖ ਮੰਤਰੀ ਦਾ ਬਿਆਨ*

## ਅਫ਼ਵਾਹਾਂ 'ਚ ਨਾ ਆਓ, ਯੋਜਨਾ ਸ਼ੁਰੂ ਹੈ: ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 10 ਫਰਵਰੀ:ਪੰਜਾਬ ਵਿਚ 10 ਲੱਖ ਰੁਪਏ ਦੇ ਹੈਲਥ ਕਾਰਡ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਯੋਜਨਾ ਨੂੰ ਲੈ ਕੇ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ। ਮਰੀਜ਼ ਦੇ ਹਸਪਤਾਲ ਜਾਣ ਤੋਂ ਲੈ ਕੇ ਠੀਕ ਹੋ ਕੇ ਆਉਣ ਤੱਕ ਦਾ ਖਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਪੰਜਾਬ ਦੇ ਲੋਕਾਂ ਨੂੰ ਤੰਦਰੁਸਤ ਰੱਖਣਾ ਸਾਡੀ ਜ਼ਿੰਮੇਵਾਰੀ ਹੈ, ਜੇ ਕਾਰਡ ਹੋਣ ਦੇ ਬਾਵਜੂਦ ਕੋਈ ਪੈਸੇ ਮੰਗਦਾ ਹੈ ਤਾਂ ਸਾਨੂੰ ਜਾਣਕਾਰੀ ਦਿਓ। ਉਨ੍ਹਾਂ ਕਿਹਾ ਕਿ ਯੋਜਨਾ ਨੂੰ ਲੈ ਕੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਕਿਸੇ ਨੂੰ ਕਿਸੇ ਨੂੰ ਅਫ਼ਵਾਹਾਂ 'ਚ ਆਉਣ ਦੀ ਲੋੜ ਨਹੀਂ। ਮਾਨ ਨੇ ਸਪੱਸ਼ਟ ਕੀਤਾ ਕਿ ਇਸ ਯੋਜਨਾ ਤਹਿਤ ਹੁਣ ਕੋਈ ਵੀ ਪੰਜਾਬੀ ਪੈਸਿਆਂ ਦੀ ਘਾਟ ਕਾਰਨ ਬਿਹਤਰ ਇਲਾਜ ਤੋਂ ਵਾਂਝਾ ਨਹੀਂ ਰਹੇਗਾ। ਯੋਜਨਾ ਦੇ ਲਾਭਪਾਤਰੀਆਂ ਦੇ ਕਾਰਡ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਪੰਜਾਬ ਦੇ ਹਸਪਤਾਲਾਂ ਵਿੱਚ ਇਸ ਯੋਜਨਾ ਦੇ ਤਹਿਤ ਮਰੀਜ਼ਾਂ ਦਾ ਮੁਫ਼ਤ ਇਲਾਜ ਸ਼ੁਰੂ ਹੋ ਚੁੱਕਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਰੋਧੀ ਲੋਕ ਇਸ ਯੋਜਨਾ ਬਾਰੇ ਗਲਤ ਜਾਣਕਾਰੀ ਫੈਲਾ ਕੇ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ। ਵਿਰੋਧੀਆਂ ਵੱਲੋਂ ਕੀਤੇ ਜਾ ਰਹੇ ਦਾਅਵੇ ਬਿਲਕੁਲ ਗਲਤ ਅਤੇ ਬੇਬੁਨਿਆਦ ਹਨ। ਇਹ ਯੋਜਨਾ ਪੂਰੀ ਤਰ੍ਹਾਂ ਲਾਗੂ ਹੈ ਅਤੇ ਹਰ ਲੋੜਵੰਦ ਦੇ ਹਿੱਸੇ ਆਵੇਗੀ।



## ਜਨਰਲ ਨਰਵਣੇ ਦੀ ਕਿਤਾਬ ਆਨਲਾਈਨ ਉਪਲੱਬਧ ਹੈ: ਰਾਹੁਲ ਗਾਂਧੀ

### ਰਾਹੁਲ ਨੇ ਸਾਬਕਾ ਫ਼ੌਜ ਮੁਖੀ ਨਰਵਣੇ ਦੇ ਦਸੰਬਰ-2023 ਦੇ ਟਵੀਟ ਦਾ ਦਿੱਤਾ ਹਵਾਲਾ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ :ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਾਬਕਾ ਫ਼ੌਜ ਮੁਖੀ ਐਮ.ਐਮ. ਨਰਵਣੇ ਦੀ ਦਸੰਬਰ 2023 ਦੀ ਇੱਕ ਸੋਸ਼ਲ ਮੀਡੀਆ ਪੋਸਟ ਦਾ ਹਵਾਲਾ ਦੇ ਕੇ ਪ੍ਰਕਾਸ਼ਕ ਪੇਂਗੁਇਨ ਰੈਂਡਮ ਹਾਊਸ ਇੰਡੀਆ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਪੇਂਗੁਇਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਨਰਵਣੇ ਦੀਆਂ ਯਾਦਾਂ 'ਤੇ ਆਧਾਰਿਤ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਨਹੀਂ ਹੋਈ ਹੈ, ਜਦਕਿ ਰਾਹੁਲ ਗਾਂਧੀ ਮੁਤਾਬਕ ਨਰਵਣੇ ਨੇ ਖੁਦ 2023 ਵਿੱਚ ਇਸ ਦੇ 'ਉਪਲੱਬਧ' ਹੋਣ ਬਾਰੇ ਪੋਸਟ ਪਾਈ ਸੀ। ਗਾਂਧੀ ਨੇ ਸਾਫ਼ ਕਿਹਾ ਕਿ ਉਹ ਪੇਂਗੁਇਨ ਦੀ ਬਜਾਏ ਸਾਬਕਾ ਫ਼ੌਜ ਮੁਖੀ ਦੀ ਗੱਲ 'ਤੇ ਜ਼ਿਆਦਾ ਵਿਸ਼ਵਾਸ ਕਰਦੇ ਹਨ। ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ



ਰਾਹੁਲ ਗਾਂਧੀ ਨੇ ਜਨਰਲ ਨਰਵਣੇ ਦੀ ਸੋਸ਼ਲ ਮੀਡੀਆ ਵਾਲੀ ਪੋਸਟ ਪੜ੍ਹ ਕੇ ਸੁਣਾਈ, ਜਿਸ ਵਿੱਚ ਲਿਖਿਆ ਸੀ 'ਹੈਲੋ ਦੋਸਤੋ। ਮੇਰੀ ਕਿਤਾਬ ਹੁਣ ਉਪਲੱਬਧ ਹੈ। ਬੱਸ ਲਿੰਕ ਦਾ ਪਾਲਣ ਕਰੋ। ਪੜ੍ਹ ਕੇ ਖੁਸ਼ੀ ਹੋਵੇਗੀ। (ਬਾਕੀ ਸਫਾ 2 'ਤੇ)

### ਜਨਰਲ ਨਰਵਣੇ ਨੇ ਆਪਣੀ ਕਿਤਾਬ ਦੀ ਮੌਜੂਦਾ ਸਥਿਤੀ ਬਾਰੇ ਦਿੱਤੀ ਜਾਣਕਾਰੀ

ਨਵੀਂ ਦਿੱਲੀ, 10 ਫਰਵਰੀ (ਚ.ਨ.ਸ.):ਭਾਰਤ ਦੇ ਸਾਬਕਾ ਫ਼ੌਜ ਮੁਖੀ ਜਨਰਲ ਮਨੋਜ ਮੁਕੁੰਦ ਨਰਵਣੇ ਦੀ ਚਰਚਿਤ ਕਿਤਾਬ 'ਫੋਰ ਸਟਾਰਸ ਆਫ ਡੈਸਟੀਨੀ' ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਵਿਚਕਾਰ, ਉਨ੍ਹਾਂ ਨੇ ਪਹਿਲੀ ਵਾਰ ਆਪਣੀ ਚੁੱਪੀ ਤੋੜੀ ਹੈ। ਜਨਰਲ ਨਰਵਣੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਰਾਹੀਂ ਕਿਤਾਬ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਜਨਰਲ ਨਰਵਣੇ ਨੇ ਆਪਣੀ ਪੋਸਟ ਵਿੱਚ ਸਿਰਫ਼ 7 ਸ਼ਬਦਾਂ ਦੀ ਪ੍ਰਤੀਕਿਰਿਆ ਦਿੰਦਿਆਂ ਲਿਖਿਆ, (ਬਾਕੀ ਸਫਾ 2 'ਤੇ)

*ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਦਾ ਰਾਹ ਰੋਕਣ ਦੀ ਵੀਡੀਓ ਜਾਰੀ*

## ਜੇ ਭਾਜਪਾ ਸਾਂਸਦਾਂ ਨੂੰ ਰੋਕਿਆ ਨਾ ਹੁੰਦਾ ਤਾਂ ਹਾਲਾਤ ਖਰਾਬ ਹੋ ਜਾਂਦੇ: ਰਿਜਿਜੂ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ : ਲੋਕ ਸਭਾ ਵਿੱਚ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਿਹਾ ਰੌਲਾ ਰੱਪਾ ਅੱਜ ਉਸ ਵੇਲੇ ਹੋਰ ਵਧ ਗਿਆ ਜਦੋਂ ਸਰਕਾਰ ਨੇ ਸਦਨ ਅੰਦਰ ਦੀ ਇੱਕ ਵੀਡੀਓ ਫੁਟੇਜ ਜਾਰੀ ਕੀਤੀ। ਇਸ ਵੀਡੀਓ ਵਿੱਚ ਵਿਰੋਧੀ ਧਿਰ ਦੀਆਂ ਮਹਿਲਾ ਸੰਸਦ ਮੈਂਬਰਾਂ ਹੱਥਾਂ ਵਿੱਚ ਬੈਨਰ ਫੜ ਕੇ ਸੱਤਾ ਪੱਖ ਵਾਲੇ ਪਾਸੇ ਜਾਂਦੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਸਤੇ ਨੂੰ ਰੋਕਦੀਆਂ ਦਿਖਾਈ ਦੇ ਰਹੀਆਂ ਹਨ। ਇਹ (ਬਾਕੀ ਸਫਾ 2 'ਤੇ)

### ਹਾਈਕੋਰਟ ਵੱਲੋਂ 'ਆਪ' ਵਿਧਾਇਕ ਪਠਾਨਮਾਜਰਾ ਵਿਰੁੱਧ ਪਰਚਾ ਅਤੇ ਸੰਮਨ ਰੱਦ

ਚੰਡੀਗੜ੍ਹ, 10 ਫਰਵਰੀ (ਚ.ਨ.ਸ.): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਹਰਮੀਤ ਸਿੰਘ ਪਠਾਨਮਾਜਰਾ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਵਿਰੁੱਧ ਦਰਜ ਐਫ.ਆਈ.ਆਰ. ਅਤੇ ਉਸ ਤੋਂ ਬਾਅਦ ਜਾਰੀ ਕੀਤੇ ਗਏ ਸੰਮਨ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਪਠਾਨਮਾਜਰਾ 'ਤੇ ਆਪਣੇ ਚੋਣ ਹਲਫ਼ਨਾਮੇ ਵਿੱਚ ਗਲਤ ਜਾਣਕਾਰੀ ਦੇਣ ਦੇ ਦੋਸ਼ ਲੱਗੇ ਸਨ। ਹਰਮੀਤ ਸਿੰਘ ਪਠਾਨਮਾਜਰਾ ਨੇ ਸਨੌਰ ਵਿਧਾਨ ਸਭਾ ਹਲਕੇ ਤੋਂ 'ਆਪ' ਉਮੀਦਵਾਰ ਵਜੋਂ ਚੋਣ ਲੜੀ ਸੀ। ਉਸ ਸਮੇਂ ਹਲਕੇ ਦੇ ਰਿਟਰਨਿੰਗ ਅਫ਼ਸਰ ਨੇ ਦੋਸ਼ ਲਾਇਆ ਸੀ ਕਿ ਪਠਾਨਮਾਜਰਾ ਨੇ ਨਾਮਜ਼ਦਗੀ ਪੱਤਰਾਂ ਨਾਲ ਦਿੱਤੇ ਫਾਰਮ-26 ਹਲਫ਼ਨਾਮੇ ਵਿੱਚ ਗਲਤ ਜਾਣਕਾਰੀ ਭਰੀ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ (ਬਾਕੀ ਸਫਾ 2 'ਤੇ)

*ਟੀ-20 ਵਿਸ਼ਵ ਕੱਪ 'ਚ ਗੁਆਂਢੀ ਦੇਸ਼ ਦਾ ਯੂ-ਟਰਨ*

## ਪਾਕਿ ਵੱਲੋਂ ਭਾਰਤ ਨਾਲ ਮੈਚ ਦੇ ਬਾਈਕਾਟ ਦਾ ਫ਼ੈਸਲਾ ਵਾਪਸ

### 15 ਫਰਵਰੀ ਨੂੰ ਹੋਵੇਗਾ ਭਾਰਤ ਤੇ ਪਾਕਿਸਤਾਨ ਦਾ ਮੈਚ

ਚੜ੍ਹਦੀਕਲਾ ਬਿਊਰੋ

================

ਇਸਲਾਮਾਬਾਦ/ਢਾਕਾ, 10 ਫਰਵਰੀ : ਕ੍ਰਿਕਟ ਪ੍ਰੇਮੀਆਂ ਲਈ ਇੱਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਪਾਕਿਸਤਾਨ ਸਰਕਾਰ ਨੇ ਟੀ-20 ਵਿਸ਼ਵ ਕੱਪ ਵਿੱਚ ਭਾਰਤ ਵਿਰੁੱਧ ਹੋਣ ਵਾਲੇ ਮੈਚ ਦੇ ਬਾਈਕਾਟ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਹੁਣ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਹ ਰੋਮਾਂਚਕ ਮੁਕਾਬਲਾ ਆਪਣੀ ਨਿਰਧਾਰਤ ਮਿਤੀ ਅਨੁਸਾਰ 15 ਫਰਵਰੀ ਨੂੰ ਕੋਲੰਬੋ ਵਿੱਚ ਹੋਵੇਗਾ। ਇਹ ਫੈਸਲਾ ਬੰਗਲਾਦੇਸ਼ ਅਤੇ ਸ੍ਰੀਲੰਕਾ ਦੀ ਅਪੀਲ ਅਤੇ ਸਿਆਸੀ ਦਖ਼ਲ ਤੋਂ ਬਾਅਦ ਲਿਆ ਗਿਆ ਹੈ। ਪਾਕਿਸਤਾਨ ਸਰਕਾਰ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਪਣੇ ਦੋਸਤ ਦੇਸ਼ਾਂ ਦੀ ਅਪੀਲ ਅਤੇ ਖੇਡ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਆਪਣੀ ਟੀਮ ਨੂੰ ਮੈਦਾਨ ਵਿੱਚ ਉਤਾਰਨ ਦਾ ਫੈਸਲਾ ਕੀਤਾ ਹੈ। ਇਸ




ਤੋਂ ਪਹਿਲਾਂ ਸ੍ਰੀਲੰਕਾ ਦੇ ਰਾਸ਼ਟਰਪਤੀ ਅਤੇ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਮੁਖੀ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨਾਲ ਗੱਲਬਾਤ ਕਰਕੇ ਇਸ ਮਾਮਲੇ ਨੂੰ ਸੁਲਝਾਉਣ ਦੀ ਅਪੀਲ ਕੀਤੀ ਸੀ। (ਬਾਕੀ ਸਫਾ 2 'ਤੇ)

### ਹਾਈ ਕੋਰਟ ਵੱਲੋਂ ਮਨਪ੍ਰੀਤ ਬਾਦਲ ਨੂੰ ਰੈਗੂਲਰ ਜ਼ਮਾਨਤ

ਚੰਡੀਗੜ੍ਹ, 10 ਫਰਵਰੀ (ਚ.ਨ.ਸ.):ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੂੰ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਬਠਿੰਡਾ ਵਿਕਾਸ ਅਥਾਰਿਟੀ ਦੇ ਤਤਕਾਲੀ ਪੀ.ਸੀ.ਐਸ. ਅਧਿਕਾਰੀ ਬਿਕਰਮਜੀਤ ਸਿੰਘ ਅਤੇ ਅਥਾਰਿਟੀ ਦੇ ਸੁਪਰਡੈਂਟ ਪੰਕਜ ਕਾਲੀਆ ਨੂੰ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਰੇਂਜ ਬਠਿੰਡਾ ਨੇ ਮਨਪ੍ਰੀਤ ਬਾਦਲ ਤੇ ਹੋਰਨਾਂ ਖ਼ਿਲਾਫ਼ 23 ਸਤੰਬਰ, 2023 ਨੂੰ ਮੁਕੱਦਮਾ ਦਰਜ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਨਪ੍ਰੀਤ ਬਾਦਲ ਅਤੇ ਬਾਕੀ ਅਧਿਕਾਰੀਆਂ ਨੂੰ 16 ਅਕਤੂਬਰ 2023 ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਜਸਟਿਸ ਅਮਨ ਚੌਧਰੀ ਦੀ ਅਦਾਲਤ 'ਚ ਅੱਜ ਸੁਣਵਾਈ ਮੌਕੇ ਪੰਜਾਬ ਸਰਕਾਰ ਤਰਫ਼ੋਂ (ਬਾਕੀ ਸਫਾ 2 'ਤੇ)

*ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਦਾ ਮਾਮਲਾ*

## ਦਿੱਲੀ ਹਾਈ ਕੋਰਟ ਨੇ ਡੀ.ਯੂ. ਨੂੰ ਜਵਾਬ ਲਈ ਦਿੱਤਾ 3 ਹਫ਼ਤਿਆਂ ਦਾ ਸਮਾਂ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਫਰਵਰੀ :ਦਿੱਲੀ ਹਾਈ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗ੍ਰੈਜੂਏਸ਼ਨ ਡਿਗਰੀ ਦੇ ਵੇਰਵੇ ਜਨਤਕ ਕਰਨ ਤੋਂ ਇਨਕਾਰ ਕਰਨ ਵਾਲੇ ਹੁਕਮ ਵਿਰੁੱਧ ਅਪੀਲ ਦਾਇਰ ਕਰਨ 'ਚ ਹੋਈ ਦੇਰੀ 'ਤੇ ਇਤਰਾਜ਼ ਦਰਜ ਕਰਨ ਲਈ ਦਿੱਲੀ ਯੂਨੀਵਰਸਿਟੀ (ਡੀ.ਯੂ.) ਨੂੰ ਮੰਗਲਵਾਰ ਨੂੰ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਚੀਫ਼ ਜਸਟਿਸ ਡੀ.ਕੇ. ਉਪਾਧਿਆਏ ਤੇ ਜਸਟਿਸ ਤੇਜਸ ਕਰੀਆ ਦੀ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 27 ਅਪ੍ਰੈਲ ਲਈ ਤੈਅ ਕੀਤੀ ਹੈ। ਦਿੱਲੀ ਯੂਨੀਵਰਸਿਟੀ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਇਸ ਮਾਮਲੇ 'ਚ ਕੋਈ ਦਮ ਨਹੀਂ ਹੈ ਤੇ ਇਸ ਦਾ ਅਸਲ ਮਕਸਦ ਸਿਰਫ਼ ਸਨਸਨੀ ਫੈਲਾਉਣਾ ਹੈ। ਉਨ੍ਹਾਂ ਨੇ ਸਿੰਗਲ ਬੈਂਚ ਦੇ ਅਗਸਤ 2025 ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਅਪੀਲ 'ਚ ਹੋਈ ਦੇਰੀ ਤੇ ਮਾਮਲੇ ਦੇ ਗੁਣ-ਦੋਸ਼ਾਂ 'ਤੇ ਜਵਾਬ ਦਾਖਲ ਕਰਨ ਲਈ ਸਮਾਂ ਮੰਗਿਆ। ਦੂਜੇ ਪਾਸੇ, ਅਪੀਲਕਰਤਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨੇ ਇਤਰਾਜ਼ ਜਤਾਇਆ ਕਿ ਦਿੱਲੀ ਯੂਨੀਵਰਸਿਟੀ ਨੂੰ ਸਮਾਂ ਦਿੱਤੇ ਜਾਣ ਦੇ ਢਾਈ ਮਹੀਨੇ ਬਾਅਦ ਵੀ ਕੋਈ ਇਤਰਾਜ਼ ਦਰਜ ਨਹੀਂ ਕਰਵਾਇਆ (ਬਾਕੀ ਸਫਾ 2 'ਤੇ)



### ਕੈਪਟਨ ਅਮਰਿੰਦਰ ਸਿੰਘ ਦੇ ਗੋਡੇ ਦਾ ਸਫ਼ਲ ਆਪ੍ਰੇਸ਼ਨ



ਮੋਹਾਲੀ, 10 ਫਰਵਰੀ (ਬਾਬੂਸ਼ਾਹੀ ਡਾਟ ਕਾਮ): ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਗੋਡੇ ਦੀ ਸਮੱਸਿਆ ਸਬੰਧੀ ਬੀਤੇ ਦਿਨੀਂ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਬੀਤੇ ਦਿਨੀਂ ਦਾਖ਼ਲ ਹੋਏ ਸੀ ਅਤੇ ਜਿੱਥੇ ਅੱਜ ਉਨ੍ਹਾਂ ਦੇ ਗੋਡਾ ਬਦਲਣ ਦੀ ਸਰਜਰੀ ਹੋ ਗਈ ਅਤੇ ਉਨ੍ਹਾਂ ਨੂੰ ਆਈ.ਸੀ.ਯੂ. ਵਿੱਚ ਸ਼ਿਫਟ ਕਰ ਦਿੱਤਾ ਗਿਆ। ਡਾਕਟਰਾਂ ਦੀ ਇੱਕ ਮਾਹਿਰ ਟੀਮ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਕਰ ਰਹੀ ਹੈ।

## ਪੰਜਾਬ 'ਚ 14 ਫਰਵਰੀ ਤੱਕ ਮੌਸਮ ਰਹੇਗਾ ਖ਼ੁਸ਼ਕ, ਚੱਲਣਗੀਆਂ ਤੇਜ਼ ਹਵਾਵਾਂ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 10 ਫਰਵਰੀ :ਪੰਜਾਬ ਵਿਚ ਠੰਢ ਦਾ ਕਹਿਰ ਹੌਲੀ-ਹੌਲੀ ਘਟਣਾ ਸ਼ੁਰੂ ਹੋ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਸੂਬੇ ਦੇ ਤਾਪਮਾਨ ਵਿਚ ਵਾਧਾ ਹੋਵੇਗਾ। ਮੌਸਮ ਨੂੰ ਲੈ ਕੇ ਆਈ.ਐਮ.ਡੀ. ਵਿਭਾਗ ਵੱਲੋਂ ਵੱਡੀ ਭਵਿੱਖਬਾਣੀ ਕੀਤੀ ਗਈ ਹੈ ਕਿ ਅੱਜ ਤੋਂ ਲੈ ਕੇ 14 ਫਰਵਰੀ ਤੱਕ ਮੌਸਮ ਖ਼ੁਸ਼ਕ ਰਹੇਗਾ। ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਲਈ ਧੁੰਦ ਦਾ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਪਰ ਤੇਜ਼ ਹਵਾਵਾਂ ਜ਼ਰੂਰ ਚੱਲਣਗੀਆਂ। ਇਸ ਦੇ ਨਾਲ ਹੀ ਅੱਜ ਕੁਝ ਜ਼ਿਲ੍ਹਿਆਂ ਵਿਚ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਉਥੇ ਹੀ ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਨੇ ਕਿਹਾ ਕਿ ਅਗਲੇ 5 ਦਿਨਾਂ ਤੱਕ ਮੌਸਮ ਖ਼ੁਸ਼ਕ ਰਹਿਣ ਦੀ ਉਮੀਦ ਹੈ। ਅਗਲੇ 48 ਘੰਟਿਆਂ ਦੌਰਾਨ ਘੱਟੋ-ਘੱਟ ਤਾਪਮਾਨ 2 ਤੋਂ 3 ਡਿਗਰੀ ਸੈਲਸੀਅਸ ਵਧ ਸਕਦਾ ਹੈ। ਇਸ ਤੋਂ ਬਾਅਦ ਕੋਈ ਵੱਡਾ ਬਦਲਾਅ ਹੋਣ ਦੀ ਉਮੀਦ ਨਹੀਂ ਹੈ। ਤਾਪਮਾਨ 'ਚ ਬਹੁਤ ਜ਼ਿਆਦਾ ਉਤਰਾਅ-ਚੜ੍ਹਾਅ ਨਹੀਂ ਹੋਣ ਵਾਲਾ ਹੈ ਅਤੇ ਇਸ ਦੇ ਬਾਅਦ 11 ਤਾਰੀਖ਼ ਤੋਂ ਤਾਪਮਾਨ ਵਿਚ ਹਲਕਾ ਵਾਧਾ ਹੋ ਸਕਦਾ ਹੈ।

ਮੌਸਮ ਵਿਭਾਗ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਜਾਣਕਾਰੀ ਵਿਚ ਅੱਜ ਪੰਜਾਬ ਦੇ ਕੁਝ ਹਿੱਸਿਆਂ ਵਿਚ ਹਲਕੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਹੁਸ਼ਿਆਰਪੁਰ, ਪਠਾਨਕੋਟ, ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਹਾਲਕੀ ਬਾਰਿਸ਼ ਹੋ ਸਕਦੀ ਹੈ। ਜੇਕਰ ਗੱਲ ਕੀਤੀ ਜਾਵੇ ਪੰਜਾਬ ਦੇ ਤਾਪਮਾਨ ਦੀ ਤਾਂ ਪੰਜਾਬ ਦੇ ਜ਼ਿਲ੍ਹਿਆਂ (ਬਾਕੀ ਸਫਾ 2 'ਤੇ)

## ਹਰਪਾਲ ਚੀਮਾ ਨੂੰ ਉਪ ਮੁੱਖ ਮੰਤਰੀ ਬਣਾਉਣ ਦੀਆਂ ਤਿਆਰੀਆਂ

### ਸੰਜੀਵ ਅਰੋੜਾ ਵੀ ਦੌੜ 'ਚ, ਪਾਰਟੀ 2022 ਦਾ ਵਾਅਦਾ ਕਰਨਾ ਚਾਹੁੰਦੀ ਹੈ ਪੂਰਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ,10 ਫਰਵਰੀ: ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਜਲਦੀ ਹੀ ਇੱਕ ਉਪ ਮੁੱਖ ਮੰਤਰੀ ਹੋ ਸਕਦਾ ਹੈ। ਇਹ ਇਸ ਲਈ ਹੈ ਕਿਉਂਕਿ ਸੱਤਾਧਾਰੀ 'ਆਪ' 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਮਾਜਿਕ ਸਬੰਧਾਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਅਰਵਿੰਦ ਕੇਜਰੀਵਾਲ ਦੇ 2017 ਦੇ ਚੋਣ ਵਾਅਦੇ ਨੂੰ ਪੂਰਾ ਕਰਨਾ ਚਾਹੁੰਦੀ ਹੈ। ਸੰਭਾਵਨਾ ਹੈ ਕਿ ਪਾਰਟੀ ਦਲਿਤ ਭਾਈਚਾਰੇ ਦੇ ਕਿਸੇ ਵਿਅਕਤੀ ਨੂੰ ਉਪ ਮੁੱਖ ਮੰਤਰੀ ਨਿਯੁਕਤ ਕਰ ਸਕਦੀ ਹੈ।

ਪਾਰਟੀ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਰੁੱਝੀ ਹੋਈ ਹੈ। ਮੁਫ਼ਤ ਬਿਜਲੀ ਅਤੇ ਮੁਫ਼ਤ ਤੀਰਥ ਯਾਤਰਾ



ਯੋਜਨਾਵਾਂ ਤੋਂ ਬਾਅਦ, ਆਮ ਆਦਮੀ ਪਾਰਟੀ ਹੁਣ ਆਉਣ ਵਾਲੇ ਵਿੱਤੀ ਸਾਲ ਵਿੱਚ ਸੂਬੇ ਵਿੱਚ ਮਹਿਲਾ ਵੋਟਰਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਦੇਣ ਲਈ ਇੱਕ ਯੋਜਨਾ ਸ਼ੁਰੂ ਕਰਨ ਦੀ ਤਿਆਰੀ



ਕਰ ਰਹੀ ਹੈ। ਮੁੱਖ ਮੰਤਰੀ ਮਾਨ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਇਸ ਯੋਜਨਾ ਲਈ ਰਾਜ ਦੇ ਸਾਲਾਨਾ ਬਜਟ ਵਿੱਚ ਪ੍ਰਬੰਧ ਕੀਤਾ ਜਾਵੇਗਾ। ਪਾਰਟੀ ਦੇ ਅੰਦਰੂਨੀ ਸੂਤਰਾਂ ਦੀ ਚਰਚਾ ਹੈ ਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਹੁਣ ਉਪ ਮੁੱਖ ਮੰਤਰੀ ਦੀ ਨਿਯੁਕਤੀ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਪਤਾ ਲੱਗਾ ਹੈ ਕਿ ਕੇਜਰੀਵਾਲ ਨੇ ਸੂਬੇ ਦੇ ਆਗੂਆਂ ਨਾਲ ਕਈ ਮੀਟਿੰਗਾਂ ਕੀਤੀਆਂ ਹਨ ਅਤੇ ਇਸ ਮੁੱਦੇ 'ਤੇ ਚਰਚਾ ਕੀਤੀ ਹੈ। ਇੱਕ ਸੂਤਰ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਉਦਯੋਗ ਮੰਤਰੀ ਸੰਜੀਵ ਅਰੋੜਾ ਇਸ ਅਹੁਦੇ ਲਈ ਸਭ ਤੋਂ ਅੱਗੇ ਸਨ। ਸੂਤਰ ਨੇ ਦੱਸਿਆ, 'ਪਾਰਟੀ ਅਨੁਸੂਚਿਤ ਜਾਤੀ ਭਾਈਚਾਰੇ ਤੋਂ ਇੱਕ ਉਪ ਮੁੱਖ ਮੰਤਰੀ ਚਾਹੁੰਦੀ ਹੈ, ਜੋ ਕਿ ਰਾਜ ਦੀ ਆਬਾਦੀ ਦਾ 32 ਪ੍ਰਤੀਸ਼ਤ ਤੋਂ ਵੱਧ ਬਣਦਾ ਹੈ। ਸੱਤਾਧਾਰੀ ਪਾਰਟੀ ਲਈ ਲਗਾਤਾਰ ਦੂਜੀ ਵਾਰ ਸੱਤਾ ਬਰਕਰਾਰ ਰੱਖਣ ਦੀ ਕੋਸ਼ਿਸ਼ ਵਿੱਚ ਉਨ੍ਹਾਂ ਨੂੰ ਖੁਸ਼ ਕਰਨਾ ਇੱਕ ਚੁਣੌਤੀਪੂਰਨ ਕੰਮ ਹੋਵੇਗਾ।' (ਬਾਕੀ ਸਫਾ 2 'ਤੇ)

## ਗਵਾਲੀਅਰ 'ਚ ਕਲਸ਼ ਯਾਤਰਾ ਦੌਰਾਨ ਮਚੀ ਭਾਜੜ ਦੌਰਾਨ ਔਰਤ ਦੀ ਮੌਤ, ਕਈ ਹੋਰ ਜ਼ਖ਼ਮੀ



ਚੜ੍ਹਦੀਕਲਾ ਬਿਊਰੋ

================

ਗਵਾਲੀਅਰ (ਮੱਧ ਪ੍ਰਦੇਸ਼), 10 ਫਰਵਰੀ : ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਦੇ ਡਾਬਰਾ ਕਸਬੇ ਵਿੱਚ ਮੰਗਲਵਾਰ ਨੂੰ ਇੱਕ ਧਾਰਮਿਕ ਸਮਾਗਮ ਦੌਰਾਨ ਭਗਦੜ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਅਤੇ ਇੱਕ ਕੁੜੀ ਸਮੇਤ ਸੱਤ ਲੋਕ ਜ਼ਖਮੀ ਹੋ ਗਏ, ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗਵਾਲੀਅਰ ਤੋਂ ਲਗਭਗ 45 ਕਿਲੋਮੀਟਰ ਦੂਰ ਡਾਬਰਾ ਵਿੱਚ ਸਾਬਕਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਨਰੋਤਮ ਮਿਸ਼ਰਾ ਵੱਲੋਂ ਬਣਾਏ ਗਏ ਨਵਗ੍ਰਹਿ ਮੰਦਰ ਦੇ ਪਵਿੱਤਰ ਸਮਾਰੋਹ ਦੇ ਮੌਕੇ 'ਤੇ ਮੰਗਲਵਾਰ ਨੂੰ (ਬਾਕੀ ਸਫਾ 2 'ਤੇ)

# ਭਾਰਤ-ਅਮਰੀਕਾ ਵਪਾਰ ਸਮਝੌਤਾ ਕਿਸਾਨਾਂ ਲਈ ਕਵਚ ਤੇ ਉਦਯੋਗਾਂ ਲਈ ਮੌਕਾ: ਜਾਖੜ

## 'ਘੱਟ ਟੈਰਿਫ਼ ਨਾਲ ਅਮਰੀਕੀ ਬਾਜ਼ਾਰ ਤੱਕ ਵੱਡੀ ਪਹੁੰਚ, ਪੰਜਾਬ ਦੀ ਅਰਥਵਿਵਸਥਾ ਨੂੰ ਮਿਲੇਗਾ ਹੁੰਗਾਰਾ'

ਅੰਮ੍ਰਿਤਸਰ, 10 ਫਰਵਰੀ (ਬਬਲੂ ਮਹਾਜਨ) : ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਭਾਰਤ ਅਮਰੀਕਾ ਵਪਾਰ ਸਮਝੌਤਾ ਵਿਚ ਦੇਸ਼ ਦੇ ਕਿਸਾਨਾਂ ਨੂੰ ਕੱਵਚ ਮੁਹੱਈਆ ਕਰਵਾਉਂਦੇ ਹੋਏ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਤਰੱਕੀ ਦੀ ਦਰਵਾਜ਼ੇ ਖੋਲ੍ਹ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਦੇਸ਼ ਨੂੰ ਉੱਨਤੀ ਦੀਆਂ ਨਵੀਆਂ ਮੰਜਿਲਾਂ ਤੱਕ ਲੈਕੇ ਜਾਣ ਲਈ ਰਨਵੇਅ ਵਾਂਗ ਕੰਮ ਕਰੇਗਾ। ਉਹ ਅੱਜ ਇੱਥੇ ਪੱਤਰਕਾਰ ਮਿਲਣੀ ਨੂੰ ਸੰਬੋਧਨ ਕਰ ਰਹੇ ਸਨ।

ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਆਪਣੇ ਲੋਕਾਂ ਅਤੇ ਖਾਸ ਕਰਕੇ ਕਿਸਾਨਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਸਮਝਦੀ ਹੈ ਅਤੇ ਇਸ ਲਈ ਉਹ ਲੋਕਾਂ ਨੂੰ ਇਸ ਵਪਾਰ ਸਮਝੌਤੇ ਦੇ ਵੱਖ ਵੱਖ ਪੱਖਾਂ ਤੋਂ ਜਾਣੂ ਕਰਵਾ ਰਹੇ ਹਨ। ਉਨ੍ਹਾਂ ਨੇ ਵਿਰੋਧੀ ਧਿਰਾਂ ਨੂੰ ਇਸ ਸਮਝੌਤੇ ਪ੍ਰਤੀ ਗੁੰਮਰਾਹਕੁੰਨ ਪ੍ਰਚਾਰ ਕਰਨ ਤੋਂ ਵਰਜਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੁਸ਼ਕਿਲ ਕੌਮਾਂਤਰੀ ਸੂਰਤੇਹਾਲ ਵਿਚ ਦੇਸ਼ ਹਿੱਤ ਵਿਚ ਸਮਝੌਤਾ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ।

ਭਾਜਪਾ ਪ੍ਰਧਾਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਮੇਕ ਅਮਰੀਕਾ ਗ੍ਰੇਟ ਅਗੇਨ, ਐਮਏਜੀਏ (ਮਾਗਾ) (ਅਮਰੀਕਾ ਨੂੰ ਮੁੜ ਮਹਾਨ ਬਣਾਓ) ਦੇ ਸਿਧਾਂਤ 'ਤੇ ਕੰਮ ਕਰ ਰਹੇ ਹਨ,



ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਕ ਇੰਡੀਆ ਗ੍ਰੇਟ ਅਗੇਨ ਮਿਗਾ (ਮਿਗ) (ਭਾਰਤ ਨੂੰ ਮਹਾਨ ਬਣਾਓ) ਦੀ ਨੀਤੀ 'ਤੇ ਚੱਲਦਿਆਂ ਇਹ ਸਮਝੌਤਾ ਇਸ ਤਰੀਕੇ ਨਾਲ ਕੀਤਾ ਹੈ ਕਿ ਇਸਤੋਂ ਸਾਡਾ ਖੇਤੀ ਸੈਕਟਰ ਪੂਰੀ ਤਰਾਂ ਸੁਰੱਖਿਅਤ ਰਹੇ। ਪਰ ਅਸੀਂ ਅਮਰੀਕਾ ਨੂੰ ਆਪਣੇ ਉਦਯੋਗਿਕ ਉਤਪਾਦ ਵੇਚ ਸਕੀਏ ਅਤੇ ਉਸਤੋਂ ਆਪਣੇ ਜਰੂਰਤ ਦੀ ਨਵੀਂ ਟੈਕਨੋਲੋਜੀ ਖਰੀਦ ਸਕੀਏ। ਉਨ੍ਹਾਂ ਨੇ ਕਿਹਾ ਪ੍ਰਧਾਨ ਮੰਤਰੀ ਨੇ ਅਸਲ ਵਿਚ ਕੌਮਾਂਤਰੀ ਮੰਚ 'ਤੇ ਚੱਲ ਰਹੀਆਂ ਮੁਸ਼ਕਿਲ ਪ੍ਰਸਥਿਤੀਆਂ ਨੂੰ ਦੇਸ਼ ਲਈ ਇਕ ਮੌਕੇ ਵਿਚ ਤਬਦੀਲ ਕੀਤਾ ਹੈ ਅਤੇ ਇਸ ਸਮਝੌਤੇ ਤੋਂ ਬਾਅਦ ਹੁਣ ਅਮਰੀਕਾ ਵਿਚ ਸਾਡੇ ਸਮਾਨ ਤੇ ਸਾਡੇ ਮੁਕਾਬਲੇ ਦੇ ਹੋਰ ਮੁਕਾਬਲੇ ਦੇ ਮੁਲਕਾਂ ਦੇ ਸੰਦਰਭ ਵਿਚ ਸਭ ਤੋਂ ਘੱਟ ਟੈਰਿਫ ਹੈ। ਭਾਵ ਅਸੀਂ ਦੂਜੇ ਮੁਲਕਾਂ ਨੂੰ ਟੱਕਰ ਦੇ ਕੇ ਅਮਰੀਕਾ ਦੇ ਬਜ਼ਾਰਾਂ ਤੱਕ ਆਪਣੀ ਜਿਆਦਾ ਪਹੁੰਚ ਬਣਾ ਸਕਾਂਗੇ। ਇਸ ਨਾਲ ਸਾਡੀ ਇੰਡਸਟਰੀ ਅਤੇ ਟਰੇਡ ਨੂੰ ਵੱਡਾ ਹੁੰਗਾਰਾ ਮਿਲੇਗਾ।

ਸੂਬਾ ਭਾਜਪਾ ਪ੍ਰਧਾਨ ਨੇ ਕਿਹਾ ਕਿ ਇਕ ਪਾਸੇ ਜਿੱਥੇ ਇਹ ਸਮਝੌਤਾ ਸਾਡੇ ਉਦਯੋਗਾਂ ਅਤੇ ਵਣਜ ਲਈ ਤਰੱਕੀ ਦੇ ਰਾਹ ਖੋਲ੍ਹੇਗਾ ਅਤੇ ਦੇਸ਼ ਵਿਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗਾ ਉਥੇ ਹੀ ਸਰਕਾਰ ਨੇ ਇਸ ਸਮਝੌਤੇ ਨੂੰ ਇਸ ਤਰਾਂ ਕੀਤਾ ਹੈ ਕਿ ਸਾਡੇ ਕਿਸਾਨਾਂ ਦੇ ਦੁਆਲੇ ਇਕ ਸੁਰੱਖਿਅਤ ਲਕਸ਼ਮਣ ਰੇਖਾ ਬਣਾਈ ਹੈ ਅਤੇ ਉਨ੍ਹਾਂ ਦੇ ਹਿੱਤ ਸੁਰੱਖਿਅਤ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਇਕ ਲੀਡਰ ਤੋਂ ਪਹਿਲਾਂ ਇਕ ਕਿਸਾਨ ਹਨ ਅਤੇ ਇਕ ਕਿਸਾਨ ਹੋਣ ਨਾਤੇ ਦਾਅਵੇ ਨਾਲ ਕਹਿ ਰਹੇ ਹਨ ਕਿ ਇਸ ਨਾਲ ਪੰਜਾਬ ਦੇ ਕਿਸੇ ਵੀ ਕਿਸਾਨ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ। ਉਨ੍ਹਾਂ ਨੇ ਕਿਹਾ ਕਿ ਜੋ ਫਸਲਾਂ ਪੰਜਾਬ ਦੇ ਕਿਸਾਨ ਪੈਦਾ ਕਰਦੇ ਹਨ ਉਨ੍ਹਾਂ ਨੂੰ ਇਸ ਸਮਝੌਤੇ ਤੋਂ ਬਾਹਰ ਰੱਖਿਆ ਗਿਆ ਹੈ। "ਇਸੇ ਤਰਾਂ ਇਹ ਸਮਝੌਤਾ ਜਿੱਥੇ ਸਾਡੇ ਕਿਸਾਨਾਂ ਨੂੰ ਸੁਰੱਖਿਆ ਦਿੰਦਾ ਹੈ ਉੱਥੇ ਹੀ ਇਹ ਕਿਸਾਨੀ ਦੀ ਅਗਲੀ ਪੀੜ੍ਹੀ ਜੋ ਖੇਤੀ ਤੋਂ ਹਟ ਕੇ ਹੋਰ ਕਿੱਤਿਆਂ ਵਿਚ ਆ ਰਹੀ ਹੈ ਲਈ ਰੋਜ਼ਗਾਰ ਦੇ ਨਵੇਂ ਮੌਕੇ ਵੀ ਖੋਲ੍ਹੇਗਾ*। ਇਸ ਤਹਿਤ ਭਾਰਤ ਤੋਂ 1 ਬੀਲੀਅਨ ਡਾਲਰ ਦੇ ਖੇਤੀ ਸਮਾਨ ਅਮਰੀਕਾ ਨੂੰ ਜੀਰੋ ਫਿਸਦੀ ਟੈਰਿਫ ਦੀ ਦਰ ਨਾਲ ਨਿਰਯਾਤ ਵੀ ਹੋਣਗੇ।

ਸੁਨੀਲ ਜਾਖੜ ਨੇ ਕਿਹਾ ਅਮਰੀਕਾ ਵਿਚ ਟੈਕਸਟਾਈਲ ਸੈਕਟਰ ਦਾ ਬਾਜ਼ਾਰ 345 ਬੀਲੀਅਨ ਡਾਲਰ ਦਾ ਹੈ ਅਤੇ ਇਸ ਵਿਚ ਸਾਡੀ ਹਿੱਸੇਦਾਰੀ ਸਿਰਫ 5 ਫੀਸਦੀ ਹੈ ਅਤੇ ਚੀਨ ਦੀ ਹਿੱਸੇਦਾਰੀ 25 ਤੋਂ 35 ਫੀਸਦੀ ਰਹੀ ਹੈ। ਹੁਣ ਜਦ ਸਾਡੇ ਲਈ ਚੀਨ ਦੇ ਮੁਕਾਬਲੇ ਘੱਟ ਟੈਰਿਫ 'ਤੇ ਇਸ ਬਜਾਰ ਤੱਕ ਪਹੁੰਚ ਹੋਵੇਗੀ ਤਾਂ ਇਸ ਨਾਲ ਸਾਡੇ ਟੈਕਸਟਾਈਲ ਉਦਯੋਗਾਂ ਨੂੰ ਸਿੱਧਾ ਲਾਭ ਹੋਵੇਗਾ ਅਤੇ ਪੰਜਾਬ ਦੀ ਟੈਕਸਟਾਈਲ ਉਦਯੋਗਾਂ ਤੱਕ ਇਸ ਦਾ ਲਾਭ ਪੁੱਜੇਗਾ, ਜਿਸਦਾ ਅਸਿੱਧਾ ਲਾਭ ਪੰਜਾਬ ਦੇ ਅਰਥਚਾਰੇ ਨੂੰ ਵੀ ਹੋਵੇਗਾ। ਫੈਕਟਰੀਆਂ ਚੱਲਣਗੀਆਂ ਤਾਂ ਰੁਜਗਾਰ ਦੇ ਮੌਕੇ ਆਉਣਗੇ, ਮਾਲੀਆ ਵਧੇਗਾ ਅਤੇ ਤਰੱਕੀ ਦਾ ਨਵਾਂ ਰਾਹ ਸ਼ੁਰੂ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਦੀ ਨਵੀਂ ਅਰਥਵਿਵਸਥਾ ਵਿਚ ਥਾਂ ਬਣਾਉਣ ਲਈ ਜਰੂਰੀ ਹੈ ਕਿ ਭਾਰਤ ਹੁਣ ਦੁਨੀਆਂ ਦੀ ਫੈਕਟਰੀ ਬਣੇ। ਉਨ੍ਹਾਂ ਨੇ ਇਸ ਸਬੰਧੀ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਵੀ ਜਾਣਦੀਆਂ ਹਨ ਕਿ ਸੱਚ ਕੀ ਹੈ ਪਰ ਉਹ ਸਿਰਫ ਵਿਰੋਧ ਕਰਨ ਲਈ ਹੀ ਵਿਰੋਧ ਕਰ ਰਹੀਆਂ ਹਨ। ਇਸ ਮੌਕੇ ਸਾਬਕਾ ਸਾਂਸਦ ਸਵੇਕ ਮਲਿਕ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਹਰਜਿੰਦਰ ਸਿੰਘ ਠੇਕੇਦਾਰ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸੰਧੂ ਸਮੇਤ ਵੱਡੀ ਗਿਣਤੀ ਦੇ ਭਾਜਪਾ ਵਰਕਰ ਹਾਜ਼ਰ ਸਨ।

# ਹਾਈਕੋਰਟ 'ਚ ਪੰਜਾਬ ਦੀ ਕਾਨੂੰਨ ਵਿਵਸਥਾ ਅਤੇ ਪੁਲਿਸ ਪ੍ਰਸ਼ਾਸਨ ਨੂੰ ਲੈ ਕੇ ਹੋਈ ਸੁਣਵਾਈ

ਚੰਡੀਗੜ੍ਹ, 10 ਫਰਵਰੀ (ਰ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਅੱਜ ਪੰਜਾਬ ਦੀ ਕਾਨੂੰਨ ਵਿਵਸਥਾ ਅਤੇ ਪੁਲਿਸ ਪ੍ਰਸ਼ਾਸਨ ਨੂੰ ਲੈ ਕੇ ਬੇਹੱਦ ਤਿੱਖੀ ਸੁਣਵਾਈ ਹੋਈ। ਅਦਾਲਤ ਨੇ ਪੰਜਾਬ ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਈ ਵੱਡੇ ਆਦੇਸ਼ ਜਾਰੀ ਕੀਤੇ ਹਨ।

**ਹਾਈਕੋਰਟ ਦੀ ਪੰਜਾਬ ਪੁਲਿਸ ਨੂੰ ਫਟਕਾਰ:** 'ਸਾਨੂੰ 100 ਪੰਨਿਆਂ ਦੇ ਹਲਫ਼ਨਾਮੇ ਨਹੀਂ, ਗਰਾਊਂਡ 'ਤੇ ਐਕਸ਼ਨ ਚਾਹੀਦਾ ਹੈ।' ਪੰਜਾਬ ਵਿੱਚ ਵਧ ਰਹੀਆਂ ਅਪਰਾਧਿਕ ਵਾਰਦਾਤਾਂ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਅੱਜ ਹਾਈਕੋਰਟ ਵਿੱਚ ਡੀ.ਜੀ.ਪੀ. ਪੰਜਾਬ ਪੇਸ਼ ਹੋਏ। ਸੁਣਵਾਈ ਦੌਰਾਨ ਅਦਾਲਤ ਨੇ ਸਪੱਸ਼ਟ ਕਿਹਾ ਕਿ ਸਰਕਾਰ ਸਿਰਫ਼ ਇਹ ਕਹਿ ਕੇ ਪੱਲਾ ਨਹੀਂ ਝਾੜ ਸਕਦੀ ਕਿ 'ਅਸੀਂ ਕਰਾਂਗੇ', ਹੁਣ ਕੰਮ ਕਰਕੇ ਦਿਖਾਉਣ ਦੀ ਲੋੜ ਹੈ।

**ਸੁਰੱਖਿਆ ਅਤੇ ਤਾਇਨਾਤੀ 'ਤੇ ਵੱਡੇ ਹੁਕਮ**

**3 ਸਾਲ ਦੀ ਹੱਦ:** ਹਾਈਕੋਰਟ ਨੇ ਹੁਕਮ ਦਿੱਤਾ ਹੈ ਕਿ ਇੰਸਪੈਕਟਰ ਪੱਧਰ ਤੋਂ ਉੱਪਰ ਦੇ ਕਿਸੇ ਵੀ ਪੁਲਿਸ ਅਧਿਕਾਰੀ ਨੂੰ ਇੱਕੋ ਜ਼ਿਲ੍ਹੇ ਵਿੱਚ 3 ਸਾਲ ਤੋਂ ਵੱਧ ਸਮੇਂ ਲਈ ਤਾਇਨਾਤ ਨਾ ਰੱਖਿਆ ਜਾਵੇ।

**ਸੁਰੱਖਿਆ ਸਮੀਖਿਆ:** ਅਦਾਲਤ ਨੇ ਵੀ.ਵੀ.ਆਈ.ਪੀ. ਸੁਰੱਖਿਆ ਦੀ ਮੁੜ ਸਮੀਖਿਆ ਕਰਨ ਦੇ ਹੁਕਮ ਦਿੱਤੇ ਹਨ। ਡੀ.ਜੀ.ਪੀ. ਨੇ ਦੱਸਿਆ ਕਿ ਕੁੱਲ 71,500 ਪੁਲਿਸ ਮੁਲਾਜ਼ਮਾਂ ਵਿੱਚੋਂ 4,600 ਮੁਲਾਜ਼ਮ ਸਿਰਫ਼ ਵੀਵੀਆਈਪੀ ਸੁਰੱਖਿਆ ਵਿੱਚ ਤਾਇਨਾਤ ਹਨ।

**ਮੋਹਾਲੀ ਪੁਲਿਸ ਦੀ ਗਿਣਤੀ:** ਜਦੋਂ ਕੋਰਟ ਨੇ ਡੀ.ਜੀ.ਪੀ. ਨੂੰ ਪੁੱਛਿਆ ਕਿ ਮੋਹਾਲੀ ਵਿੱਚ ਕਿੰਨੀ ਪੁਲਿਸ ਤਾਇਨਾਤ ਹੈ, ਤਾਂ ਉਹ ਸਹੀ ਅੰਕੜਾ ਨਹੀਂ ਦੱਸ ਸਕੇ, ਜਿਸ 'ਤੇ ਕੋਰਟ ਨੇ ਨਾਰਾਜ਼ਗੀ ਜ਼ਾਹਿਰ ਕੀਤੀ। ਐਸ.ਐਸ.ਪੀ. ਪੱਧਰ ਤੱਕ ਜਵਾਬਦੇਹੀ ਤੈਅ: ਹਾਈਕੋਰਟ ਨੇ ਪੰਜਾਬ ਵਿੱਚ ਹੋ ਰਹੀਆਂ ਵਾਰਦਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਐਸ.ਐਸ.ਪੀ. ਪੱਧਰ ਦੇ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਅਦਾਲਤ ਨੇ ਖਾਸ ਤੌਰ 'ਤੇ ਐਸ.ਐਸ.ਪੀ. ਮੋਹਾਲੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ ਅਤੇ ਪੁੱਛਿਆ ਕਿ ਕੀ ਡੀ.ਜੀ.ਪੀ. ਉਨ੍ਹਾਂ ਦੇ ਕੰਮ ਤੋਂ ਸੰਤੁਸ਼ਟ ਹਨ? ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਮੌਜੂਦਾ ਐਸ.ਐਸ.ਪੀ. ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਹੋਈ ਚੂਕ ਦੇ ਮਾਮਲੇ ਵਿੱਚ ਜਾਂਚ ਦਾ ਸਾਹਮਣਾ ਕਰ ਰਹੇ ਹਨ।

**ਕਬੱਡੀ ਅਤੇ ਗੈਂਗਸਟਰ:** ਕਬੱਡੀ ਫੈਡਰੇਸ਼ਨਾਂ ਵਿੱਚ ਹੁੰਦੇ ਕਤਲਾਂ ਅਤੇ ਗੈਂਗਸਟਰਾਂ ਵੱਲੋਂ ਆ ਰਹੀਆਂ ਫਿਰੌਤੀ ਦੀਆਂ ਕਾਲਾਂ 'ਤੇ ਅਦਾਲਤ ਨੇ ਸਖ਼ਤ ਰੁਖ ਅਖਤਿਆਰ ਕਰਦਿਆਂ ਰਿਪੋਰਟ ਮੰਗੀ ਹੈ।

**ਮਜੀਠੀਆ ਪੇਸ਼ੀ ਮਾਮਲਾ:** ਬਿਕਰਮ ਮਜੀਠੀਆ ਦੀ ਪੇਸ਼ੀ ਦੌਰਾਨ ਕੋਰਟ ਕਰਮਚਾਰੀ ਨਾਲ ਹੋਈ ਕੁੱਟਮਾਰ ਦੇ ਮਾਮਲੇ ਵਿੱਚ ਹਾਈਕੋਰਟ ਨੇ ਪੁਲਿਸ ਦੀ ਕਾਰਵਾਈ ਨੂੰ ਨਾਕਾਫ਼ੀ ਦੱਸਿਆ। ਕੋਰਟ ਨੇ ਕਿਹਾ ਕਿ ਸਿਰਫ਼ ਸ਼ਿਕਾਇਤ ਦਾਖਲ ਕਰਨਾ ਐਕਸ਼ਨ ਨਹੀਂ ਹੁੰਦਾ, ਪੁਲਿਸ ਨੇ ਹੁਣ ਤੱਕ ਕੀ ਸਖ਼ਤ ਕਦਮ ਚੁੱਕਿਆ ਹੈ, ਉਸਦੀ ਕੇਸ ਡਾਇਰੀ ਪੇਸ਼ ਕੀਤੀ ਜਾਵੇ।

# ਭਾਰਤ-ਅਮਰੀਕਾ ਵਪਾਰ ਸੌਦੇ 'ਤੇ ਵਿਰੋਧੀ ਧਿਰ ਦੇ ਦੋਸ਼ ਬੇਬੁਨਿਆਦ: ਅਮਨਜੋਤ ਰਾਮੂੰਵਾਲੀਆ

ਮੋਹਾਲੀ, 10 ਫਰਵਰੀ (ਹਰਦੀਪ ਕੌਰ): ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਕਮੇਟੀ ਮੈਂਬਰ ਬੀਬਾ ਅਮਨਜੋਤ ਕੌਰ ਰਾਮੂੰਵਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤ-ਅਮਰੀਕਾ ਵਪਾਰ ਸਮਝੌਤੇ ਉਤੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਇਹ ਸਮਝੌਤਾ ਖੇਤੀਬਾੜੀ ਖੇਤਰ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਅਤੇ ਰਾਖੀ ਕਰਦਾ ਹੈ। ਉਨ੍ਹਾਂ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਵਪਾਰਕ ਸਮਝੌਤੇ 'ਤੇ ਪੂਰਨ ਸੰਤੁਸ਼ਟੀ ਪ੍ਰਗਟਾਈ



ਹੈ ਅਤੇ ਉਨ੍ਹਾਂ ਇਸ ਸਮਝੌਤੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਪਿਊਸ਼ ਗੋਇਲ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਸ ਡੀਲ 'ਚ ਦੇਸ਼ ਅਤੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਇੰਡਸਟਰੀ ਦੇ ਹਿੱਤਾਂ ਦਾ ਪੂਰਾ ਖ਼ਿਆਲ ਰੱਖਿਆ ਗਿਆ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਨੂੰ ਵੀ ਇਸ ਦੀ ਤਾਰੀਫ਼ ਕਰਨੀ ਚਾਹੀਦੀ ਸੀ॥ਅਮਨਜੋਤ ਨੇ ਕਿਹਾ, "ਇਸ ਸਮਝੌਤੇ ਵਿਚ ਅਜਿਹਾ ਕੋਈ ਉਤਪਾਦ ਸ਼ਾਮਲ ਨਹੀਂ ਹੈ ਜਿਸ ਨਾਲ ਭਾਰਤੀ ਕਿਸਾਨਾਂ ਨੂੰ ਕੋਈ ਨੁਕਸਾਨ ਪਹੁੰਚੇ।" ਉਨ੍ਹਾਂ ਕਿਹਾ ਕਿ ਸਾਰੀਆਂ ਸੰਵੇਦਨਸ਼ੀਲ ਚੀਜ਼ਾਂ ਨੂੰ ਸਮਝੌਤੇ ਤੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਗਿਆ ਹੈ।ਅਮਨਜੋਤ ਨੇ ਕਿਹਾ ਕਿ ਅਮਰੀਕਾ ਨੂੰ ਮੀਟ, ਪੋਲਟਰੀ, ਡੇਅਰੀ, ਸੋਇਆਬੀਨ, ਮੱਕੀ, ਚੌਲ, ਕਣਕ, ਖੰਡ, ਮੋਟੇ ਅਨਾਜ, ਕੇਲੇ, ਸਟਰਾਬੇਰੀ, ਚੈਰੀ, ਨਿੰਬੂ ਜਾਤੀ ਦੇ ਫੱਲ, ਹਰੇ ਮਟਰ, ਛੋਲੇ, ਮੂੰਗੀ, ਤੇਲ ਬੀਜ, ਈਥੇਨੋਲ ਅਤੇ ਤਮਾਕੂ ਵਰਗੇ ਉਤਪਾਦਾਂ ਉਤੇ ਕੋਈ ਡਿਊਟੀ ਛੋਟ ਨਹੀਂ ਦਿਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਛਿਲਕਾ ਰਹਿਤ ਅਨਾਜ ਅਤੇ ਆਟਾ, ਆਲੂ, ਪਿਆਜ਼, ਮਟਰ, ਬੀਨਜ਼, ਖੀਰੇ, ਮਸ਼ਰੂਮ, ਜੰਮੀਆਂ ਹੋਈਆਂ ਸਬਜ਼ੀਆਂ, ਸੰਤਰੇ, ਅੰਗੂਰ, ਨਿੰਬੂ ਅਤੇ ਮਿਕਸ ਡੱਬਾਬੰਦ ਸਬਜ਼ੀਆਂ ਵੀ ਭਾਰਤ ਨਹੀਂ ਆਉਣਗੀਆਂ।

ਅਮਨਜੋਤ ਨੇ ਕਿਹਾ ਕਿ ਸਮਝੌਤੇ ਮੁਤਾਬਕ ਦੁੱਧ ਉਤਪਾਦਾਂ ਵਿਚ ਤਰਲ, ਪਾਊਡਰ ਅਤੇ ਸੰਘਣਾ ਦੁੱਧ, ਕਰੀਮ, ਦਹੀਂ, ਬਟਰ ਮਿਲਕ, ਮੱਖਣ, ਘਿਓ, ਮੱਖਣ ਦਾ ਤੇਲ, ਪਨੀਰ, ਵੇਅ ਉਤਪਾਦ ਅਤੇ ਪਨੀਰ ਨੂੰ ਵੀ ਭਾਰਤ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਦੇ ਕਿਸਾਨ ਪਰਵਾਰਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਹੋਵੇਗੀ। ਕਾਂਗਰਸ ਨੇ ਸਾਲਾਂ ਤਕ ਇਸ ਦੇਸ਼ ਉਤੇ ਰਾਜ ਕੀਤਾ, ਪਰ ਇਸ ਨੇ ਨਾ ਤਾਂ ਕਿਸਾਨਾਂ ਨੂੰ ਕਿਸੇ ਗਲੋਬਲ ਮੰਡੀ ਨਾਲ ਜੋੜਿਆ ਤੇ ਨਾ ਹੀ ਭਾਰਤੀ ਆਰਥਕਤਾ ਨੂੰ ਸਥਿਰਤਾ ਤੇ ਉਚਾਈ ਪ੍ਰਦਾਨ ਕੀਤੀ।

# ਪਹਿਲੇ ਸਫ਼ੇ ਦੀ ਬਾਕੀ

## ਲੋਕ ਸਭਾ ਸਪੀਕਰ ਓਮ ਬਿਰਲਾ ਖ਼ਿਲਾਫ਼

ਮਤੇ ਦੀ ਜਾਂਚ ਕਰਨ ਲਈ ਕਿਹਾ ਹੈ। ਕਾਂਗਰਸ ਵਲੋਂ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਪੇਸ਼ ਕੀਤੇ ਗਏ ਨੋਟਿਸ ਵਿਚ ਕਿਹਾ ਗਿਆ ਹੈ ਕਿ ਕਈ ਮੌਕਿਆਂ 'ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਉਨ੍ਹਾਂ ਦਾ ਲੋਕਤੰਤਰੀ ਅਧਿਕਾਰ ਖੋਹਿਆ ਗਿਆ ਹੈ। ਇਹ ਨੋਟਿਸ ਭਾਰਤ ਦੇ ਸੰਵਿਧਾਨ ਦੇ ਅਨੁਛੇਦ 94 (ਸੀ) ਦੇ ਉਪਬੰਧ ਅਨੁਸਾਰ ਦਿੱਤਾ ਗਿਆ ਹੈ ਕਿਉਂਕਿ ਲੋਕ ਸਭਾ ਦੇ ਕੰਮਕਾਜ ਨੂੰ ਚਲਾਉਣ ਲਈ ਪੱਖਪਾਤੀ ਵਿਹਾਰ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਦਨ ਵਿੱਚ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ

ਭੁੱਲਰ ਸਮੇਤ ਅੱਠ ਸਿੱਖ ਕੈਦੀਆਂ ਨੂੰ ਵਿਸ਼ੇਸ਼ ਮਾਫ਼ੀ ਦੇਣ ਦੀ ਸਿਫ਼ਾਰਸ਼ ਵੀ ਕੀਤੀ ਸੀ। ਦੂਜੇ ਪਾਸੇ, ਦਿੱਲੀ ਦੇ ਉਪ ਰਾਜਪਾਲ ਨੇ ਸਜ਼ਾ ਸਮੀਖਿਆ ਬੋਰਡ ਦੀ ਸਿਫ਼ਾਰਸ਼ 'ਤੇ ਉਮਰ ਕੈਦ ਕੱਟ ਰਹੇ 26 ਹੋਰ ਕੈਦੀਆਂ ਦੀ ਬਾਕੀ ਸਜ਼ਾ ਮਾਫ਼ ਕਰ ਦਿੱਤੀ ਹੈ। ਇਹਨਾਂ ਵਿੱਚ ਇੱਕ ਨਾਈਜੀਰੀਅਨ ਨਾਗਰਿਕ ਕੇਨੇਥ ਚਿਡੀ ਓਨਿਘਾਲਾ ਵੀ ਸ਼ਾਮਲ ਹੈ, ਜਿਸ ਨੂੰ ਹੱਤਿਆ ਅਤੇ ਲੁੱਟ ਦੇ ਮਾਮਲੇ ਵਿੱਚ ਸਜ਼ਾ ਹੋਈ ਸੀ। ਉਸ ਨੂੰ ਰਿਹਾਈ ਤੋਂ ਤੁਰੰਤ ਬਾਅਦ ਉਸਦੇ ਦੇਸ਼ ਭੇਜ ਦਿੱਤਾ ਜਾਵੇਗਾ।

## ਪ੍ਰੋ. ਭੁੱਲਰ ਦੀ ਰਿਹਾਈ ਪਟੀਸ਼ਨ ਰੱਦ ਕਰਨਾ ਸਿੱਖਾਂ ਨਾਲ

ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ 33 ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ.ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਇਕ ਪਾਸੇ ਸਿੱਖ ਹਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਪਰ ਸਿੱਖਾਂ ਨਾਲ ਸਬੰਧਤ ਮਾਮਲਿਆਂ ਵਿਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਫੈਸਲੇ ਵਿਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।

## ਜਨਰਲ ਨਰਵਣੇ ਦੀ ਕਿਤਾਬ ਆਨਲਾਈਨ

ਜੈ ਹਿੰਦ।' ਰਾਹੁਲ ਗਾਂਧੀ ਨੇ ਸਵਾਲ ਚੁੱਕਿਆ ਕਿ ਜਾਂ ਤਾਂ ਜਨਰਲ ਨਰਵਣੇ ਝੂਠ ਬੋਲ ਰਹੇ ਹਨ ਜਾਂ ਫਿਰ ਪੇਂਗੁਇਨ, ਕਿਉਂਕਿ ਦੋਵੇਂ ਗੱਲਾਂ ਇੱਕੋ ਸਮੇਂ ਸੱਚ ਨਹੀਂ ਹੋ ਸਕਦੀਆਂ। ਉਨ੍ਹਾਂ ਕਿਹਾ, 'ਮੈਂ ਸਾਬਕਾ ਫ਼ੌਜ ਮੁਖੀ 'ਤੇ ਵਿਸ਼ਵਾਸ ਕਰਦਾ ਹਾਂ, ਮੈਨੂੰ ਨਹੀਂ ਲੱਗਦਾ ਕਿ ਉਹ ਝੂਠ ਬੋਲਣਗੇ।' ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਪੇਂਗੁਇਨ ਭਾਵੇਂ ਕਿਤਾਬ ਨਾ ਛਪਣ ਦੀ ਗੱਲ ਕਹਿ ਰਿਹਾ ਹੈ, ਪਰ ਇਹ ਕਿਤਾਬ ਐਮਾਜ਼ਾਨ 'ਤੇ ਉਪਲੱਬਧ ਹੈ ਅਤੇ ਜਨਰਲ ਨਰਵਣੇ ਨੇ ਖ਼ੁਦ 2023 ਵਿੱਚ ਇਸ ਨੂੰ ਖਰੀਦਣ ਲਈ ਟਵੀਟ ਕੀਤਾ ਸੀ।

## ਜਨਰਲ ਨਰਵਣੇ ਨੇ ਆਪਣੀ ਕਿਤਾਬ ਦੀ

'ਕਿਤਾਬ ਦਾ ਤਾਜ਼ਾ ਸਟੇਟਸ ਇਹ ਹੈ'। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਤਾਬ ਦੇ ਪ੍ਰਕਾਸ਼ਕ ਪੈਂਗੁਇਨ ਇੰਡੀਆ ਦੀ ਇੱਕ ਪੋਸਟ ਨੂੰ ਰੀ-ਪੋਸਟ ਕੀਤਾ ਹੈ। ਇਸ ਰਾਹੀਂ ਉਨ੍ਹਾਂ ਨੇ ਅਸਿੱਧੇ ਤੌਰ 'ਤੇ ਇਹ ਮੰਨ ਲਿਆ ਹੈ ਕਿ ਉਨ੍ਹਾਂ ਦੀ ਇਹ ਸਵੈ-ਜੀਵਨੀ ਅਜੇ ਤੱਕ ਪ੍ਰਕਾਸ਼ਿਤ ਨਹੀਂ ਹੋਈ ਹੈ। ਕਿਤਾਬ ਦੇ ਪ੍ਰਕਾਸ਼ਕ 'ਪੈਂਗੁਇਨ ਰੈਂਡਮ ਹਾਊਸ ਇੰਡੀਆ' ਨੇ ਸਪੱਸ਼ਟ ਕੀਤਾ ਹੈ ਕਿ ਇਸ ਕਿਤਾਬ ਦੇ ਪ੍ਰਕਾਸ਼ਨ ਦੇ ਸਾਰੇ ਅਧਿਕਾਰ ਉਨ੍ਹਾਂ ਕੋਲ ਹਨ ਪਰ ਇਹ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਕਿਤਾਬ ਦੀ ਕੋਈ ਵੀ ਕਾਪੀ, ਚਾਹੇ ਉਹ ਡਿਜੀਟਲ ਹੋਵੇ ਜਾਂ ਪ੍ਰਿੰਟ ਫਾਰਮੈਟ ਵਿੱਚ, ਅਜੇ ਤੱਕ ਨਾ ਤਾਂ ਛਪੀ ਹੈ, ਨਾ ਵੇਚੀ ਗਈ ਹੈ ਅਤੇ ਨਾ ਹੀ ਵੰਡੀ ਗਈ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੰਸਦ ਭਵਨ ਦੇ ਸਾਹਮਣੇ ਇਸ ਕਿਤਾਬ ਨੂੰ ਲਹਿਰਾਇਆ ਸੀ, ਜਿਸ ਤੋਂ ਬਾਅਦ ਵਿਵਾਦ ਹੋਰ ਗਰਮਾ ਗਿਆ ਸੀ। ਪ੍ਰਕਾਸ਼ਕ ਨੇ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਪਲੇਟਫਾਰਮ 'ਤੇ ਕਿਤਾਬ ਦੀ ਮੌਜੂਦਗੀ (ਪੀ.ਡੀ.ਐੱਫ. ਜਾਂ ਹੋਰ ਫਾਰਮੈਟ ਵਿੱਚ) ਕਾਪੀਰਾਈਟ ਦਾ ਉਲੰਘਣ ਹੈ। ਉਨ੍ਹਾਂ ਨੇ ਕਿਹਾ ਕਿ ਕਿਤਾਬ ਦੇ ਗੈਰ-ਕਾਨੂੰਨੀ ਅਤੇ ਬਿਨਾਂ ਇਜਾਜ਼ਤ ਦੇ ਬਟਵਾਰੇ ਦੇ ਖਿਲਾਫ਼ ਉਹ ਕਾਨੂੰਨੀ ਕਾਰਵਾਈ ਦਾ ਸਹਾਰਾ ਲੈਣਗੇ। ਪੈਂਗੁਇਨ ਇੰਡੀਆ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਤਾਬ ਦੇ ਕਿਸੇ ਵੀ ਅਣਅਧਿਕਾਰਤ ਸਰਕੂਲੇਸ਼ਨ ਨੂੰ ਤੁਰੰਤ ਬੰਦ ਕੀਤਾ ਜਾਵੇ।

## ਜੇ ਭਾਜਪਾ ਸਾਂਸਦਾਂ ਨੂੰ ਰੋਕਿਆ ਨਾ ਹੁੰਦਾ

ਘਟਨਾ 4 ਫਰਵਰੀ ਦੀ ਦੱਸੀ ਜਾ ਰਹੀ ਹੈ। ਸੰਸਦੀ ਮੰਤਰੀ ਕਿਰੇਨ ਰਿਜਿਜੂ ਨੇ ਇਸ ਫੁਟੇਜ ਨੂੰ ਸਾਂਝਾ ਕਰਦਿਆਂ ਕਾਂਗਰਸ ਦੀ ਸੰਸਦ ਮੈਂਬਰ ਜੋਤੀਮਣੀ ਦੀ ਅਗਵਾਈ ਵਿੱਚ ਕੀਤੇ ਗਏ ਇਸ ਵਿਰੋਧ ਪ੍ਰਦਰਸ਼ਨ ਦੀ ਸਖ਼ਤ ਨਿਖੇਧੀ ਕੀਤੀ ਹੈ। ਕਿਰੇਨ ਰਿਜਿਜੂ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਆਪਣੇ ਸੰਸਦ ਮੈਂਬਰਾਂ ਦੇ ਇਸ ਮਾੜੇ ਵਿਹਾਰ 'ਤੇ ਮਾਣ ਹੈ ਪਰ ਜੇਕਰ ਭਾਜਪਾ ਦੇ ਸੰਸਦ ਮੈਂਬਰਾਂ ਨੂੰ ਰੋਕਿਆ ਨਾ ਜਾਂਦਾ ਤਾਂ ਸਦਨ ਵਿੱਚ ਹਾਲਾਤ ਬਹੁਤ ਖ਼ਰਾਬ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੰਸਦ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਬਚਾਉਣ ਲਈ ਬਹੁਤ ਸੰਜਮ ਤੋਂ ਕੰਮ ਲਿਆ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਤਣਾਅ ਹੋਰ ਵਧ ਗਿਆ ਹੈ ਅਤੇ ਸਰਕਾਰ ਹੁਣ ਵਿਰੋਧੀ ਧਿਰ ਖ਼ਿਲਾਫ਼ ਹਮਲਾਵਰ ਰੁਖ਼ ਅਖਤਿਆਰ ਕਰ ਰਹੀ ਹੈ। ਦੂਜੇ ਪਾਸੇ, ਵਿਰੋਧੀ ਧਿਰ ਨੇ ਵੀ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। 100 ਤੋਂ ਵੱਧ ਵਿਰੋਧੀ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਹੁਦੇ ਤੋਂ ਹਟਾਉਣ ਲਈ ਨੋਟਿਸ ਦੇਣ ਦੀ ਤਿਆਰੀ ਕਰ ਲਈ ਹੈ ਅਤੇ ਇਸ 'ਤੇ ਦਸਤਖਤ ਵੀ ਕਰ ਦਿੱਤੇ ਹਨ। ਹਾਲਾਂਕਿ ਤ੍ਰਿਣਮੂਲ ਕਾਂਗਰਸ ਨੇ ਅਜੇ ਤੱਕ ਇਸ ਨੋਟਿਸ 'ਤੇ ਦਸਤਖਤ ਨਹੀਂ ਕੀਤੇ ਹਨ ਅਤੇ ਉਹ ਇਸ ਮੁਹਿੰਮ ਤੋਂ ਦੂਰ ਨਜ਼ਰ ਆ ਰਹੀ ਹੈ। ਸਪੀਕਰ ਵਿਰੁੱਧ ਅਵਿਸ਼ਵਾਸ ਵਰਗੇ ਮਤੇ ਅਤੇ ਸਰਕਾਰ ਵੱਲੋਂ ਜਾਰੀ ਕੀਤੀ ਵੀਡੀਓ ਨੇ ਬਜਟ ਸੈਸ਼ਨ ਦੀ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

## ਹਾਈਕੋਰਟ ਵੱਲੋਂ 'ਆਪ' ਵਿਧਾਇਕ ਪਠਾਣਮਾਜਰਾ

10 ਫਰਵਰੀ, 2022 ਨੂੰ ਪਟਿਆਲਾ ਦੇ ਜੁਲਕਾਂ ਥਾਣੇ ਵਿੱਚ ਆਈ.ਪੀ.ਸੀ. ਅਤੇ ਲੋਕ ਪ੍ਰਤੀਨਿਧਤਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ 13 ਅਪ੍ਰੈਲ, 2023 ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਪਟਿਆਲਾ ਨੇ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਸਨ। ਜਸਟਿਸ ਤ੍ਰਿਭੁਵਨ ਦਹੀਆ ਨੇ ਪਠਾਣਮਾਜਰਾ ਦੀ ਪਟੀਸ਼ਨ ਨੂੰ ਮਨਜ਼ੂਰੀ ਦਿੰਦਿਆਂ ਕਿਹਾ ਕਿ ਐਫ.ਆਈ.ਆਰ. ਦਰਜ ਕਰਨਾ ਅਤੇ ਸੰਮਨ ਜਾਰੀ ਕਰਨਾ ਅਧਿਕਾਰ ਖੇਤਰ ਤੋਂ ਬਾਹਰ ਸੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਹੇਠ ਲਿਖੀਆਂ ਅਹਿਮ ਗੱਲਾਂ ਕਹੀਆਂ: ਅਦਾਲਤ ਨੇ ਸਪੱਸ਼ਟ ਕੀਤਾ ਕਿ ਲਗਾਏ ਗਏ ਸਾਰੇ ਦੋਸ਼ 'ਗੈਰ-ਸੰਗੀਨ' ਸਨ। ਸੀ.ਆਰ.ਪੀ.ਸੀ. ਦੀ ਧਾਰਾ 155 ਦੇ ਨਿਯਮਾਂ ਅਨੁਸਾਰ, ਅਜਿਹੇ ਮਾਮਲਿਆਂ ਵਿੱਚ ਪੁਲਿਸ ਮੈਜਿਸਟਰੇਟ ਦੀ ਅਗਾਊਂ ਇਜਾਜ਼ਤ ਤੋਂ ਬਿਨਾਂ ਐਫ.ਆਈ.ਆਰ. ਦਰਜ ਨਹੀਂ ਕਰ ਸਕਦੀ ਅਤੇ ਨਾ ਹੀ ਜਾਂਚ ਕਰ ਸਕਦੀ ਹੈ। ਕਿਉਂਕਿ ਪੁਲਿਸ ਨੇ ਮੈਜਿਸਟਰੇਟ ਦੇ ਹੁਕਮਾਂ ਤੋਂ ਬਿਨਾਂ ਜਾਂਚ ਕੀਤੀ ਸੀ, ਇਸ ਲਈ ਪੂਰੀ ਕਾਰਵਾਈ ਹੀ ਗੈਰ-ਕਾਨੂੰਨੀ ਸੀ। ਇਸ ਕਾਰਨ ਇੱਕ ਕੈਂਸਲੇਸ਼ਨ ਰਿਪੋਰਟ ਤਿਆਰ ਕਰਕੇ ਸੀ.ਜੇ.ਐਮ. , ਪਟਿਆਲਾ ਦੇ ਸਾਹਮਣੇ ਪੇਸ਼ ਕੀਤੀ ਗਈ। ਹਾਲਾਂਕਿ, ਮੈਜਿਸਟ੍ਰੇਟ ਨੇ ਰਿਟਰਨਿੰਗ ਅਫਸਰ ਦੀ ਸ਼ਿਕਾਇਤ ਨੂੰ ਇੱਕ ਸ਼ਿਕਾਇਤ ਮਾਮਲਾ ਮੰਨਦੇ ਹੋਏ ਪਟੀਸ਼ਨਰ ਨੂੰ ਤਲਬ ਕਰ ਲਿਆ ਅਤੇ ਧਾਰਾਵਾਂ 193, 199 ਆਈ.ਪੀ.ਸੀ. ਅਤੇ ਲੋਕ ਪ੍ਰਤੀਨਿਧਿਤਾ ਐਕਟ, 1951 ਦੀ ਧਾਰਾ 125ਏ ਅਧੀਨ ਪ੍ਰਥਮ ਦ੍ਰਿਸ਼ਟਿਆ ਅਪਰਾਧ ਬਣਦਾ ਹੋਇਆ ਮੰਨਿਆ। ਅਦਾਲਤ ਨੇ ਇਨ੍ਹਾਂ ਤੱਥਾਂ ਦੇ ਆਧਾਰ 'ਤੇ ਹਰਮੀਤ ਸਿੰਘ ਪਠਾਨਮਾਜਰਾ ਵਿਰੁੱਧ ਚੱਲ ਰਹੀ ਸਾਰੀ ਕਾਨੂੰਨੀ ਕਾਰਵਾਈ ਨੂੰ ਖ਼ਤਮ ਕਰ ਦਿੱਤਾ ਹੈ। ਇਸ ਕੇਸ ਵਿੱਚ ਪਠਾਣਮਾਜਰਾ ਵੱਲੋਂ ਵਕੀਲ ਸੰਨੀ ਸੱਗਰ ਪੇਸ਼ ਹੋਏ ਸਨ।

## ਪਾਕਿ ਵੱਲੋਂ ਭਾਰਤ ਨਾਲ ਮੈਚ ਦੇ ਬਾਈਕਾਟ

ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਭਾਰਤ ਵਿੱਚ ਟੀ-20 ਵਿਸ਼ਵ ਕੱਪ ਦੇ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਬੰਗਲਾਦੇਸ਼ ਨੂੰ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ ਸਕਾਟਲੈਂਡ ਨੂੰ ਸ਼ਾਮਲ ਕੀਤਾ ਗਿਆ। ਪਾਕਿਸਤਾਨ ਇਸ ਮੁੱਦੇ 'ਤੇ ਬੰਗਲਾਦੇਸ਼ ਦਾ ਸਮਰਥਨ ਕਰ ਰਿਹਾ ਸੀ। ਹਾਲਾਂਕਿ, ਆਈ.ਸੀ.ਸੀ. ਨੇ ਹੁਣ ਸਪਸ਼ਟ ਕੀਤਾ ਹੈ ਕਿ ਬੰਗਲਾਦੇਸ਼ 'ਤੇ ਕੋਈ ਜੁਰਮਾਨਾ ਨਹੀਂ ਲਗਾਇਆ ਜਾਵੇਗਾ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਕਿਸੇ ਵੱਡੇ ਟੂਰਨਾਮੈਂਟ ਦੀ ਮੇਜ਼ਬਾਨੀ ਵੀ ਦਿੱਤੀ ਜਾ ਸਕਦੀ ਹੈ।

ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁਖੀ ਮੋਹਸਿਨ ਨਕਵੀ ਨੇ ਕਿਹਾ ਕਿ ਇਹ ਫੈਸਲਾ ਕਿਸੇ ਡਰ ਜਾਂ ਦਬਾਅ ਹੇਠ ਨਹੀਂ, ਸਗੋਂ ਖੇਡ ਭਾਵਨਾ ਦੇ ਹਿੱਤ ਵਿੱਚ ਲਿਆ ਗਿਆ ਹੈ। ਇਸ ਸਹਿਮਤੀ ਨਾਲ ਵਿਸ਼ਵ ਕੱਪ 'ਤੇ ਮੰਡਰਾ ਰਹੇ ਸੰਕਟ ਦੇ ਬੱਦਲ ਛੱਟ ਗਏ ਹਨ ਅਤੇ ਹੁਣ ਸਾਰੀਆਂ ਦੀਆਂ ਨਜ਼ਰਾਂ 15 ਫਰਵਰੀ ਨੂੰ ਹੋਣ ਵਾਲੇ ਇਸ ਵੱਡੇ ਮੁਕਾਬਲੇ 'ਤੇ ਟਿਕੀਆਂ ਹੋਈਆਂ ਹਨ।ਇਸ ਤੋਂ ਪਹਿਲਾਂ ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਮੋਹਸਿਨ ਨਕਵੀ ਨੇ ਲਾਹੌਰ ਦੇ ਗੱਦਾਫੀ ਸਟੇਡੀਅਮ ਵਿੱਚ ਬੰਗਲਾਦੇਸ਼ ਦੇ ਆਪਣੇ ਹਮਰੁਤਬਾ ਅਮੀਨੁਲ ਇਸਲਾਮ ਅਤੇ ਆਈ ਸੀ ਸੀ ਦੇ ਡਿਪਟੀ ਚੇਅਰਮੈਨ ਇਮਰਾਨ ਖਵਾਜਾ ਨਾਲ ਮੁਲਾਕਾਤ ਕੀਤੀ। ਖਵਾਜਾ ਨੂੰ ਆਈ ਸੀ ਸੀ ਨੇ ਇਸ ਵਿਵਾਦਤ ਵਿਸ਼ੇ 'ਤੇ ਸਾਲਸ ਵਜੋਂ ਨਾਮਜ਼ਦ ਕੀਤਾ ਸੀ ਅਤੇ ਉਹ (ਖਵਾਜਾ) ਪਿਛਲੇ ਕੁਝ ਸਮੇਂ ਤੋਂ ਮੋਹਸਿਨ ਨਕਵੀ ਨਾਲ ਗੱਲਬਾਤ ਕਰ ਰਹੇ ਸਨ। ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਚੇਅਰਮੈਨ ਅਮੀਨੁਲ ਪਹਿਲਾਂ ਤੋਂ ਹੀ ਲਾਹੌਰ 'ਚ ਸਨ ਅਤੇ ਉਨ੍ਹਾਂ ਨਕਵੀ ਨਾਲ ਮੁਲਾਕਾਤ ਕੀਤੀ।

## ਹਾਈ ਕੋਰਟ ਵੱਲੋਂ ਮਨਪ੍ਰੀਤ ਬਾਦਲ ਨੂੰ

ਲਾਅ ਅਫ਼ਸਰ ਦੀਪਇੰਦਰ ਸਿੰਘ ਪੇਸ਼ ਹੋਏ ਅਤੇ ਇਸ ਮੌਕੇ ਕੇਸ ਦੇ ਤਫ਼ਤੀਸ਼ੀ ਅਫ਼ਸਰ ਡੀ.ਐੱਸ.ਪੀ. ਕੁਲਵੰਤ ਸਿੰਘ ਲਹਿਰੀ ਵੀ ਹਾਜ਼ਰ ਸਨ। ਮਨਪ੍ਰੀਤ ਬਾਦਲ ਨੇ ਇਸ ਕੇਸ ਨੂੰ ਸਿਆਸੀ ਬਦਲਾਖੋਰੀ ਦਾ ਮਾਮਲਾ ਦੱਸਿਆ ਸੀ। ਹੁਣ ਮਾਮਲਾ ਹਾਈ ਕੋਰਟ 'ਚ ਲੰਮੇ ਸਮੇਂ ਤੋਂ ਪੈਂਡਿੰਗ ਹੋਣ ਕਰਕੇ ਵਿਜੀਲੈਂਸ ਇਸ ਮਾਮਲੇ 'ਚ ਹਾਲੇ ਤੱਕ ਅਦਾਲਤ 'ਚ ਚਲਾਨ ਵੀ ਪੇਸ਼ ਨਹੀਂ ਕਰ ਸਕੀ ਸੀ। ਹਾਈ ਕੋਰਟ ਵੱਲੋਂ ਮਨਪ੍ਰੀਤ ਬਾਦਲ ਤੇ ਹੋਰਨਾਂ ਨੂੰ ਰੈਗੂਲਰ ਜ਼ਮਾਨਤ ਦਿੱਤੇ ਜਾਣ ਨਾਲ ਹੁਣ ਵਿਜੀਲੈਂਸ ਲਈ ਵੀ ਚਲਾਨ ਪੇਸ਼ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਜਾਂਚ ਸ਼ੁਰੂ ਕੀਤੀ ਸੀ ਜੋ ਕਿ ਮਨਪ੍ਰੀਤ ਬਾਦਲ ਵੱਲੋਂ ਬਠਿੰਡਾ ਵਿਕਾਸ ਅਥਾਰਿਟੀ ਤੋਂ ਕਾਂਗਰਸੀ ਹਕੂਮਤ ਦੌਰਾਨ 1560 ਵਰਗ ਗਜ ਦੋ ਦੋ ਪਲਾਟ ਖ਼ਰੀਦੇ ਜਾਣ ਨਾਲ ਸਬੰਧਿਤ ਸੀ।ਬਿਊਰੋ ਵੱਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮਨਪ੍ਰੀਤ ਬਾਦਲ ਦੀ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਹੈ। 9 ਫਰਵਰੀ, 2026 ਨੂੰ ਜਸਟਿਸ ਤ੍ਰਿਭੁਵਨ ਦਹੀਆ ਦੀ ਬੈਂਚ ਸਾਹਮਣੇ ਇਸ ਮਾਮਲੇ ਦੀ ਸੁਣਵਾਈ ਹੋਈ। ਅਦਾਲਤ ਨੇ ਦੋਵਾਂ ਪੱਖਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਪਟੀਸ਼ਨਰ (ਮਨਪ੍ਰੀਤ ਬਾਦਲ) ਦੇ ਹੱਕ ਵਿੱਚ ਫੈਸਲਾ ਸੁਣਾਉਂਦਿਆਂ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਸਵੀਕਾਰ ਕਰ ਲਈ। ਇਹ ਮਾਮਲਾ ਬਠਿੰਡਾ ਵਿੱਚ ਜ਼ਮੀਨ ਅਲਾਟਮੈਂਟ ਦੌਰਾਨ ਹੋਈਆਂ ਕਥਿਤ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੁੜਿਆ ਹੋਇਆ ਹੈ। ਵਿਜੀਲੈਂਸ ਬਿਊਰੋ ਬਠਿੰਡਾ ਵੱਲੋਂ 24 ਸਤੰਬਰ, 2023 ਨੂੰ ਐਫ.ਆਈ.ਆਰ. ਨੰਬਰ 21 ਦਰਜ ਕੀਤੀ ਗਈ ਸੀ। ਇਸ ਕੇਸ ਵਿੱਚ ਭ੍ਰਿਸ਼ਟਾਚਾਰ ਨਿਵਾਰਣ ਐਕਟ (ਪੀ.ਸੀ.ਐੱਕਟ) ਦੀਆਂ ਧਾਰਾਵਾਂ 13(1)(ਏ) ਤੇ 13(2), ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀਆਂ ਧਾਰਾਵਾਂ 420 (ਧੋਖਾਧੜੀ), 409, 467, 468, 471 (ਜਾਅਲਸਾਜ਼ੀ), 120-ਬੀ (ਸਾਜਿਸ਼) ਅਤੇ ਆਈ.ਟੀ. ਐਕਟ ਦੀਆਂ ਧਾਰਾਵਾਂ ਸ਼ਾਮਲ ਸਨ।

## ਦਿੱਲੀ ਹਾਈ ਕੋਰਟ ਨੇ ਡੀ.ਯੂ. ਨੂੰ ਜਵਾਬ

ਗਿਆ। ਉਨ੍ਹਾਂ ਕਿਹਾ ਕਿ ਅਪੀਲ ਦਾਇਰ ਕਰਨ ਵਿੱਚ ਸਿਰਫ਼ 15 ਤੋਂ 45 ਦਿਨਾਂ ਦੀ ਮਾਮੂਲੀ ਦੇਰੀ ਹੋਈ ਹੈ, ਜਿਸ ਨੂੰ ਅਦਾਲਤ ਵੱਲੋਂ ਮੁਆਫ਼ ਕੀਤਾ ਜਾ ਸਕਦਾ ਹੈ। ਵਕੀਲ ਨੇ ਇਹ ਵੀ ਕਿਹਾ ਕਿ ਜੇਕਰ ਯੂਨੀਵਰਸਿਟੀ ਜਵਾਬ ਦੇਣਾ ਚਾਹੁੰਦੀ ਹੈ, ਤਾਂ ਇਸ ਮਾਮਲੇ ਵਿੱਚ ਰਸਮੀ ਨੋਟਿਸ ਜਾਰੀ ਕੀਤਾ ਜਾਣਾ ਚਾਹੀਦਾ ਹੈ। ਇਹ ਮਾਮਲਾ ਦਿੱਲੀ ਹਾਈ ਕੋਰਟ ਦੀ ਸਿੰਗਲ ਬੈਂਚ ਦੇ 25 ਅਗਸਤ, 2025 ਦੇ ਉਸ ਹੁਕਮ ਨੂੰ ਚੁਣੌਤੀ ਦੇਣ ਨਾਲ ਸਬੰਧਤ ਹੈ, ਜਿਸ 'ਚ ਪ੍ਰਧਾਨ ਮੰਤਰੀ ਦੀ ਡਿਗਰੀ ਦੇ ਵੇਰਵੇ ਜਨਤਕ ਕਰਨ ਤੋਂ ਇਨਕਾਰ ਕੀਤਾ ਗਿਆ ਸੀ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਅਜਿਹੇ ਨੋਟਿਸ ਸਿਰਫ਼ ਮਾਮਲੇ ਨੂੰ ਸਨਸਨੀਖੇਜ਼ ਬਣਾਉਣ ਲਈ ਵਰਤੇ ਜਾਂਦੇ ਹਨ।

## ਗਵਾਲੀਅਰ 'ਚ ਕਲਸ਼ ਯਾਤਰਾ ਦੌਰਾਨ ਮਚੀ

ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ ਸੀ। ਗਵਾਲੀਅਰ ਦੀ ਜ਼ਿਲ੍ਹਾ ਮੈਜਿਸਟ੍ਰੇਟ ਰੁਚਿਕਾ ਚੌਹਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੰਗਲਵਾਰ ਸਵੇਰੇ ਡਾਬਰਾ ਸਟੇਡੀਅਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਕਲਸ਼ ਪ੍ਰਾਪਤ ਕਰਨ ਲਈ ਇਕੱਠੀਆਂ ਹੋਈਆਂ ਸਨ। ਭਗਦੜ ਦੌਰਾਨ ਝਗੜਾ ਹੋਇਆ। ਉਨ੍ਹਾਂ ਕਿਹਾ ਕਿ ਘਟਨਾ ਵਿੱਚ ਰਤੀ ਸਾਹੂ (70) ਦੀ ਮੌਤ ਹੋ ਗਈ, ਜਦੋਂ ਕਿ ਛੇ ਔਰਤਾਂ ਅਤੇ ਇੱਕ ਕੁੜੀ ਜ਼ਖ਼ਮੀ ਹੋ ਗਈ। ਚੌਹਾਨ ਦੇ ਅਨੁਸਾਰ, ਜ਼ਖ਼ਮੀਆਂ ਵਿੱਚੋਂ ਤਿੰਨ ਦਾ ਗਵਾਲੀਅਰ ਵਿੱਚ ਅਤੇ ਚਾਰ ਦਾ ਡਾਬਰਾ ਵਿੱਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਡਾਬਰਾ ਵਿੱਚ ਸਥਿਤੀ ਇਸ ਵੇਲੇ ਸ਼ਾਂਤੀਪੂਰਨ ਹੈ ਅਤੇ ਪ੍ਰਬੰਧਾਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਗਵਾਲੀਅਰ ਰੇਂਜ ਦੇ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈ.ਜੀ.) ਅਰਵਿੰਦ ਸਕਸੈਨਾ ਨੇ ਕਿਹਾ ਕਿ ਕਲਸ਼ ਵੰਡ ਦੌਰਾਨ, ਵੱਡੀ ਗਿਣਤੀ ਵਿੱਚ ਔਰਤਾਂ ਇੱਕੋ ਸਮੇਂ ਅੱਗੇ ਵਧੀਆਂ, ਜਿਸ ਕਾਰਨ ਭਗਦੜ ਮਚ ਗਈ ਅਤੇ ਇੱਕ ਔਰਤ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਘਟਨਾ ਦੇ ਮੱਦੇਨਜ਼ਰ ਡਾਬਰਾ ਵਿੱਚ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ ਅਤੇ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

## ਪੰਜਾਬ 'ਚ 14 ਫਰਵਰੀ ਤੱਕ ਮੌਸਮ

ਵਿਚ ਤਾਪਮਾਨ 21.7 ਤੋਂ ਲੈ ਕੇ 25.3 ਡਿਗਰੀ ਸੈਲਸੀਅਸ ਦੇ ਵਿਚ ਬਣਿਆ ਹੋਇਆ ਹੈ। ਹਾਲਾਂਕਿ ਮੌਸਮ ਵਿਭਾਗ ਨੇ ਇਸ ਹਫ਼ਤੇ 24 ਡਿਗਰੀ ਤੱਕ ਤਾਪਮਾਨ ਰਹਿਣ ਦੀ ਉਮੀਦ ਪ੍ਰਗਟਾਈ ਸੀ। ਇਸ ਤਰ੍ਹਾਂ ਘੱਟੋ-ਘੱਟ ਤਾਪਮਾਨ 5.4 ਡਿਗਰੀ ਤੋਂ ਲੈ ਕੇ 9.4 ਡਿਗਰੀ ਸੈਲਸੀਅਸ ਦੇ ਵਿਚ ਹੈ। ਮੌਸਮ ਵਿਭਾਗ ਮੁਤਾਬਕ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਨਵਾਂਸ਼ਹਿਰ, ਲੁਧਿਆਣਾ, ਮੋਗਾ, ਫਤਿਹਗੜ੍ਹ ਸਾਹਿਬ, ਰੂਪਨਗਰ, ਮੋਹਾਲੀ, ਪਟਿਆਲਾ, ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿਚ ਤੇਜ਼ ਹਵਾਵਾਂ ਚੱਲਣਗੀਆਂ। ਅਗਲੇ ਦੋ ਦਿਨਾਂ ਦੌਰਾਨ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ।

## ਹਰਪਾਲ ਚੀਮਾ ਨੂੰ ਉਪ ਮੁੱਖ ਮੰਤਰੀ

2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ 117 ਵਿਧਾਨ ਸਭਾ ਸੀਟਾਂ ਵਿੱਚੋਂ 92 ਜਿੱਤੀਆਂ ਸਨ। ਹਾਲਾਂਕਿ, ਪੰਜਾਬ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ, ਤਾਂ ਇਸਦਾ ਉਪ ਮੁੱਖ ਮੰਤਰੀ ਇੱਕ ਦਲਿਤ ਹੋਵੇਗਾ। ਪਾਰਟੀ, ਜਿਸ ਨੇ 2017 ਵਿੱਚ 20 ਸੀਟਾਂ ਜਿੱਤੀਆਂ ਅਤੇ ਮੁੱਖ ਵਿਰੋਧੀ ਪਾਰਟੀ ਬਣੀ, ਨੇ ਬਾਅਦ ਵਿੱਚ 2018 ਵਿੱਚ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਨੇਤਾ ਨਿਯੁਕਤ ਕੀਤਾ।

ਹਰਪਾਲ ਸਿੰਘ ਚੀਮਾ ਮਾਨ ਤੋਂ ਬਾਅਦ ਦੂਜੇ ਸਥਾਨ 'ਤੇ ਹਨ

ਹੁਣ, ਜੇਕਰ ਪਾਰਟੀ ਅਨੁਸੂਚਿਤ ਜਾਤੀ ਭਾਈਚਾਰੇ ਦੇ ਕਿਸੇ ਨੇਤਾ ਨੂੰ ਮੈਦਾਨ ਵਿੱਚ ਉਤਾਰਨ ਦਾ ਫੈਸਲਾ ਕਰਦੀ ਹੈ, ਤਾਂ ਚੀਮਾ ਇੱਕ ਵਾਰ ਫਿਰ ਇਸ ਅਹੁਦੇ ਲਈ ਢੁਕਵਾਂ ਉਮੀਦਵਾਰ ਹੈ। ਉਹ ਪੰਜਾਬ ਕੈਬਨਿਟ ਵਿੱਚ ਮਾਨ ਤੋਂ ਬਾਅਦ ਦੂਜੇ ਸਭ ਤੋਂ ਉੱਚੇ ਅਹੁਦੇ 'ਤੇ ਹਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਸਰਕਾਰ ਦਾ ਸਮੱਸਿਆ ਨਿਵਾਰਕ ਮੰਨਿਆ ਜਾਂਦਾ ਹੈ। ਇੱਕ ਸੂਤਰ ਨੇ ਦੱਸਿਆ, 'ਜਦੋਂ ਵੀ ਸਰਕਾਰ ਜਾਂ ਪਾਰਟੀ ਕਿਸੇ ਰਾਜਨੀਤਿਕ ਜਾਂ ਪ੍ਰਸ਼ਾਸਕੀ ਸੰਕਟ ਦਾ ਸਾਹਮਣਾ ਕਰਦੀ ਹੈ, ਤਾਂ ਚੀਮਾ ਨੂੰ ਸਥਿਤੀ ਨੂੰ ਸੰਭਾਲਣ ਲਈ ਭੇਜਿਆ ਜਾਂਦਾ ਹੈ।'

ਦਿੱਲੀ ਮਾਰਚ ਦੌਰਾਨ, ਉਨ੍ਹਾਂ ਨੂੰ ਸ਼ੰਭੂ ਅਤੇ ਖਨੌਰੀ ਸਰਹੱਦੀ ਚੌਕੀਆਂ 'ਤੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਭੇਜਿਆ ਗਿਆ ਸੀ। ਹਾਲ ਹੀ ਵਿੱਚ, ਜਦੋਂ ਮੁੱਖ ਮੰਤਰੀ ਮਾਨ ਦੇ ਬੰਗਾ ਨੇੜੇ ਇੱਕ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਾਪਤਾ ਹੋਣ ਬਾਰੇ ਬਿਆਨ ਨੇ ਵਿਵਾਦ ਪੈਦਾ ਕਰ ਦਿੱਤਾ ਸੀ, ਤਾਂ ਚੀਮਾ ਨੂੰ ਸਥਿਤੀ ਨੂੰ ਸ਼ਾਂਤ ਕਰਨ ਲਈ ਭੇਜਿਆ ਗਿਆ ਸੀ। ਭਾਵੇਂ ਕਰਮਚਾਰੀ ਯੂਨੀਅਨਾਂ ਨਾਲ ਗੱਲਬਾਤ ਹੋਵੇ ਜਾਂ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਘਟਨਾਵਾਂ ਨੂੰ ਸੰਭਾਲਣਾ ਹੋਵੇ, ਚੀਮਾ ਪਾਰਟੀ ਦੀ ਸਭ ਤੋਂ ਭਰੋਸੇਮੰਦ ਹਸਤੀ ਹੈ।ਸੋਮਵਾਰ ਨੂੰ, ਉਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰਨ ਲਈ ਭੇਜਿਆ ਗਿਆ ਸੀ, ਜਿਨ੍ਹਾਂ ਦੀ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵਿਰੁੱਧ ਟਿੱਪਣੀਆਂ ਦੀ ਪਾਰਟੀ ਨੇ ਜਾਤੀਵਾਦੀ ਕਹਿ ਕੇ ਆਲੋਚਨਾ ਕੀਤੀ ਸੀ। ਸਰਕਾਰੀ ਗ੍ਰਾਂਟਾਂ ਤੋਂ ਖਜ਼ਾਨਾ ਖਾਲੀ ਹੋਣ ਦੇ ਬਾਵਜੂਦ ਰਾਜ ਦੇ ਵਿੱਤ ਪ੍ਰਬੰਧਨ ਵਿੱਚ ਉਨ੍ਹਾਂ ਦੀ ਕੁਸ਼ਲਤਾ ਦਾ ਸਿਹਰਾ ਵੀ ਉਨ੍ਹਾਂ ਨੂੰ ਜਾਂਦਾ ਹੈ। ਉਹ ਵਿਵਾਦਾਂ ਤੋਂ ਦੂਰ ਰਹੇ ਹਨ।

ਅਰੋੜਾ ਵੀ ਉਮੀਦਵਾਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ

ਦੂਜੇ ਪਾਸੇ, ਸੰਜੀਵ ਅਰੋੜਾ ਨੂੰ ਸਭ ਤੋਂ ਸ਼ਕਤੀਸ਼ਾਲੀ ਮੰਤਰੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਉਦਯੋਗ ਮੰਤਰਾਲੇ ਦੇ ਨਾਲ-ਨਾਲ ਸਥਾਨਕ ਸਰਕਾਰਾਂ ਅਤੇ ਬਿਜਲੀ ਵਿਭਾਗ ਵੀ ਸੌਂਪੇ ਗਏ ਹਨ। ਉਨ੍ਹਾਂ ਦੇ ਵਿਭਾਗਾਂ ਨਾਲ ਜੁੜੇ ਕਈ ਆਈਏਐਸ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਨੇ ਜਾਪਾਨ ਤੋਂ ਨਿਵੇਸ਼ਕਾਂ ਨੂੰ ਸੱਦਾ ਦੇਣ ਵਿੱਚ ਮਾਨ ਦਾ ਸਮਰਥਨ ਕੀਤਾ। ਉਹ ਔਰਤਾਂ ਲਈ ਪ੍ਰਤੀ ਮਹੀਨਾ 1,000 ਦੇ ਸਰਕਾਰ ਦੇ ਵਾਅਦੇ ਨੂੰ ਪੂਰਾ ਕਰਨ ਲਈ ਸਰੋਤਾਂ ਦੀ ਮੰਗ ਵੀ ਕਰ ਰਹੇ ਹਨ।

ਰਾਜ ਸਭਾ ਦੇ ਸਾਬਕਾ ਮੈਂਬਰ ਅਰੋੜਾ ਨੂੰ ਆਮ ਆਦਮੀ ਪਾਰਟੀ ਨੇ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ-ਚੋਣ ਲਈ ਨਾਮਜ਼ਦ ਕੀਤਾ ਸੀ। ਰਿਪੋਰਟਾਂ ਅਨੁਸਾਰ, ਉਨ੍ਹਾਂ ਨੂੰ ਆਪਣੀ ਰਾਜ ਸਭਾ ਸੀਟ ਖਾਲੀ ਕਰਨ ਅਤੇ ਉਪ-ਚੋਣ ਲੜਨ ਦੇ ਬਦਲੇ ਉਪ-ਮੁੱਖ ਮੰਤਰੀ ਦਾ ਅਹੁਦਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਜਾਤੀ ਸਮੀਕਰਨਾਂ ਨੂੰ ਦੇਖਦੇ ਹੋਏ, ਪਾਰਟੀ ਹਿੰਦੂਆਂ ਅਤੇ ਅਨੁਸੂਚਿਤ ਜਾਤੀਆਂ ਦੋਵਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ ਅਤੇ ਅੰਤ ਵਿੱਚ ਦੋਵਾਂ ਨੂੰ ਉਪ-ਮੁੱਖ ਮੰਤਰੀ ਨਿਯੁਕਤ ਕਰ ਸਕਦੀ ਹੈ। ਇੱਕ ਸੂਤਰ ਨੇ ਕਿਹਾ, 'ਇਹ ਇੱਕ ਰਣਨੀਤੀ ਹੋ ਸਕਦੀ ਹੈ। ਹਾਲਾਂਕਿ, ਅਜੇ ਪੱਕਾ ਕੁਝ ਨਹੀਂ ਕਿਹਾ ਜਾ ਸਕਦਾ।'

ਭਾਰਤੀ ਜਨਤਾ ਪਾਰਟੀ ਨੇ ਰਾਜ ਵਿੱਚ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਹਿੰਦੂ ਅਤੇ ਅਨੁਸੂਚਿਤ ਜਾਤੀ ਦੇ ਵੋਟਰਾਂ ਨੂੰ ਇੱਕਜੁੱਟ ਕਰਨ ਲਈ ਸਪੱਸ਼ਟ ਯਤਨ ਕਰ ਰਹੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੋਵਾਂ ਭਾਈਚਾਰਿਆਂ ਨੇ ਆਮ ਆਦਮੀ ਪਾਰਟੀ ਦਾ ਭਾਰੀ ਸਮਰਥਨ ਕੀਤਾ ਸੀ। ਭਾਜਪਾ ਦਾ ਇਹ ਯਤਨ ਆਮ ਆਦਮੀ ਪਾਰਟੀ ਦੇ ਅੰਦਰ ਬੇਚੈਨੀ ਪੈਦਾ ਕਰ ਰਿਹਾ ਹੈ, ਜੋ ਚੋਣਾਂ ਤੋਂ ਪਹਿਲਾਂ ਆਪਣੇ ਮੁੱਖ ਸਮਰਥਨ ਅਧਾਰ ਨੂੰ ਘਟਾਉਣਾ ਨਹੀਂ ਚਾਹੁੰਦੀ। ਇਸ ਤੋਂ ਪਹਿਲਾਂ, ਪਾਰਟੀ ਨੇ ਅਮਨ ਅਰੋੜਾ ਨੂੰ ਸੂਬਾ ਪਾਰਟੀ ਪ੍ਰਧਾਨ ਨਿਯੁਕਤ ਕਰਕੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।


## ਨੋਟਿਸ

ਭਾਈ ਬਲਜਿੰਦਰ ਸਿੰਘ ਸਹਾਇਕ ਗ੍ਰੰਥੀ (ਸਪੁੱਤਰ ਸ. ਸੋਹਣ ਸਿੰਘ) ਮਕਾਨ ਨੰਬਰ ਐਲ-08/492, ਗਲੀ ਨੰਬਰ 03, ਦਿਲਬਾਗ ਨਗਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਜੋ ਪਬਲੀਕੇਸ਼ਨ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਮੁਲਾਜ਼ਮ ਹੈ, ਦੀ ਮਿਤੀ 15-12-2023 ਤੋਂ ਮਿਤੀ 31-07-2025 ਤੀਕ ਵਿਦੇਸ਼ ਛੁੱਟੀ ਪ੍ਰਵਾਨ ਹੋਈ ਸੀ, ਦੇ ਮਿਤੀ 01-08-2025 ਨੂੰ ਹਾਜ਼ਰ ਡਿਊਟੀ ਹੋਣ ਦੀ ਬਜਾਏ ਲਗਾਤਾਰ ਗੈਰ ਹਾਜ਼ਰ ਚਲੇ ਆ ਰਹੇ ਹੋਣ ਕਾਰਨ ਦਫ਼ਤਰੀ ਰਿਪੋਰਟਾਂ ਦੇ ਅਧਾਰ 'ਤੇ ਦਫ਼ਤਰ ਦੀ ਪੱਤ੍ਰਿਕਾ ਨੰਬਰ 5421, ਮਿਤੀ 27-08-2025, ਪੱਤ੍ਰਿਕਾ ਨੰਬਰ 8096, ਮਿਤੀ 12-11-2025 ਅਤੇ ਪੱਤ੍ਰਿਕਾ ਨੰਬਰ 10284, ਮਿਤੀ 20-01-2026 ਰਾਹੀਂ ਇਸ ਨੂੰ ਡਿਊਟੀ ਪੁਰ ਹਾਜ਼ਰ ਹੋਣ ਲਈ ਇਸ ਦੇ ਘਰ ਦੇ ਪਤੇ ਪੁਰ ਤਿੰਨ ਵਾਰ ਨੋਟਿਸ ਭੇਜੇ ਗਏ ਸਨ। ਪਬਲੀਕੇਸ਼ਨ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਬੰਧਤ ਅਜੇ ਤੀਕ ਡਿਊਟੀ ਪੁਰ ਹਾਜ਼ਰ ਨਾ ਹੋਇਆ ਹੋਣ ਅਤੇ ਇਸ ਨੂੰ ਵੱਟਸਐਪ ਪੁਰ ਭੇਜੀ ਨੋਟਿਸ ਦੀ ਕਾਪੀ ਇਸ ਵੱਲੋਂ ਸੀਨ ਨਾ ਕੀਤੀ ਗਈ ਹੋਣ ਸਬੰਧੀ ਪੁੱਜੀ ਜਾਣਕਾਰੀ ਦੇ ਸਬੰਧ ਵਿਚ ਦਫ਼ਤਰੀ ਰਿਪੋਰਟਾਂ ਦੇ ਅਧਾਰ ਪੁਰ ਇਸ ਨੋਟਿਸ ਰਾਹੀਂ ਸਬੰਧਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਡਿਊਟੀ ਹੋਵੇ, ਹਾਜ਼ਰ ਡਿਊਟੀ ਨਾ ਹੋਣ ਦੀ ਸੂਰਤ ਵਿਚ ਗੈਰ ਹਾਜ਼ਰ ਰਹਿਣ ਦੇ ਦੋਸ਼ ਵਿਚ ਇਸ ਨੂੰ ਸਰਵਿਸ ਤੋਂ ਵਿਹਲਾ ਕਰ ਦਿੱਤਾ ਜਾਵੇਗਾ। ਬਾਅਦ ਵਿਚ ਕਿਸੇ ਕਿਸਮ ਦੀ ਕੋਈ ਅਪੀਲ/ਉੱਜਰ ਨਹੀਂ ਸੁਣੀ ਜਾਵੇਗੀ।

ਸਕੱਤਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਨਗਰ ਨਿਗਮ ਚੰਡੀਗੜ੍ਹ

ਟੈਂਡਰ ਸੂਚਨਾ

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 2 | | | |
| 1. | ਮਾਡਰਨ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ ਵਿੱਚ ਪਾਰਕਾਂ ਦੇ ਆਲੇ-ਦੁਆਲੇ ਖਰਾਬ ਹੋਏ ਫੁੱਟਪਾਥ ਦੀ ਮੁਰੰਮਤ। (ਸੜਕਾਂ/ਪਾਰਕਿੰਗ ਸਥਾਨਾਂ ਦੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਿੱਚ ਸੁਧਾਰ) ਅਨੁਮਾਨਿਤ ਲਾਗਤ: 32.12 ਲੱਖ ਰੁਪਏ ਬਿਆਨਾ ਰਕਮ : 64,250/- ਰੁਪਏ ਸਮਾਂ ਹੱਦ : 04 ਮਹੀਨੇ | 11.02.2026 To 18.02.2026 upto 12.00 noon | 18.02.2026 at 12.00 noon |
| 2. | ਸੈਕਟਰ 30-ਸੀ ਅਤੇ ਡੀ, ਚੰਡੀਗੜ੍ਹ ਵਿਖੇ ਮਾਰਕੀਟ ਦੇ ਸਾਹਮਣੇ ਦਾ ਅਪਗ੍ਰੇਡੇਸ਼ਨ। (ਸੜਕਾਂ/ਪਾਰਕਿੰਗ ਸਥਾਨਾਂ ਦੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਿੱਚ ਸੁਧਾਰ) ਅਨੁਮਾਨਿਤ ਲਾਗਤ: 39.37 ਲੱਖ ਰੁਪਏ ਬਿਆਨਾ ਰਕਮ: 78,738/- ਰੁਪਏ ਸਮਾਂ ਹੱਦ : 04 ਮਹੀਨੇ | 11.02.2026 To 18.02.2026 upto 12.00 noon | 18.02.2026 at 12.00 noon |
| ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3 | | | |
| 3. | ਸੜਕਾਂ ਉਪ-ਵਿਭਾਗ ਨੰ. 1 ਅਤੇ 2, ਐਮ.ਸੀ., ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਵੱਖ-ਵੱਖ ਸੜਕਾਂ 'ਤੇ ਥਰਮੋਪਲਾਸਟਿਕ ਪੇਂਟ ਪ੍ਰਦਾਨ ਕਰਨਾ ਅਤੇ ਵਿਛਾਉਣਾ। ਮੁਖੀ: ਸੜਕ/ਪਾਰਕਿੰਗ ਸਥਾਨਾਂ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦਾ ਇੰਪ. ਅਨੁਮਾਨਿਤ ਲਾਗਤ: ਰੁਪਏ 43.90 ਲੱਖ ਬਿਆਨਾ ਰਕਮ : 87,800/- ਰੁਪਏ ਸਮਾਂ ਹੱਦ 10 ਮਹੀਨੇ | 10.02.2026 To 17.02.2026 up to 12.00 noon | 17.02.2026 at 15.00 PM |
| ਕਾਰਜਕਾਰੀ ਇੰਜੀਨੀਅਰ - ਐਮਸੀਪੀਐਚ ਡਵੀਜ਼ਨ ਨੰ. 1 | | | |
| 4. | ਸੀਵੇਜ ਸੰਪ ਪੰਪ ਸੈਕਟਰ-55 ਅਤੇ ਸੀਵੇਜ ਸੰਪ ਪੰਪ ਸੈਕਟਰ-56 ਵਿਖੇ ਨਾਨ ਕਲੌਂਗ ਸੀਵੇਜ ਸਬਮਰਸੀਬਲ ਪੰਪ ਸੈੱਟ ਪ੍ਰਦਾਨ ਕਰਨਾ ਅਤੇ ਸਥਾਪਿਤ ਕਰਨਾ SDE MCPH ਸਬ ਡਿਵੀਜ਼ਨ ਨੰਬਰ 13, ਚੰਡੀਗੜ੍ਹ (ch. to. Amrut 2.0) ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਰਕਮ: 24,04,290/- ਰੁਪਏ ਬਿਆਨਾ ਰਕਮ : 48,085/- ਰੁਪਏ ਸਮਾਂ ਹੱਦ : 04 ਮਹੀਨੇ | 09.02.2026 To 16.02.2026 at 03:00 PM | 16.02.2026 at 03:30 PM |
| 5 | ਡੀ.ਆਈ. ਪ੍ਰਦਾਨ ਕਰਨਾ ਅਤੇ ਵਿਛਾਉਣਾ। ਵੱਖ-ਵੱਖ ਗਲੀਆਂ (ਲਾਇਬ੍ਰੇਰੀ ਦੇ ਨੇੜੇ ਅਤੇ ਪਿੰਡ ਬੁੜੈਲ, ਚੰਡੀਗੜ੍ਹ ਵਿੱਚ ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋਣ ਤੋਂ ਬਚਣ ਲਈ ਗੁਰਦੁਆਰਾ ਸਾਹਿਬ ਸੈਣੀ ਮੁਹੱਲਾ ਦੇ ਪਿੱਛੇ) ਵਿੱਚ ਛੱਡੇ ਹੋਏ ਖੇਤਰ ਵਿੱਚ ਪਾਣੀ ਸਪਲਾਈ ਪਾਈਪ ਲਾਈਨ। ਰਕਮ : 45,23,375/- ਰੁਪਏ ਬਿਆਨਾ ਰਕਮ : 90,467/- ਰੁਪਏ ਸਮਾਂ ਹੱਦ: 04 ਮਹੀਨੇ | 10.02.2026 To 20.02.2026 at 11:00 AM | 20.02.2026 at 11:30 AM |
| ਕਾਰਜਕਾਰੀ ਇੰਜੀਨੀਅਰ - ਐਸਡਬਲਿਊਐਮ ਡਵੀਜ਼ਨ | | | |
| 6 | ਸ਼ਾਸਤਰੀ ਮਾਰਕੀਟ ਅਤੇ ਸਨ ਬੀਮ ਹੋਟਲ, ਸੈਕਟਰ-22, ਚੰਡੀਗੜ੍ਹ ਦੇ ਪਿੱਛੇ (ਚੌਥਾਈ ਹੈੱਡ SWD ਸਿਸਟਮ ਤੱਕ) ਵਿੱਚ ਤੂਫਾਨੀ ਪਾਣੀ ਦੀ ਨਿਕਾਸੀ ਪ੍ਰਣਾਲੀ ਪ੍ਰਦਾਨ ਕਰਨਾ ਅਤੇ ਵਿਛਾਉਣਾ। ਰਕਮ: 30,80,695/- ਰੁਪਏ ਬਿਆਨਾ ਰਕਮ : 61,620/- ਰੁਪਏ ਸਮਾਂ ਹੱਦ : 04 ਮਹੀਨੇ ਟੈਂਡਰ ਫੀਸ: 3,000/- ਰੁਪਏ | 10.02.2026 at 5:00 P.M To 20.02.2026 at 03:00 P.M | 20.02.2026 at 03:30 P.M |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ।

ਕਾਰਜਕਾਰੀ ਇੰਜੀਨੀਅਰ
ਸੜਕ ਮੰਡਲ ਨੰ. 2, ਸੜਕ ਮੰਡਲ ਨੰ. 3, ਐਮ.ਸੀ. ਪੀ.ਐਚ. ਡਵੀਜ਼ਨ ਨੰ. 1 ਅਤੇ ਐਸਡਬਲਿਊਐਮ ਡਵੀਜ਼ਨ, ਐਮਸੀ, ਚੰਡੀਗੜ੍ਹ



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਜਰਨੈਲ ਸ਼ਾਮ ਸਿੰਘ ਅਟਾਰੀ ਦੇ 180ਵੇਂ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਸਰਕਾਰ ਵੱਲੋਂ ਨਰਾਇਣਗੜ੍ਹ ਤੇ ਅਟਾਰੀ ਵਿਖੇ ਰਾਜ ਪੱਧਰੀ ਸਮਾਗਮ

ਚੰਡੀਗੜ੍ਹ/ ਅੰਮ੍ਰਿਤਸਰ, 10 ਫਰਵਰੀ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦਾ 180ਵਾਂ ਸ਼ਹੀਦੀ ਦਿਹਾੜਾ ਅੱਜ ਇੰਡੀਆ ਗੇਟ ਤੇ ਅਟਾਰੀ ਸਮਾਧ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਰਾਜ ਪੱਧਰੀ ਸ਼ਹੀਦੀ ਸਮਾਗਮ ਮੌਕੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਮੁੱਖ ਮਹਿਮਾਨ ਤੇ ਜਸਵਿੰਦਰ ਸਿੰਘ ਰਮਦਾਸ ਹਲਕਾ ਵਿਧਾਇਕ ਅਟਾਰੀ ਤੇ ਡਾ. ਜਸਬੀਰ ਸਿੰਘ ਸੰਧੂ ਵਿਧਾਇਕ ਅੰਮ੍ਰਿਤਸਰ ਪੱਛਮੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਇੰਡੀਆ ਗੇਟ ਵਿਖੇ ਬਣਾਏ ਗਏ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ ਸਮਾਰਕ 'ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਬ੍ਰਿਗੇਡੀਅਰ ਐੱਸ.ਐੱਸ. ਜਾਮਵਾਲ, ਕਮਾਂਡਰ 54 ਇੰਨਫੈਂਟਰੀ ਬ੍ਰਿਗੇਡ, ਕਰਨਲ ਸੁਮਿਤ ਸ਼ਰਮਾ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਐੱਸ.ਡੀ.ਐੱਮ. ਮਨਕੰਵਲ ਸਿੰਘ ਚਾਹਲ, ਕਰਨਲ ਹਰਿੰਦਰ ਸਿੰਘ, ਕਰਨਲ ਕੁਲਦੀਪ ਸਿੰਘ ਨੇ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਬੁੱਤ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਪੰਜਾਬ ਪੁਲਿਸ ਦੇ ਜਵਾਨਾਂ ਵਲੋਂ ਮਹਾਨ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੂੰ ਹਥਿਆਰ ਉਲਟੇ ਕਰਕੇ ਸਲਾਮੀ ਵੀ ਦਿੱਤੀ ਗਈ।

ਇਸ ਉਪਰੰਤ ਅਟਾਰੀ ਵਿਖੇ ਸ. ਸ਼ਾਮ ਸਿੰਘ ਅਟਾਰੀਵਾਲਾ ਦੀ ਸਮਾਧ ਵਿਖੇ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਧਾਰਮਿਕ ਦੀਵਾਨ ਸਜਾਏ ਗਏ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜੀਤ ਸਿੰਘ ਬੈਂਕਾ ਵੱਲੋਂ ਗੁਰੂ ਜਸ ਗਾਇਨ ਕੀਤਾ ਗਿਆ ਤੇ ਭਾਈ ਗੁਰਪ੍ਰੀਤ ਸਿੰਘ ਭੰਗੂ ਦੇ ਢਾਡੀ ਜਥੇ ਵੱਲੋਂ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ ਜੀਵਨ ਤੇ ਉਨ੍ਹਾਂ ਦੀ ਸ਼ਹਾਦਤ ਦਾ ਬਿਰਤਾਂਤ ਸੰਗਤਾਂ ਨਾਲ ਸਾਂਝਾ ਕੀਤਾ। ਵੱਡੀ ਗਿਣਤੀ 'ਚ ਲੋਕਾਂ ਨੇ ਅਟਾਰੀ ਵਿਖੇ ਪਹੁੰਚ ਕੇ ਮਹਾਨ ਜਰਨੈਲ ਸ਼ਾਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਸ. ਸ਼ਾਮ ਸਿੰਘ ਅਟਾਰੀ ਵਾਲਾ ਜੀ ਦੀ ਸਮਾਧ ਉੱਪਰ ਨਤਮਸਤਕ ਹੋ ਕੇ ਉਨ੍ਹਾਂ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਮਿਊਜ਼ੀਅਮ ਦਾ ਦੌਰਾ ਵੀ ਕੀਤਾ। ਉਪਰੰਤ ਧਾਰਮਿਕ ਦੀਵਾਨ ਵਿੱਚ ਨੂੰ ਸ. ਸ਼ਾਮ ਸਿੰਘ ਅਟਾਰੀਵਾਲਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਸਿੱਖ ਕੌਮ ਦੇ ਮਹਾਨ ਜਰਨੈਲ ਹੋਏ ਹਨ ਤੇ ਐਂਗਲੋ-ਸਿੱਖ ਯੁੱਧ ਦੌਰਾਨ ਸਭਰਾਉਂ ਦੀ ਜੰਗ ਵਿੱਚ ਆਖ਼ਰੀ ਦਮ ਤੱਕ ਜੂਝਣ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਬਹਾਦਰੀ ਤੇ ਸ਼ਹਾਦਤ ਦੀ ਪ੍ਰਸੰਸਾ ਅੰਗਰੇਜ਼ਾਂ ਨੇ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਆਪਣੇ ਸ਼ਹੀਦਾਂ ਨੂੰ ਯਾਦ ਰੱਖਣਾ ਸਾਡਾ ਇਖ਼ਲਾਕੀ ਫ਼ਰਜ਼ ਹੈ।

ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਅਟਾਰੀ ਪਿੰਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਤਾਂ ਜੋ ਰੀਟਰੀਟ ਦੇਖਣ ਆਉਣ ਵਾਲੇ ਯਾਤਰੂ ਅਟਾਰੀਵਾਲਾ ਦੀ ਸਮਾਧ ਤੇ ਆਉਣ ਅਤੇ ਆਪਣੇ ਬੱਚਿਆਂ ਨੂੰ ਉਨਾਂ ਦੀ ਸ਼ਹਾਦਤ ਬਾਰੇ ਦੱਸਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਅਤੇ ਆਪਣੇ ਬੱਚਿਆਂ ਨੂੰ ਵੀ ਇਤਿਹਾਸ ਤੋਂ ਜਾਣੂੰ ਕਰਾਉਣ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਾਨ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹਾਦਤ ਨੂੰ ਸਿਜਦਾ ਕਰਦੀ ਹੈ ਜਿਨ੍ਹਾਂ ਨੇ ਆਪਣੀ ਜਾਨ ਨੂੰ ਦੇਸ਼-ਕੌਮ ਲਈ ਕੁਰਬਾਨ ਕਰ ਦਿੱਤਾ। ਇਸ ਮੌਕੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪਰਿਵਾਰ ਦੇ ਮੈਂਬਰਾਂ ਅਤੇ ਟਰੱਸਟ ਦੇ ਅਹੁਦੇਦਾਰ ਕਰਨਲ ਹਰਿੰਦਰ ਸਿੰਘ ਅਟਾਰੀ, ਮਲਵਿੰਦਰ ਅਟਾਰੀ, ਬੀਰ ਇੰਦਰ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੱਧੂ, ਬੀਬਾ ਅਮਿਤੇਸ਼ਵਰ ਕੌਰ, ਬੀਬਾ ਜਸਪ੍ਰੀਤ ਕੌਰ, ਬੀਬਾ ਸੰਦੀਪ ਕੌਰ, ਦਿਨੇਸ਼ ਸਿੰਘ ਸਿੱਧੂ, ਇੰਦਰ ਜਸਬੀਰ ਸਿੰਘ ਸੰਧੂ ਲੋਪੋਕੇ, ਅਨੰਤਬੀਰ ਸਿੰਘ, ਚਰਨਜੀਤ ਸਿੰਘ, ਰਮਨਦੀਪ ਕੌਰ, ਰਵੀ ਇੰਦਰ ਸਿੰਘ, ਕਰਨਲ ਗੁਰਬੰਤ ਸਿੰਘ, ਹਰਮਨ ਸਿੰਘ, ਜਸਕਿਰਨ ਕੌਰ, ਰਮਨਦੀਪ ਕੌਰ, ਸਰਪੰਚ ਅਟਾਰੀ ਹਰਪ੍ਰੀਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਉੱਘੀ ਲੇਖਿਕਾ ਡਾ. ਕੁਲਵਿੰਦਰ ਕੌਰ ਮਿਨਹਾਸ ਦੀ ਕਿਤਾਬ 'ਸਿੱਖ ਰਾਜ ਦੇ ਆਖ਼ਰੀ ਥੰਮ-ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਨੂੰ ਰਿਲੀਜ਼ ਵੀ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਧਰਮਪਤਨੀ ਸੁਰਿੰਦਰ ਕੌਰ, ਭਾਰਤੀ ਹਵਾਈ ਸੈਨਾ ਦੇ ਸਾਬਕਾ ਅਧਿਕਾਰੀ ਨਿਰਮਲ ਸਿੰਘ ਬੇਦੀ, ਕਰਨਲ ਕੁਲਦੀਪ ਸਿੰਘ, ਧੰਨ-ਧੰਨ ਬਾਬਾ ਦੀਪ ਸਿੰਘ ਜੀ ਹਰਿਆਲੀ ਮਿਸ਼ਨ ਦੇ ਪ੍ਰਧਾਨ ਕੰਵਲਜੀਤ ਸਿੰਘ, ਰਛਪਾਲ ਸਿੰਘ, ਸੂਬੇਦਾਰ ਮੇਜਰ ਮਨਜੀਤ ਸਿੰਘ, ਨਰਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਵੀ ਹਾਜ਼ਰ ਸਨ।

# ਨਸ਼ਾ ਤਸਕਰਾਂ ਦੇ ਸਿਆਸੀ ਸਰਪ੍ਰਸਤਾਂ ਨਾਲ ਰਾਜਪਾਲ ਦੀ ਯਾਤਰਾ, ਸਿਰਫ਼ ਦਿਖਾਵਾ : ਧਾਲੀਵਾਲ

ਚੰਡੀਗੜ੍ਹ, 10 ਫਰਵਰੀ (ਅੰਮ੍ਰਿਤਪਾਲ ਸਿੰਘ): 'ਆਪ' ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਯਾਤਰਾ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੇ ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਲਗਾਤਾਰ ਯਾਤਰਾਵਾਂ ਕੱਢ ਰਹੀ ਹੈ। ਪਰ ਸਾਡੀ ਸਰਕਾਰ ਦੀ ਸਫਲਤਾ ਤੋਂ ਬੌਖਲਾ ਕੇ ਰਾਜਪਾਲ ਸਾਹਿਬ ਨੇ ਜੋ ਆਪਣੀ ਵੱਖਰੀ ਯਾਤਰਾ ਸ਼ੁਰੂ ਕੀਤੀ ਹੈ, ਉਸ ਦਾ ਤਰੀਕਾ ਅਤੇ ਉਸ ਵਿੱਚ ਸ਼ਾਮਲ ਲੋਕ ਕਈ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਮੰਗਲਵਾਰ ਨੂੰ ਪਾਰਟੀ ਦਫ਼ਤਰ ਵਿਖੇ ਇੱਕ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਅਸੀਂ ਨਸ਼ਿਆਂ ਖ਼ਿਲਾਫ਼ ਕਿਸੇ ਵੀ ਮੁਹਿੰਮ ਦੇ ਵਿਰੋਧੀ ਨਹੀਂ ਹਾਂ ਅਤੇ ਚਾਹੁੰਦੇ ਹਾਂ ਕਿ ਹਰ ਵਿਅਕਤੀ ਇਸ ਲੜਾਈ ਦਾ ਹਿੱਸਾ ਬਣੇ, ਪਰ ਰਾਜਪਾਲ ਦਾ ਉਨ੍ਹਾਂ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਨਿੰਦਣਯੋਗ ਹੈ ਜੋ ਖ਼ੁਦ ਪੰਜਾਬ ਵਿੱਚ ਨਸ਼ਾ ਫੈਲਾਉਣ ਲਈ ਜ਼ਿੰਮੇਵਾਰ ਹਨ।

ਧਾਲੀਵਾਲ ਨੇ ਰਾਜਪਾਲ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਜਿਸ ਯਾਤਰਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਆਗੂ ਅਸ਼ਵਨੀ ਸ਼ਰਮਾ ਨਾਲ ਬੈਠੇ ਹੋਣ, ਉਹ ਯਾਤਰਾ ਨਸ਼ਾ ਖ਼ਤਮ ਕਰਨ ਲਈ ਨਹੀਂ



ਸਗੋਂ ਅਪਰਾਧੀਆਂ ਨੂੰ ਬਚਾਉਣ ਦੀ ਕੋਸ਼ਿਸ਼ ਜਾਪਦੀ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਸਾਹਿਬ ਨੂੰ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਮਝਣਾ ਚਾਹੀਦਾ ਸੀ ਕਿ ਪੰਜ ਦਰਿਆਵਾਂ ਦੀ ਇਸ ਧਰਤੀ 'ਤੇ ਨਸ਼ੇ ਦਾ 'ਛੇਵਾਂ ਦਰਿਆ' ਕੌਣ ਲੈ ਕੇ ਆਇਆ ਸੀ। 2007 ਤੋਂ 2017 ਤੱਕ ਪੰਜਾਬ ਵਿੱਚ ਜਿਨ੍ਹਾਂ ਦੀ ਸਰਕਾਰ ਰਹੀ, ਉਨ੍ਹਾਂ ਦੇ ਰਾਜ ਵਿੱਚ ਹੀ ਨਸ਼ਾ ਫਲਿਆ-ਫੁੱਲਿਆ ਤੇ ਅੱਜ ਉਹੀ ਲੋਕ ਰਾਜਪਾਲ ਨਾਲ ਮੰਚ ਸਾਂਝਾ ਕਰ ਰਹੇ ਹਨ। ਇਹ ਉਹੀ ਲੋਕ ਹਨ ਜਿਨ੍ਹਾਂ ਨੇ ਸੱਤਾ ਵਿੱਚ ਰਹਿੰਦਿਆਂ ਨਸ਼ਾ ਤਸਕਰਾਂ ਨੂੰ ਪਨਾਹ ਦਿੱਤੀ।

'ਆਪ' ਆਗੂ ਨੇ ਅੱਗੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਜਿਨ੍ਹਾਂ ਤਾਕਤਾਂ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕੀਤਾ, ਉਹ ਕਿਸ ਮੂੰਹ ਨਾਲ ਨਸ਼ਿਆਂ ਵਿਰੁੱਧ ਯਾਤਰਾ ਕੱਢ ਰਹੇ ਹਨ। ਰਾਜਪਾਲ ਸਾਹਿਬ ਅੱਜ ਉਨ੍ਹਾਂ ਹੀ ਤਾਕਤਾਂ ਨੂੰ ਉਤਸ਼ਾਹਿਤ ਕਰ ਰਹੇ ਹਨ ਜਿਨ੍ਹਾਂ ਨੇ ਪੰਜਾਬ ਦਾ ਭਵਿੱਖ ਹਨੇਰੇ ਵਿੱਚ ਧੱਕਿਆ। ਧਾਲੀਵਾਲ ਨੇ ਕਿਹਾ ਕਿ ਜੇਕਰ ਰਾਜਪਾਲ ਵਾਕਈ ਗੰਭੀਰ ਹਨ, ਤਾਂ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ ਜੋ ਪਿਛਲੇ ਕਈ ਸਾਲਾਂ ਤੋਂ ਜ਼ਮੀਨੀ ਪੱਧਰ 'ਤੇ ਨਸ਼ਿਆਂ ਵਿਰੁੱਧ ਇਮਾਨਦਾਰੀ ਨਾਲ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਨਸ਼ਾ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਰਿਹਾ ਹੈ ਤੇ ਅਸੀਂ ਪਿਛਲੇ 4 ਸਾਲਾਂ ਤੋਂ ਇਸ ਵਿਰੁੱਧ ਫੈਸਲਾਕੁੰਨ ਜੰਗ ਲੜ ਰਹੇ ਹਾਂ।

ਕੁਲਦੀਪ ਧਾਲੀਵਾਲ ਨੇ ਕਿਹਾ ਕਿ ਰਾਜਪਾਲ ਦੀ ਯਾਤਰਾ ਵਿੱਚ ਪੰਜਾਬ ਨੂੰ ਬਰਬਾਦ ਕਰਨ ਵਾਲੇ ਗੁਨਾਹਗਾਰਾਂ ਦਾ ਸ਼ਾਮਲ ਹੋਣਾ ਬੇਹੱਦ ਨਿਰਾਸ਼ਾਜਨਕ ਹੈ। ਪੰਜਾਬ ਦੀ ਜਨਤਾ ਸਭ ਦੇਖ ਰਹੀ ਹੈ ਤੇ ਉਹ ਜਾਣਦੀ ਹੈ ਕਿ ਕੌਣ ਨਸ਼ਿਆਂ ਵਿਰੁੱਧ ਲੜ ਰਿਹਾ ਹੈ ਤੇ ਕੌਣ ਨਸ਼ਾ ਵੇਚਣ ਵਾਲਿਆਂ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਪਣੀ ਮੁਹਿੰਮ ਜਾਰੀ ਰੱਖੇਗੀ, ਪਰ ਨਸ਼ਾ ਤਸਕਰਾਂ ਦੇ ਸਿਆਸੀ ਆਕਾਵਾਂ ਨਾਲ ਮਿਲ ਕੇ ਕੱਢੀ ਜਾਣ ਵਾਲੀ ਅਜਿਹੀ ਕਿਸੇ ਵੀ ਯਾਤਰਾ ਦਾ ਪੰਜਾਬ ਦੇ ਲੋਕ ਸਮਰਥਨ ਨਹੀਂ ਕਰਨਗੇ।

# ਪੰਜਾਬ ਦੇ ਯਤਨਾਂ ਨੂੰ ਪਿਆ ਬੂਰ; "ਜੀ-4 ਪੋਟਾਸ਼ ਖੋਜ ਪ੍ਰਾਜੈਕਟ" ਨੂੰ ਮਿਲੀ ਮਨਜ਼ੂਰੀ" : ਬਰਿੰਦਰ ਕੁਮਾਰ ਗੋਇਲ

ਚੰਡੀਗੜ੍ਹ,10 ਫ਼ਰਵਰੀ (ਚ.ਨ.ਸ.): ਪੰਜਾਬ ਦੇ ਖਣਨ ਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪੰਜਾਬ ਭਰ ਦੇ ਸਾਰੇ ਖਣਿਜ ਭਰਪੂਰ ਖੇਤਰਾਂ ਦੀ ਤੁਰੰਤ ਸ਼ਨਾਖ਼ਤ ਕਰਨ ਸਬੰਧੀ ਮੁੱਦੇ ਨੂੰ ਵੱਡੀ ਪੱਧਰ 'ਤੇ ਉਠਾਏ ਜਾਣ ਪਿੱਛੋਂ ਕੇਂਦਰੀ ਖਣਨ ਮੰਤਰਾਲੇ ਦੇ ਕੌਮੀ ਮਿਨਰਲ ਐਕਸਪਲੋਰੇਸ਼ਨ ਐਂਡ ਡਿਵੈਲਪਮੈਂਟ ਟਰੱਸਟ ਦੀ ਪ੍ਰਾਜੈਕਟ ਸੈਂਕਸ਼ਨਿੰਗ ਕਮੇਟੀ ਦੀ 9 ਫ਼ਰਵਰੀ, 2026 ਨੂੰ ਹੋਈ ਮੀਟਿੰਗ ਦੌਰਾਨ "ਪੰਜਾਬ ਦੇ ਜ਼ਿਲ੍ਹਾ ਫ਼ਾਜ਼ਿਲਕਾ ਦੇ ਚਵਾੜਿਆਂਵਾਲੀ ਖੇਤਰ ਵਿੱਚ ਪੋਟਾਸ਼ ਲਈ ਖੋਜ ਸਰਵੇਖਣ ਜੀ-4" ਸਿਰਲੇਖ ਵਾਲੇ ਨਵੇਂ ਖੋਜ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਹ ਪ੍ਰਾਜੈਕਟ ਮਿਨਰਲ ਐਕਸਪਲੋਰੇਸ਼ਨ ਐਂਡ ਕੰਸਲਟੈਂਸੀ ਲਿਮਟਿਡ ਵੱਲੋਂ 21 ਮਹੀਨਿਆਂ ਦੀ ਮਿਆਦ ਅੰਦਰ 1903.11 ਲੱਖ ਰੁਪਏ ਦੀ ਅਨੁਮਾਨਤ ਲਾਗਤ ਨਾਲ 48.0 ਵਰਗ ਕਿਲੋਮੀਟਰ ਖੇਤਰ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਵਾਨਿਤ ਯੋਜਨਾ ਅਨੁਸਾਰ 9 ਮਹੀਨਿਆਂ ਬਾਅਦ ਪ੍ਰਾਜੈਕਟ ਦੀ ਸਮੀਖਿਆ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ 3200 ਮੀਟਰ ਦੇ ਗਰਿੱਡ ਅੰਤਰਾਲ 'ਤੇ 5700 ਮੀਟਰ ਦੀ ਕੁੱਲ ਡ੍ਰਿਲਿੰਗ ਸਮੇਤ ਛੇ ਬੋਰਹੋਲ ਕੀਤੇ ਜਾਣਗੇ। ਸਮੀਖਿਆ ਤੋਂ ਬਾਅਦ ਪਛਾਣੇ ਗਏ ਸੰਭਾਵੀ ਜ਼ੋਨਾਂ ਵਿੱਚ ਦੂਜੇ ਪੜਾਅ ਤਹਿਤ 1600 ਮੀਟਰ ਦੇ ਗਰਿੱਡ ਅੰਤਰਾਲ 'ਤੇ 8550 ਮੀਟਰ ਦੀ ਕੁੱਲ ਡ੍ਰਿਲਿੰਗ ਸਮੇਤ ਨੌਂ ਵਾਧੂ ਬੋਰਹੋਲ ਕੀਤੇ ਜਾਣਗੇ।



ਜ਼ਿਕਰਯੋਗ ਹੈ ਕਿ ਪਿਛਲੇ ਜਨਵਰੀ ਮਹੀਨੇ ਦੌਰਾਨ ਪੰਜਾਬ ਦੇ ਖਣਨ ਤੇ ਭੂ-ਵਿਗਿਆਨ ਮੰਤਰੀ ਬਰਿੰਦਰ ਗੋਇਲ ਨੇ ਗੁਜਰਾਤ ਦੇ ਗਾਂਧੀਨਗਰ ਵਿਖੇ ਕਰਵਾਏ ਗਏ ਤਿੰਨ ਰੋਜ਼ਾ ਕੌਮੀ ਖਣਿਜ ਚਿੰਤਨ ਸੰਮੇਲਨ-2026 ਦੌਰਾਨ ਪੰਜਾਬ ਵਿੱਚ ਪੋਟਾਸ਼ ਦੀ ਖੋਜ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਿਆ ਸੀ। ਉਨ੍ਹਾਂ ਨੇ ਫ਼ਾਜ਼ਿਲਕਾ ਜ਼ਿਲ੍ਹੇ ਵਿੱਚ ਪੋਟਾਸ਼ ਦੇ ਸੰਭਾਵਿਤ ਸਰੋਤਾਂ ਦੀ ਪਛਾਣ ਦਾ ਮੁੱਦਾ ਚੁੱਕਦਿਆਂ ਫੀਲਡ ਸੀਜ਼ਨ 2025-26 ਦੌਰਾਨ ਡ੍ਰਿਲਿੰਗ ਅਤੇ ਭੂ-ਵਿਗਿਆਨਕ ਮੈਪਿੰਗ ਦੇ ਕੰਮਾਂ ਵਿੱਚ ਤੇਜ਼ੀ ਲਿਆਉਣ ਲਈ ਵੀ ਕਿਹਾ ਸੀ। ਇਸੇ ਦੌਰਾਨ ਕੈਬਨਿਟ ਮੰਤਰੀ ਨੇ ਕੇਂਦਰੀ ਏਜੰਸੀਆਂ ਨੂੰ ਅਪੀਲ ਕੀਤੀ ਸੀ ਕਿ ਪੰਜਾਬ ਵਿੱਚ ਪੋਟਾਸ਼ ਦੀ ਖੋਜ ਨੂੰ ਤਰਜੀਹ ਦਿੱਤੀ ਜਾਵੇ ਕਿਉਂਕਿ ਇਸ ਦਾ ਸਿੱਧਾ ਸਬੰਧ ਦੇਸ਼ ਦੀ ਖ਼ੁਰਾਕ ਸੁਰੱਖਿਆ ਅਤੇ ਕਿਸਾਨਾਂ ਦੀ ਭਲਾਈ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸੂਬੇ ਭਰ ਦੇ ਖਣਿਜ ਭਰਪੂਰ ਖੇਤਰਾਂ ਵਿੱਚ ਭਰੋਸੇਯੋਗ ਢੰਗ ਨਾਲ ਖਣਿਜ ਸੂਚੀ ਤਿਆਰ ਕਰਨ ਲਈ ਸਮੇਂ ਸਿਰ ਕਾਰਵਾਈ ਦੀ ਮੰਗ ਵੀ ਕੀਤੀ ਸੀ।

ਪੰਜਾਬ ਸਰਕਾਰ ਵੱਲੋਂ ਖੋਜ ਖੇਤਰ ਦੇ ਵਿਸਥਾਰ ਬਾਰੇ ਬੇਨਤੀ ਤੋਂ ਬਾਅਦ ਭਾਰਤੀ ਭੂ-ਵਿਗਿਆਨਕ ਸਰਵੇਖਣ ਵਿਭਾਗ ਨੇ ਫੀਲਡ ਸੀਜ਼ਨ 2026-27 ਦੌਰਾਨ ਫ਼ਾਜ਼ਿਲਕਾ ਜ਼ਿਲ੍ਹੇ ਦੇ ਕੇਰਾ-ਖੇੜਾ ਬਲਾਕ ਤੇ ਸਈਅਦਵਾਲਾ ਬਲਾਕ ਵਿੱਚ ਪੋਟਾਸ਼ ਲਈ ਸ਼ੁਰੂਆਤੀ ਸਰਵੇਖਣ ਅਤੇ ਕੰਧਵਾਲਾ-ਰਾਮਸਰਾ ਬਲਾਕ ਵਿੱਚ ਸ਼ੁਰੂਆਤੀ ਖੋਜ ਪ੍ਰੋਗਰਾਮ ਦੀ ਤਜਵੀਜ਼ ਰੱਖੀ ਹੈ। ਇਸ ਪ੍ਰੋਗਰਾਮ ਤਹਿਤ ਪਛਾਣੀਆਂ ਗਈਆਂ 15 ਸੰਭਾਵੀ ਥਾਵਾਂ 'ਤੇ ਡ੍ਰਿਲਿੰਗ ਕੀਤੀ ਜਾਣੀ ਹੈ। ਕੈਬਨਿਟ ਮੰਤਰੀ ਨੇ ਮੰਗ ਕੀਤੀ ਕਿ ਸੂਬੇ ਦੇ ਪੋਟਾਸ਼ ਸਰੋਤ ਆਧਾਰ ਨੂੰ ਮਜ਼ਬੂਤ ਕਰਨ ਲਈ ਸਾਰੇ ਪ੍ਰਸਤਾਵਿਤ ਬਲਾਕਾਂ ਵਿੱਚ ਕਾਰਜ, ਫੀਲਡ ਸੀਜ਼ਨ 2026-27 ਦੀ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰੇ ਕੀਤੇ ਜਾਣ। ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੋਟਾਸ਼ ਦੇਸ਼ ਲਈ ਬਹੁਤ ਮਹੱਤਵਪੂਰਨ ਅਤੇ ਲਾਹੇਵੰਦ ਹੈ ਕਿਉਂਕਿ ਇਸ ਦੀ ਲਗਭਗ 99 ਫ਼ੀਸਦੀ ਲੋੜ ਦਰਾਮਦ ਰਾਹੀਂ ਪੂਰੀ ਕੀਤੀ ਜਾਂਦੀ ਹੈ ਅਤੇ ਘਰੇਲੂ ਖੋਜ ਤੇ ਮਾਈਨਿੰਗ ਵਿੱਚ ਕਿਸੇ ਵੀ ਪ੍ਰਗਤੀ ਨਾਲ ਕੌਮੀ ਅਰਥਵਿਵਸਥਾ, ਖੇਤੀ ਖੇਤਰ ਅਤੇ ਦੀਰਘ-ਕਾਲੀ ਸਵੈ-ਨਿਰਭਰਤਾ ਟੀਚਿਆਂ ਨੂੰ ਮਜ਼ਬੂਤੀ ਮਿਲੇਗੀ।

# ਡਾ. ਬਲਜੀਤ ਕੌਰ ਵੱਲੋਂ ਨਵ-ਨਿਯੁਕਤ ਭਲਾਈ ਬੋਰਡ ਚੇਅਰਪਰਸਨਜ਼ ਨਾਲ ਪਹਿਲੀ ਅਧਿਕਾਰਤ ਮੀਟਿੰਗ

ਚੰਡੀਗੜ੍ਹ, 10 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਫੈਸਲਾਕੁੰਨ ਅਗਵਾਈ ਹੇਠ, ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਰਾਜ ਭਰ ਵਿੱਚ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਦੇ



ਢਾਂਚੇ ਨੂੰ ਮਜ਼ਬੂਤ ਕਰਨ ਲਈ ਫੈਸਲਾਕੁੰਨ, ਸਮਾਂਬੱਧ ਅਤੇ ਨਤੀਜਾ-ਮੁੱਖੀ ਉਪਾਅ ਲਾਗੂ ਕਰ ਰਹੀ ਹੈ। ਇਹ ਗੱਲ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ। ਪੰਜਾਬ ਭਵਨ ਵਿਖੇ ਵੱਖ-ਵੱਖ ਭਲਾਈ ਬੋਰਡਾਂ ਦੇ ਨਵ-ਨਿਯੁਕਤ ਚੇਅਰਪਰਸਨਾਜ ਨਾਲ ਪਹਿਲੀ ਅਧਿਕਾਰਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਾ. ਬਲਜੀਤ ਕੌਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਲਾਈ ਬੋਰਡਾਂ ਨੂੰ ਸਰਗਰਮੀ, ਜ਼ਿੰਮੇਵਾਰੀ ਅਤੇ ਸਰਕਾਰ ਨਾਲ ਨਜ਼ਦੀਕੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਵੱਖ-ਵੱਖ ਭਲਾਈ ਬੋਰਡਾਂ ਦੇ ਚੇਅਰਪਰਸਨਾਜ ਦੁਆਰਾ ਉਠਾਈਆਂ ਗਈਆਂ ਸਮੱਸਿਆਵਾਂ ਨੂੰ ਬੜੇ ਹੀ ਗੰਭੀਰਤਾ ਨਾਲ ਸੁਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਸਪੱਸ਼ਟ ਅਤੇ ਸਮਾਂਬੱਧ ਨਿਰਦੇਸ਼ ਜਾਰੀ ਕੀਤੇ, ਨਾਲ ਹੀ ਨਿਯਮਤ ਪਾਲਣਾ ਰਿਪੋਰਟਾਂ ਦੀ ਮੰਗ ਵੀ ਕੀਤੀ, ਜਿਸ ਨਾਲ ਦੇਰੀ ਜਾਂ ਪ੍ਰਕਿਰਿਆਤਮਕ ਢਿੱਲ-ਮੱਠ ਦੀ ਕੋਈ ਗੁੰਜਾਇਸ਼ ਨਹੀਂ ਛੱਡੀ ਗਈ। ਡਾ. ਬਲਜੀਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਦਾ ਦ੍ਰਿਸ਼ਟੀਕੋਣ ਭਲਾਈ ਬੋਰਡਾਂ ਦੇ ਗਠਨ ਤੋਂ ਕਿਤੇ ਵੱਧ ਹੈ। "ਸਾਡਾ ਉਦੇਸ਼ ਹਰ ਯੋਗ ਨਾਗਰਿਕ ਨੂੰ ਭਲਾਈ ਯੋਜਨਾਵਾਂ ਦੀ ਪ੍ਰਭਾਵਸ਼ਾਲੀ, ਪਾਰਦਰਸ਼ੀ ਤੇ ਸਿੱਧੀ ਸਪੁਰਦਗੀ ਨੂੰ ਯਕੀਨੀ ਬਣਾਉਣਾ ਹੈ," ਉਨ੍ਹਾਂ ਕਿਹਾ, ਉਨ੍ਹਾਂ ਕਿਹਾ ਕਿ ਸਰਕਾਰ "ਸਭ ਲਈ ਨਿਆਂ, ਸਭ ਲਈ ਵਿਕਾਸ" ਦੇ ਸਿਧਾਂਤ 'ਤੇ ਅਟੁੱਟ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਪ੍ਰਬੰਧ ਅਧੀਨ ਸਮਾਜ ਦੇ ਕਿਸੇ ਵੀ ਵਰਗ ਨੂੰ ਅਣਗੌਲਿਆ ਜਾਂ ਹਾਸ਼ੀਏ 'ਤੇ ਧੱਕਿਆ ਮਹਿਸੂਸ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਮਿਸ਼ਨ ਵਿੱਚ, ਭਲਾਈ ਬੋਰਡਾਂ ਤੋਂ ਸਰਕਾਰੀ ਨੀਤੀਆਂ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਸਮਾਜ ਦੇ ਵਿਭਿੰਨ ਵਰਗਾਂ ਦੀ ਭਲਾਈ ਅਤੇ ਉੱਨਤੀ ਨੂੰ ਯਕੀਨੀ ਬਣਾਉਣ ਲਈ ਕਈ ਭਲਾਈ ਬੋਰਡਾਂ ਦਾ ਗਠਨ ਕੀਤਾ ਹੈ। ਇਨ੍ਹਾਂ ਵਿੱਚ ਕੰਬੋਜ ਭਲਾਈ ਬੋਰਡ, ਬਾਜ਼ੀਗਰ ਅਤੇ ਟਪਰੀਵਾਸ ਭਲਾਈ ਬੋਰਡ, ਬ੍ਰਾਹਮਣ ਭਲਾਈ ਬੋਰਡ, ਖੱਤਰੀ ਅਰੋੜਾ ਭਲਾਈ ਬੋਰਡ, ਦਲਿਤ ਵਿਕਾਸ ਭਲਾਈ ਬੋਰਡ, ਰਾਏ ਸਿੱਖ ਭਲਾਈ ਬੋਰਡ, ਰਾਜਪੂਤ ਭਲਾਈ ਬੋਰਡ, ਵਿਮੁਕਤ ਜਾਤੀ ਭਲਾਈ ਬੋਰਡ, ਪ੍ਰਜਾਪਤੀ ਭਲਾਈ ਬੋਰਡ, ਸੈਣੀ ਭਲਾਈ ਬੋਰਡ, ਰਾਮਗੜ੍ਹੀਆ ਭਲਾਈ ਬੋਰਡ, ਅਗਰਵਾਲ ਭਲਾਈ ਬੋਰਡ, ਗੁੱਜਰ ਭਲਾਈ ਬੋਰਡ, ਬੈਰਾਗੀ ਭਲਾਈ ਬੋਰਡ, ਸਵਰਣਕਾਰ ਭਲਾਈ ਬੋਰਡ, ਸੈਨ ਸਮਾਜ ਭਲਾਈ ਬੋਰਡ, ਪੰਜਾਬ ਰਾਜ ਮੁਸਲਿਮ ਵਿਕਾਸ ਬੋਰਡ, ਪ੍ਰਵਾਸੀ ਭਲਾਈ ਬੋਰਡ, ਕਨੌਜੀਆ ਭਲਾਈ ਬੋਰਡ, ਮਸੀਹ ਭਲਾਈ ਬੋਰਡ ਅਤੇ ਸੂਫੀ ਸੰਤ ਸਮਾਜ ਭਲਾਈ ਬੋਰਡ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਭਲਾਈ ਬੋਰਡ ਆਪਣੇ ਭਾਈਚਾਰਿਆਂ ਨੂੰ ਦਰਪੇਸ਼ ਸਮਾਜਿਕ, ਆਰਥਿਕ ਤੇ ਵਿਦਿਅਕ ਚੁਣੌਤੀਆਂ ਦਾ ਲੋੜ-ਅਧਾਰਤ ਮੁਲਾਂਕਣ ਕਰਨਗੇ, ਸਰਕਾਰ ਨੂੰ ਠੋਸ ਨੀਤੀਗਤ ਸਿਫਾਰਸ਼ਾਂ ਸੌਂਪਣਗੇ ਤੇ ਪ੍ਰਸ਼ਾਸਨ ਤੇ ਲੋਕਾਂ ਵਿਚਕਾਰ ਇੱਕ ਮਜ਼ਬੂਤ ਅਤੇ ਜਵਾਬਦੇਹ ਸੰਸਥਾਗਤ ਪੁਲ ਵਜੋਂ ਕੰਮ ਕਰਨਗੇ। ਡਾ. ਬਲਜੀਤ ਕੌਰ ਨੇ ਅੱਗੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਸਰਕਾਰ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦੀ ਹੈ ਕਿ ਉਹ ਰਾਜ ਭਰ ਵਿੱਚ ਸਮਾਵੇਸ਼ੀ ਵਿਕਾਸ, ਸਮਾਜਿਕ ਨਿਆਂ ਤੇ ਇੱਕ ਸਦਭਾਵਨਾਪੂਰਨ ਤੇ ਬਰਾਬਰੀ ਵਾਲੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤੀ ਪ੍ਰਦਾਨ ਕਰ ਰਹੀ ਹੈ। ਇਸ ਮੌਕੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ.ਕੇ. ਮੀਨਾ, ਆਈ.ਏ.ਐਸ., ਡਾਇਰੈਕਟਰ ਵਿੰਮੀ ਭੁੱਲਰ, ਆਈ.ਏ.ਐਸ. ਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪਾਕਿ-ਆਈ.ਐਸ.ਆਈ. ਦੀ ਹਮਾਇਤ ਪ੍ਰਾਪਤ ਅੱਤਵਾਦੀ ਸਾਜ਼ਿਸ਼ ਨਾਕਾਮ; ਆਰ.ਡੀ.ਐਕਸ. ਅਧਾਰਤ ਆਈਈਡੀ ਸਮੇਤ ਇੱਕ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 10 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਕਾਰਵਾਈ ਕਰਦਿਆਂ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਅੰਮ੍ਰਿਤਸਰ ਨੇ ਇੱਕ ਮੁਲਜ਼ਮ ਨੂੰ ਆਰਡੀਐਕਸ ਅਧਾਰਤ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਸਮੇਤ ਗ੍ਰਿਫਤਾਰ ਕਰਕੇ ਪਾਕਿਸਤਾਨ ਦੀ ਆਈਐਸਆਈ -ਸਮਰਥਿਤ ਅੱਤਵਾਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਾਹੁਲ ਕੁਮਾਰ ਉਰਫ਼ ਗੱਜੂ ਵਾਸੀ ਚਮਰੰਗ ਰੋਡ, ਅੰਮ੍ਰਿਤਸਰ ਵਜੋਂ ਹੋਈ ਹੈ। ਉਹ ਅੰਮ੍ਰਿਤਸਰ ਦੇ ਇੱਕ ਸੈਲੂਨ ਵਿੱਚ ਸਹਾਇਕ ਵਜੋਂ ਕੰਮ ਕਰਦਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਮੁਤਾਬਕ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਪਾਕਿਸਤਾਨ ਸਥਿਤ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰਨ ਵਾਲੇ ਇੱਕ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿੱਚ ਸੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਵੀ ਖੁਲਾਸਾ ਹੋਇਆ ਹੈ ਕਿ ਮੁਲਜ਼ਮ ਰਾਹੁਲ ਨੇ ਆਪਣੇ ਵਿਦੇਸ਼ੀ ਹੈਂਡਲਰ ਦੇ ਨਿਰਦੇਸ਼ਾਂ 'ਤੇ ਸ਼ਹਿਰ ਦੇ ਬਾਹਰਵਾਰ ਇੱਕ ਨਿਰਧਾਰਤ ਸਥਾਨ ਤੋਂ ਖੇਪ ਪ੍ਰਾਪਤ ਕੀਤੀ ਸੀ। ਉਨ੍ਹਾਂ ਅੱਗੇ ਕਿਹਾ ਕਿ ਡਿਵਾਈਸ ਨੂੰ ਪੀਵੀਸੀ ਪਾਈਪ ਕੇਸਿੰਗ ਵਿੱਚ ਛੁਪਾਇਆ ਗਿਆ ਸੀ ਤਾਂ ਜੋ ਇਸ ਦਾ ਪਤਾ ਨਾ ਲੱਗ ਸਕੇ। ਡੀਜੀਪੀ ਨੇ ਕਿਹਾ ਕਿ ਆਈਈਡੀ ਦੀ ਡਿਲੀਵਰੀ ਦੇ ਸਰੋਤ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਏਆਈਜੀ ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਪਾਕਿਸਤਾਨ ਤੋਂ ਆਈਈਡੀ ਵਾਲੀ ਖੇਪ ਭੇਜਣ ਬਾਰੇ ਮਿਲੀ ਭਰੋਸੇਯੋਗ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਇੱਕ ਆਪਰੇਸ਼ਨ ਚਲਾਇਆ ਅਤੇ ਸ਼ੱਕੀ ਰਾਹੁਲ ਉਰਫ਼ ਗੱਜੂ ਨੂੰ ਆਈਈਡੀ ਸਮੇਤ ਗ੍ਰਿਫ਼ਤਾਰ ਕਰ ਲਿਆ।

ਏਆਈਜੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ 2022 ਵਿੱਚ ਆਪਣੇ ਵਿਦੇਸ਼ੀ ਹੈਂਡਲਰ ਦੇ ਪੰਜਾਬ ਦੌਰੇ ਦੌਰਾਨ ਉਸ ਦੇ ਸੰਪਰਕ ਵਿੱਚ ਆਇਆ ਸੀ ਅਤੇ ਉਹ ਏਨਕ੍ਰਿਪਟਡ ਮੋਬਾਈਲ ਐਪਸ ਰਾਹੀਂ ਇੱਕ ਦੂਜੇ ਨਾਲ ਸੰਪਰਕ ਕਰਦੇ ਸਨ। ਉਨ੍ਹਾਂ ਕਿਹਾ ਕਿ ਵਿਦੇਸ਼ੀ ਹੈਂਡਲਰ ਨੇ ਸ਼ੁਰੂ ਵਿੱਚ ਰਾਹੁਲ ਨੂੰ ਕੰਮ ਸੌਂਪਣ ਤੋਂ ਪਹਿਲਾਂ ਉਸਦੇ ਖਰਚਿਆਂ ਲਈ ਛੋਟੀਆਂ-ਛੋਟੀਆਂ ਰਕਮਾਂ ਦੇ ਕੇ ਉਸ ਨੂੰ ਜਾਲ ਵਿੱਚ ਫਸਾਇਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਇਸ ਸਬੰਧੀ, ਐਫਆਈਆਰ ਨੰਬਰ 08 ਮਿਤੀ 09.02.2026 ਨੂੰ ਥਾਣਾ ਐਸਐਸਓਸੀ ਅੰਮ੍ਰਿਤਸਰ ਵਿਖੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5, ਅਸਲਾ ਐਕਟ ਦੀ ਧਾਰਾ 25 ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 111 ਅਤੇ 61 (2) ਤਹਿਤ ਦਰਜ ਕੀਤੀ ਗਈ ਹੈ।

# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਸਭ ਦੀ ਸਾਂਝੀ ਜ਼ਿੰਮੇਵਾਰੀ : ਕਟਾਰੀਆ

ਫ਼ਿਰੋਜ਼ਪੁਰ, 10 ਫ਼ਰਵਰੀ (ਤਿਵਾੜੀ): ਪੰਜਾਬ ਨੂੰ ਨਸ਼ਾ ਮੁਕਤ ਤੇ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦੇ ਉਦੇਸ਼ ਨਾਲ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਵਿਸ਼ਾਲ ਪੈਦਲ ਯਾਤਰਾ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਤੋਂ ਸਕੂਲ ਆਫ਼ ਐਮੀਨੈਂਸ ਫ਼ਿਰੋਜ਼ਪੁਰ ਸ਼ਹਿਰ ਤੱਕ ਕੱਢੀ ਗਈ। ਇਸ ਪੈਦਲ ਯਾਤਰਾ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਸਮੇਤ, ਸੂਬੇ ਦੀਆਂ ਕਈ ਯੂਨਵਰਸਿਟੀਆਂ ਦੇ ਉਪਕੁਲਪਤੀ, ਸਕੂਲਾਂ ਅਤੇ ਕਾਲਜਾਂ ਦੇ ਮੁਖੀ, ਕਈ ਰਾਜਸੀ ਪਾਰਟੀਆਂ ਦੇ ਆਗੂ ਵੀ ਸ਼ਾਮਿਲ ਹੋਏ। ਇਸ ਤੋਂ ਯਾਤਰਾ ਵਿੱਚ ਸੂਬੇ ਭਰ ਤੋਂ ਹਜ਼ਾਰਾਂ ਵਿਦਿਆਰਥੀਆਂ, ਐਨ.ਜੀ.ਓਜ਼, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦਿਆਂ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਸੰਕਲਪ ਲਿਆ। ਇਸ ਮੌਕੇ ਰਾਜਪਾਲ ਜੀ ਵੱਲੋਂ ਸਭ ਤੋਂ ਪਹਿਲਾਂ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਗੇੜ ਦੀ ਸ਼ੁਰੂਆਤ ਕੀਤੀ ਗਈ। ਰਾਜਪਾਲ ਪੰਜਾਬ ਨੇ ਖ਼ੁਦ ਇਸ ਪੈਦਲ ਯਾਤਰਾ ਦੀ ਅਗਵਾਈ ਕਰਦਿਆਂ ਨਸ਼ਿਆਂ ਵਿਰੁੱਧ ਸੂਬੇ ਪੱਧਰ 'ਤੇ ਸਭ ਵਰਗਾਂ ਨੂੰ ਇਕਜੁੱਟ ਹੋ ਕੇ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਸਿਰਫ਼ ਵਿਅਕਤੀ ਦਾ ਹੀ ਨਹੀਂ




ਸਗੋਂ ਪੂਰੇ ਸਮਾਜ ਦਾ ਭਾਰੀ ਨੁਕਸਾਨ ਹੁੰਦਾ ਹੈ, ਇਸ ਲਈ ਇਸ ਬੁਰਾਈ ਨੂੰ ਜੜੋਂ ਖ਼ਤਮ ਕਰਨ ਲਈ ਸਾਂਝੀ ਕੋਸ਼ਿਸ਼ ਲਾਜ਼ਮੀ ਹੈ।

ਯਾਤਰਾ ਉਪਰੰਤ ਸਕੂਲ ਆਫ਼ ਐਮੀਨੈਂਸ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸਿੱਖਿਆ ਸੰਸਥਾਵਾਂ ਨੂੰ ਨਸ਼ਾ ਮੁਕਤ ਬਣਾਉਣ ਦੀ ਲੋੜ ਹੈ ਕਿਉਂਕਿ ਨੌਜਵਾਨੀ ਦੇ ਸਹੀ ਰਾਹ 'ਤੇ ਪੈਣ ਨਾਲ ਹੀ ਸੂਬੇ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਫੇਜ਼ ਵਾਈਜ਼ ਮੁਹਿੰਮ ਚਲਾਈ ਜਾ ਰਹੀ ਹੈ ਪਰ ਇਸ ਨੂੰ ਸਫਲ ਬਣਾਉਣ ਲਈ ਸਿੱਖਿਆ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਸਥਾਵਾਂ, ਰਾਜਨੀਤਿਕ ਪਾਰਟੀਆਂ, ਪੰਚਾਇਤਾਂ ਤੇ ਆਮ ਲੋਕਾਂ ਨੂੰ ਇਕੱਠੇ ਹੋ ਕੇ ਇਹ ਲੜਾਈ ਲੜਨੀ ਪਵੇਗੀ।

ਰਾਜਪਾਲ ਨੇ ਖ਼ਾਸ ਤੌਰ 'ਤੇ ਔਰਤਾਂ ਨੂੰ ਅੱਗੇ ਆ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਦੀ ਅਗਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਮਾਂ, ਭੈਣ ਅਤੇ ਧੀ ਦੇ ਰੂਪ ਵਿੱਚ ਔਰਤਾਂ ਸਮਾਜ ਨੂੰ ਸਹੀ ਦਿਸ਼ਾ ਦੇ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੇ ਬਲੀਦਾਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਾਡੇ ਬਜ਼ੁਰਗਾਂ ਨੇ ਸਾਡੀ ਸੰਸਕ੍ਰਿਤੀ ਅਤੇ ਸ਼ਾਨ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ, ਤਾਂ ਕਿ ਅਸੀਂ ਇਕ ਛੋਟੀ ਜਿਹੀ ਨਸ਼ਿਆਂ ਦੀ ਅਲਾਮਤ ਨੂੰ ਖਤਮ ਨਹੀਂ ਕਰ ਸਕਦੇ? ਇਹ ਸਾਡਾ ਧਾਰਮਿਕ ਅਤੇ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਬਿਮਾਰੀ ਨੂੰ ਜੜੋਂ ਮਿਟਾਈਏ।

ਉਨ੍ਹਾਂ ਕਿਹਾ ਕਿ ਸਾਡਾ ਗੁਆਂਢੀ ਦੁਸ਼ਮਣ ਦੇਸ਼ ਡਰੋਨਾਂ ਰਾਹੀਂ ਨਸ਼ਿਆਂ ਦੀ ਸਪਲਾਈ ਕਰਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਸਰਕਾਰ ਵੱਲੋਂ ਐਂਟੀ-ਡਰੋਨ ਸਿਸਟਮ ਸਮੇਤ ਕਈ ਕੜੇ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਇਸ ਸਾਜ਼ਿਸ਼ ਨੂੰ ਨਾਕਾਮ ਬਣਾਇਆ ਜਾ ਸਕੇ। ਅੰਤ ਵਿੱਚ ਮਾਨਯੋਗ ਰਾਜਪਾਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਲੜਾਈ ਸਾਂਝੇ ਤੌਰ 'ਤੇ ਹੀ ਜਿੱਤੀ ਜਾ ਸਕਦੀ ਹੈ ਤੇ ਸਮੂਹ ਪੰਜਾਬ ਵਾਸੀਆਂ ਦੇ ਸਹਿਯੋਗ ਨਾਲ ਇਸ ਮਿਸ਼ਨ ਵਿੱਚ ਜਲਦੀ ਸਫਲਤਾ ਮਿਲੇਗੀ। ਸਮਾਗਮ ਦੇ ਅੰਤ ਵਿੱਚ ਰਾਜਪਾਲ ਵੱਲੋਂ ਲੋੜਵੰਦਾਂ ਨੂੰ ਕੰਬਲਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵੀਪੀ ਸਿੰਘ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਡਾਇਰੈਕਟਰ ਜਨਗਣਨਾ ਸੰਚਾਲਨ ਲਲਿਤ ਜੈਨ, ਰੈੱਡ ਕਰਾਸ ਦੇ ਸਕੱਤਰ ਸ਼ਿਵ ਦੁਲਾਰ ਸਿੰਘ ਢਿੱਲੋਂ, ਡੀ.ਆਈ.ਜੀ. ਫ਼ਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ, ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਜ.) ਡਾ. ਨਿਧੀ ਕੁਮੁਦ ਬੰਬਾਹ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰਵਿੰਦ ਕੁਮਾਰ, ਐਸ.ਡੀ.ਐਮ. ਫ਼ਿਰੋਜ਼ਪੁਰ ਲਿੰਧੀਆ ਆਈ.ਏ.ਐਸ. (ਸਿਖਲਾਈ ਅਧੀਨ), ਸਹਾਇਕ ਕਮਿਸ਼ਨਰ ਰਾਜਬੀਰ ਸਿੰਘ ਸਮੇਤ ਵੱਡੀ ਸਮੂਹ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ, ਵੱਖ-ਵੱਖ ਐਨ.ਜੀ.ਓਜ਼, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਮੈਂਬਰ ਤੇ ਵੱਡੀ ਗਿਣਤੀ ਵਿੱਚ ਸਿੱਖਿਆ ਸੰਸਥਾਵਾਂ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਆਦਿ ਹਾਜ਼ਰ ਸਨ।

# 'ਗੈਂਗਸਟਰਾਂ 'ਤੇ ਵਾਰ': 'ਆਪ੍ਰੇਸ਼ਨ ਪ੍ਰਹਾਰ-2' ਦੇ ਦੂਜੇ ਦਿਨ 1600 ਤੋਂ ਵੱਧ ਵਿਅਕਤੀ ਕਾਬੂ

ਚੰਡੀਗੜ੍ਹ, 10 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੌਰਾਨ, ਪੰਜਾਬ ਪੁਲਿਸ ਦੀਆਂ ਟੀਮਾਂ ਨੇ "ਆਪ੍ਰੇਸ਼ਨ ਪ੍ਰਹਾਰ-2" ਦੇ ਦੂਜੇ ਦਿਨ ਲੋੜੀਂਦੇ ਅਪਰਾਧੀਆਂ ਨਾਲ ਸਬੰਧਤ 2706 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ਚੱਲ ਰਹੀ ਮੁਹਿੰਮ "ਗੈਂਗਸਟਰਾਂ ਤੇ ਵਾਰ" ਵਿੱਚ ਹੋਰ ਤੇਜ਼ੀ ਲਿਆਉਂਦਿਆਂ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਲੋੜੀਂਦੇ ਅਪਰਾਧੀਆਂ ਨੂੰ ਕਾਬੂ ਕਰਨ 'ਤੇ ਕੇਂਦ੍ਰਿਤ 72 ਘੰਟੇ ਦਾ "ਆਪ੍ਰੇਸ਼ਨ ਪ੍ਰਹਾਰ-2" ਸ਼ੁਰੂ ਕੀਤਾ ਸੀ। ਇਸ ਆਪ੍ਰੇਸ਼ਨ ਦੀ ਅਗਵਾਈ ਕਰਨ ਲਈ ਪੰਜਾਬ ਪੁਲਿਸ ਹੈੱਡਕੁਆਰਟਰ ਦੇ ਸੀਨੀਅਰ ਅਧਿਕਾਰੀਆਂ ਨੇ ਵੱਖ-ਵੱਖ ਪੁਲਿਸ ਜ਼ਿਲ੍ਹਿਆਂ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ। ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਆਪ੍ਰੇਸ਼ਨ 'ਪ੍ਰਹਾਰ-2' ਤਹਿਤ ਲਗਭਗ 12,000 ਪੁਲਿਸ ਕਰਮੀਆਂ ਵਾਲੀਆਂ 2,000 ਤੋਂ ਵੱਧ ਪੁਲਿਸ ਟੀਮਾਂ ਨੇ ਪੰਜਾਬ ਭਰ ਵਿੱਚ ਲੋੜੀਂਦੇ ਅਪਰਾਧੀਆਂ ਨਾਲ ਜੁੜੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ।

ਆਪ੍ਰੇਸ਼ਨ ਪ੍ਰਹਾਰ-2 ਦੇ ਦੂਜੇ ਦਿਨ ਦੇ ਨਤੀਜੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਕਾਰਵਾਈ ਦੌਰਾਨ 2596 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਜਿਨ੍ਹਾਂ ਵਿੱਚੋਂ 1,634 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ



ਵਿਅਕਤੀਆਂ ਵਿੱਚ 53 ਭਗੌੜੇ ਅਪਰਾਧੀ ਅਤੇ 534 ਰੋਕਥਾਮ ਹਿਰਾਸਤ ਵਿੱਚ ਲਏ ਵਿਅਕਤੀ ਸ਼ਾਮਲ ਹਨ। ਇਸ ਤੋਂ ਇਲਾਵਾ 1,015 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਲੋਕ ਗੁਪਤ ਰੂਪ ਵਿੱਚ ਐਂਟੀ-ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ।

ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਨੂੰ 346ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 215 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.7 ਕਿਲੋਗ੍ਰਾਮ ਹੈਰੋਇਨ, 863 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 12,040 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ, ਸਿਰਫ 346 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 48,866 ਹੋ ਗਈ ਹੈ। "ਡੀ-ਅਡਿਕਸ਼ਨ" ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 27 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਰਾਜ਼ੀ ਕੀਤਾ ਹੈ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਰਵਿੰਦਰ ਸਿੰਘ ਸਰਨਾ ਵਿਰੁੱਧ ਤੁਰੰਤ ਕਾਰਵਾਈ ਦੀ ਅਪੀਲ

ਨਵੀਂ ਦਿੱਲੀ, 10 ਫਰਵਰੀ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਹੈ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਅਕਾਲੀ ਦਲ ਬਾਦਲ ਦੇ ਆਗੂ ਹਰਵਿੰਦਰ ਸਿੰਘ ਸਰਨਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਕ ਇਮਾਰਤ ਦੱਸਣ ਤੇ ਗਾਂਧੀ ਪਰਿਵਾਰ ਨੂੰ ਕਲੀਨ ਚਿੱਟ ਦੇਣ ਲਈ ਉਹਨਾਂ ਦੇ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ ਤੇ ਉਹਨਾਂ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਵੇ। ਜਾਰੀ ਕੀਤੇ ਇਕ ਬਿਆਨ ਵਿਚ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਹਰਵਿੰਦਰ ਸਿੰਘ ਸਰਨਾ ਅਕਾਲੀ ਦਲ ਬਾਦਲ ਦੇ ਆਗੂ ਹਨ ਜਿਹਨਾਂ ਨੇ ਨਾ ਸਿਰਫ ਰਾਹੁਲ ਗਾਂਧੀ ਨਾਲ ਮੁਲਾਕਾਤ ਕਰ ਕੇ ਸਿੱਖ ਪੰਥ ਦੀਆਂ ਸੰਸਥਾਵਾਂ ਦੇ ਖਿਲਾਫ ਬਿਆਨਬਾਜ਼ੀ ਕੀਤੀ ਸਗੋਂ ਗਾਂਧੀ ਪਰਿਵਾਰ ਨੂੰ 1984 ਦੇ ਸਿੱਖ ਕਤਲੇਆਮ ਤੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਤੇ ਤੋਪਾਂ ਨਾਲ ਕੀਤੇ ਹਮਲੇ ਦੇ ਮਾਮਲੇ ਵਿਚ ਕਲੀਨ ਚਿੱਟ ਦਿੱਤੀ ਹੈ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਕ ਇਮਾਰਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਦੁਨੀਆਂ ਵਿਚ ਵਸਦੇ ਸਿੱਖਾਂ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਰਵਉਚ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਕੀਤੇ ਇਸ ਤਖ਼ਤ ਸਾਹਿਬ ਨੂੰ ਸਿਰਫ ਇਕ ਇਮਾਰਤ ਕਰਾਰ ਦਿੱਤਾ ਹੈ ਜਿਸ 'ਤੇ 1984 ਵਿਚ ਇੰਦਰਾ ਗਾਂਧੀ ਨੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ ਹਰਵਿੰਦਰ ਸਿੰਘ ਸਰਨਾ ਗੁਰੂ ਸਾਹਿਬ ਦੇ ਤਖ਼ਤ ਦੇ ਖਿਲਾਫ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ ਜੋ ਕਦੇ ਵੀ ਮੁਆਫ ਨਾ ਕੀਤੇ ਜਾਣ ਵਾਲਾ ਗੁਨਾਹ ਹੈ।

ਉਨ੍ਹਾਂ ਕਿਹਾ ਕਿ ਉਹਨਾਂ ਨੇ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਅਪੀਲ ਕੀਤੀ ਸੀ ਕਿ ਉਹ ਸਪਸ਼ਟ ਕਰਨ ਕਿ ਕੀ ਉਹਨਾਂ ਨੇ ਹੀ ਹਰਵਿੰਦਰ ਸਿੰਘ ਸਰਨਾ ਨੂੰ ਰਾਹੁਲ ਗਾਂਧੀ ਨਾਲ ਮੀਟਿੰਗ ਕਰਨ ਵਾਸਤੇ ਭੇਜਿਆ ਸੀ ਪਰ ਉਹਨਾਂ ਨੇ ਕੋਈ ਬਿਆਨ ਨਹੀਂ ਦਿੱਤਾ ਜਿਸ ਤੋਂ ਸਪਸ਼ਟ ਹੈ ਕਿ ਹਰਵਿੰਦਰ ਸਿੰਘ ਸਰਨਾ ਆਪਣੇ ਆਪ ਹੀ ਰਾਹੁਲ ਗਾਂਧੀ ਨੂੰ ਮਿਲਣ ਗਏ ਸਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖਿਲਾਫ ਬਿਆਨਬਾਜ਼ੀ ਕੀਤੀ। ਉਹਨਾਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਹਰਵਿੰਦਰ ਸਿੰਘ ਸਰਨਾ ਨੂੰ ਤੁਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ ਅਤੇ ਉਹਨਾਂ ਨੂੰ ਤੁਰੰਤ ਪੰਥ ਵਿਚੋਂ ਛੇਕਿਆ ਜਾਵੇ ਤੇ ਸਖ਼ਤ ਤੋਂ ਸਖ਼ਤ ਸਜ਼ਾ ਲਗਾਈ ਜਾਵੇ।

# ਬਾਲ ਜੋਗੀ ਪਰਗਟ ਨਾਥ ਦੀ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੇ ਸ਼ਰਾਈਨ ਬੋਰਡ ਦੇ ਸਲਾਹਕਾਰ ਬੋਰਡ ਦੇ ਚੇਅਰਮੈਨ ਵਜੋਂ ਨਿਯੁਕਤੀ

ਚੰਡੀਗੜ੍ਹ, 10 ਫਰਵਰੀ (ਚ.ਨ.ਸ.): ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਵੱਡੇ ਤੇ ਕੌਮਾਂਤਰੀ ਕੇਂਦਰ ਵਜੋਂ ਵਿਕਸਤ ਕਰਨ ਦੇ ਸਪਸ਼ਟ ਵਿਜ਼ਨ ਦੇ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸ੍ਰੀ ਬਾਲ ਜੋਗੀ ਪਰਗਟ ਨਾਥ ਨੂੰ ਦੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੇ ਸ਼ਰਾਈਨ ਬੋਰਡ ਦੇ ਸਲਾਹਕਾਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਦਲਿਤ ਆਸਥਾ, ਵਿਰਾਸਤ ਅਤੇ ਅਧਿਆਤਮਿਕ ਫਲਸਫੇ ਦੇ ਵਿਸ਼ਵ ਪੱਧਰੀ ਮਾਨਤਾ ਪ੍ਰਾਪਤ ਕੇਂਦਰ ਵਜੋਂ ਉਭਾਰਨ ਦੀ ਭਗਵੰਤ ਮਾਨ ਸਰਕਾਰ ਦੀ ਨੀਅਤ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਬਾਲ ਜੋਗੀ ਪਰਗਟ ਨਾਥ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਦਲਿਤ ਆਸਥਾ ਦੇ ਕੌਮਾਂਤਰੀ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ, ਜੋ ਦੁਨੀਆ ਭਰ ਦੇ ਸ਼ਰਧਾਲੂਆਂ, ਵਿਦਵਾਨਾਂ ਅਤੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚੇਗਾ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਰਤ ਦੇ ਵਿਕਾਸ ਵਿੱਚ ਦਲਿਤ ਭਾਈਚਾਰੇ ਦਾ ਵੱਡਾ ਯੋਗਦਾਨ ਰਿਹਾ ਹੈ ਤੇ ਭਗਵੰਤ ਮਾਨ ਸਰਕਾਰ ਇਸ ਯੋਗਦਾਨ ਦਾ ਸਤਿਕਾਰ ਕਰਨ ਅਤੇ ਇਸ ਨੂੰ ਘਰ-ਘਰ ਪਹੁੰਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ, "ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨਾ ਸਿਰਫ਼ ਆਸਥਾ ਦਾ ਪਵਿੱਤਰ ਸਥਾਨ ਹੈ, ਸਗੋਂ ਬਹੁਤ ਵੱਡੀ ਸੱਭਿਅਤਾ ਵਾਲਾ ਮਹੱਤਵਪੂਰਨ ਸਥਾਨ ਵੀ ਹੈ। ਇਸ ਦਾ ਕੌਮਾਂਤਰੀ ਪੱਧਰ ਦਾ ਵਿਕਾਸ ਭਗਵਾਨ ਵਾਲਮੀਕਿ ਜੀ ਨਾਲ ਦੇ ਬਰਾਬਰੀ, ਮਾਣ-ਸਤਿਕਾਰ ਅਤੇ ਸਮਾਜਿਕ ਨਿਆਂ ਦੀਆਂ ਸਿੱਖਿਆਵਾਂ ਵਿਸ਼ਵ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਵਿੱਚ ਸਹਾਈ ਹੋਵੇਗਾ।"

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਅਜਿਹੇ ਤਰੀਕੇ ਨਾਲ ਵਿਕਸਤ ਕਰਨ ਦੇ ਲੰਬੇ ਸਮੇਂ ਦੇ ਵਿਜ਼ਨ ਨਾਲ ਕੰਮ ਕਰ ਰਹੀ ਹੈ ਕਿ ਭਗਵਾਨ ਵਾਲਮੀਕਿ ਜੀ ਦੇ ਜੀਵਨ, ਫਲਸਫੇ ਅਤੇ ਸਦੀਵੀ ਯੋਗਦਾਨ ਨੂੰ ਵਿਸ਼ਵ ਮੰਚ 'ਤੇ ਪੇਸ਼ ਕੀਤਾ ਜਾ ਸਕੇ। ਉਨ੍ਹਾਂ ਕਿਹਾ, "ਕੋਸ਼ਿਸ਼ ਇਹ ਹੈ ਕਿ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਕੌਮਾਂਤਰੀ ਪ੍ਰਸਿੱਧੀ ਵਾਲੇ ਅਜਿਹੇ ਸਥਾਨ ਵਜੋਂ ਵਿਕਸਿਤ ਕੀਤਾ ਜਾਵੇ, ਜਿੱਥੇ ਆਸਥਾ, ਇਤਿਹਾਸ ਅਤੇ ਸਿੱਖਿਆ ਦਾ ਸੁਮੇਲ ਹੋਵੇ, ਜਿਸ ਨਾਲ ਵੱਖ-ਵੱਖ ਦੇਸ਼ਾਂ ਦੇ ਲੋਕ ਆਦਿ ਕਵੀ ਭਗਵਾਨ ਵਾਲਮੀਕਿ ਜੀ ਦੀ ਅਧਿਆਤਮਿਕ ਅਤੇ ਬੌਧਿਕ ਵਿਰਾਸਤ ਨਾਲ ਜੁੜ ਸਕਣ।"

ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ, "ਦਲਿਤ ਆਸਥਾ ਅਤੇ ਵਿਰਾਸਤ ਨੂੰ ਵਿਸ਼ਵ ਪੱਧਰੀ ਮਾਨਤਾ ਦੇਣਾ ਮਾਣ ਅਤੇ ਨਿਆਂ ਦਾ ਵਿਸ਼ਾ ਹੈ। ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਿਕਸਤ ਕਰਨਾ ਸਰਕਾਰ ਇਸ ਸੰਕਲਪ ਨੂੰ ਦਰਸਾਉਂਦਾ ਹੈ ਕਿ ਇਸ ਵਿਰਾਸਤ ਨੂੰ ਉਹ ਸਤਿਕਾਰ ਤੇ ਮਾਨਤਾ ਮਿਲੇ ਜਿਸਦੀ ਇਹ ਦੁਨੀਆ ਭਰ ਵਿੱਚ ਹੱਕਦਾਰ ਹੈ।"

**ਭਗਵਾਨ ਵਾਲਮੀਕਿ ਜੀ ਤੀਰਥ ਸਥਲ:** ਆਸਥਾ, ਇਤਿਹਾਸ ਤੇ ਅਧਿਆਤਮਿਕ ਵਿਰਾਸਤ ਦਾ ਪ੍ਰਤੀਕ: ਅੰਮ੍ਰਿਤਸਰ ਦੇ ਨੇੜੇ ਸਥਿਤ ਭਗਵਾਨ ਵਾਲਮੀਕਿ ਜੀ ਦਾ ਇਹ ਪਵਿੱਤਰ ਅਸਥਾਨ ਆਸਥਾ, ਇਤਿਹਾਸ ਤੇ ਅਧਿਆਤਮਿਕ ਵਿਰਾਸਤ ਦਾ ਇੱਕ ਸਦੀਵੀ ਪ੍ਰਤੀਕ ਹੈ। ਅੰਮ੍ਰਿਤਸਰ ਤੋਂ ਲਗਭਗ 12 ਕਿਲੋਮੀਟਰ ਪੱਛਮ ਵਿੱਚ ਚੋਗਾਵਾਂ ਰੋਡ 'ਤੇ ਸਥਿਤ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਰਾਮਾਇਣ ਕਾਲ ਦਾ ਹੈ ਅਤੇ ਮਹਾਰਿਸ਼ੀ ਵਾਲਮੀਕਿ ਜੀ ਦੇ ਆਸ਼ਰਮ ਵਜੋਂ ਪੂਜਿਆ ਜਾਂਦਾ ਹੈ। ਇਸ ਪਵਿੱਤਰ ਸਥਾਨ 'ਤੇ ਇੱਕ ਪ੍ਰਾਚੀਨ ਸਰੋਵਰ ਅਤੇ ਕਈ ਮੰਦਰ ਹਨ।

**ਭਗਵਾਨ ਵਾਲਮੀਕਿ ਜੀ ਪੈਨੋਰਾਮਾ:** ਆਸਥਾ ਤੇ ਸਤਿਕਾਰ ਦੀ ਮਿਸਾਲ: ਭਗਵੰਤ ਮਾਨ ਸਰਕਾਰ ਨੇ ਦਲਿਤ ਆਸਥਾ ਪ੍ਰਤੀ ਸਤਿਕਾਰ ਨੂੰ ਅਮਲੀ ਰੂਪ ਦਿੱਤਾ ਹੈ। ਅਕਤੂਬਰ 2024 ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੰਮ੍ਰਿਤਸਰ ਵਿਖੇ ਅਤਿ-ਆਧੁਨਿਕ 'ਭਗਵਾਨ ਵਾਲਮੀਕਿ ਜੀ ਪੈਨੋਰਾਮਾ' ਲੋਕਾਂ ਨੂੰ ਸਮਰਪਿਤ ਕੀਤਾ ਸੀ। ਉਨ੍ਹਾਂ ਨੇ ਇਸ ਨੂੰ ਦੁਨੀਆ ਦੇ ਪਹਿਲੇ ਮਹਾਂਕਾਵਿ ਰਾਮਾਇਣ ਦੇ ਰਚੇਤਾ ਆਦਿ ਕਵੀ ਭਗਵਾਨ ਵਾਲਮੀਕਿ ਜੀ ਨੂੰ ਇੱਕ ਨਿਮਰ ਸ਼ਰਧਾਂਜਲੀ ਦੱਸਿਆ ਸੀ। 9 ਏਕੜ ਵਿੱਚ 32.78 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਇਹ ਪੈਨੋਰਾਮਾ 14 ਗੈਲਰੀਆਂ ਰਾਹੀਂ ਭਗਵਾਨ ਵਾਲਮੀਕਿ ਜੀ ਦੇ ਜੀਵਨ, ਫਲਸਫੇ ਅਤੇ ਯੋਗਦਾਨ ਨੂੰ ਪੇਸ਼ ਕਰਨ ਲਈ ਉੱਨਤ ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਇਸ ਵਿੱਚ ਉਨ੍ਹਾਂ ਦੇ ਸ਼ੁਰੂਆਤੀ ਜੀਵਨ, ਰਾਮਾਇਣ ਦੀ ਰਚਨਾ, ਮਾਤਾ ਸੀਤਾ ਅਤੇ ਲਵ-ਕੁਸ਼, ਯੋਗ, ਸੰਜੀਵਨੀ ਵਿੱਦਿਆ, ਅਸ਼ਵਮੇਧ ਯੱਗ, ਯੋਗ ਵਸ਼ਿਸ਼ਟ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵਰਣਨ ਕੀਤਾ ਗਿਆ ਹੈ। ਲਾਇਬ੍ਰੇਰੀ, ਕੈਫੇਟੇਰੀਆ ਅਤੇ ਸੋਵੀਨੀਅਰ ਸ਼ਾਪ ਵਰਗੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਇਹ ਪੈਨੋਰਾਮਾ ਪੰਜਾਬ ਸਰਕਾਰ ਦੀ ਆਸਥਾ ਨੂੰ ਸੰਭਾਲਣ ਅਤੇ ਦਲਿਤ ਅਧਿਆਤਮਿਕ ਵਿਰਾਸਤ ਦਾ ਸਨਮਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਬਿਕਰਮ ਸਿੰਘ ਮਜੀਠੀਆ ਪਤਨੀ ਸਮੇਤ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਸਾਹਿਬ ਵਿਖੇ ਹੋਏ ਨਤਮਸਤਕ

ਅੰਮਿਤਸਰ, 10 ਫਰਵਰੀ (ਬਬਲੂ ਮਹਾਜਨ)ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅੱਜ ਆਪਣੀ ਪਤਨੀ ਗੁਰਲੀਨ ਕੌਰ



ਮਜੀਠੀਆ ਦੇ ਨਾਲ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਸਾਹਿਬ ਮੱਥਾ ਟੇਕਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਨੇ ਗੁਰੂ ਘਰ ਵਿੱਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰਬਾਣੀ ਕੀਰਤਨ ਵੀ ਸ੍ਰਵਣ ਕੀਤਾ। ਧਾਰਮਿਕ ਮਾਹੌਲ ਵਿੱਚ ਮਜੀਠੀਆ ਦੰਪਤੀ ਨੇ ਸ਼ਾਂਤ ਚਿੱਤ ਨਾਲ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਉਹ ਧੰਨ-ਧੰਨ ਬਾਬਾ ਦੀਪ ਸਿੰਘ ਜੀ ਮਹਾਰਾਜ ਦੇ ਚਰਨ ਸਪਰਸ਼ ਕਰ ਕੇ ਬਹੁਤ ਭਾਵੁਕ ਮਹਿਸੂਸ ਕਰ ਰਹੇ ਹਨ। ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਯਾਚਿਕਾ ਖਾਰਜ ਕੀਤੇ ਜਾਣ ਦੇ ਮੁੱਦੇ 'ਤੇ ਵੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਭੁੱਲਰ ਦੀ ਰਿਹਾਈ ਦੀ ਮੰਗ ਉਹ ਲਗਾਤਾਰ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਹਾਲਤ ਵੀ ਠੀਕ ਨਹੀਂ ਹੈ। ਮਜੀਠੀਆ ਨੇ ਦੋਸ਼ ਲਗਾਇਆ ਕਿ ਭੁੱਲਰ ਨੂੰ ਸਿਰਫ਼ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਇੱਕ ਗੁਰਸਿੱਖ ਹਨ ਤੇ ਉਨ੍ਹਾਂ ਨੇ ਪੰਜਾਬ ਵਿੱਚ ਹੋਈਆਂ ਬੇਇਨਸਾਫੀਆਂ ਤੇ 1984 ਦੇ ਘਟਨਾਕ੍ਰਮ ਦੇ ਖ਼ਿਲਾਫ਼ ਆਵਾਜ਼ ਉਠਾਈ ਸੀ।ਮਜੀਠੀਆ ਨੇ ਕਿਹਾ ਕਿ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਮਨੁੱਖੀ ਤੇ ਕਾਨੂੰਨੀ ਆਧਾਰ 'ਤੇ ਹੋਣੀ ਚਾਹੀਦੀ ਹੈ। ਜੇਕਰ ਉਨ੍ਹਾਂ ਦੀ ਯਾਚਿਕਾ ਰੱਦ ਕੀਤੀ ਗਈ ਹੈ ਤਾਂ ਇਹ ਬੇਹੱਦ ਅਫਸੋਸਜਨਕ ਹੈ ਤੇ ਉਹ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ।ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਵਿੱਚ ਲਗਾਤਾਰ ਹੋ ਰਹੀਆਂ ਗੋਲੀਆਂ ਚਲਣ ਦੀਆਂ ਘਟਨਾਵਾਂ 'ਤੇ ਵੀ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਇੱਕ ਲਾਅ ਕਾਲਜ ਵਿੱਚ ਹੋਈ ਫਾਇਰਿੰਗ ਦੀ ਘਟਨਾ ਸੂਬੇ ਦੀ ਬਿਗੜਦੀ ਕਾਨੂੰਨ-ਵਿਵਸਥਾ ਨੂੰ ਦਰਸਾਉਂਦੀ ਹੈ, ਜਿਸ 'ਤੇ ਸਰਕਾਰ ਨੂੰ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਵਾਰਡ ਨੰਬਰ 43 ਤੋਂ ਕੌਂਸਲਰ ਇੰਦਰਜੀਤ ਸਿੰਘ ਪੰਡੋਰੀ ਗੁਰਦੁਆਰਾ ਸਹੀਦਾ ਸਾਹਿਬ ਦੇ ਮੈਨੇਜਰ ਜਤਿੰਦਰ ਪਾਲ ਸਿੰਘ ਜੇਪੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਭਿਟੇਵੱਡ ਸਨ।

## ਸੰਪਾਦਕੀ

# ਜਾਨਲੇਵਾ ਸ਼ੌਂਕ

ਮੋਬਾਈਲ ਫੋਨ ਅਤੇ ਸਮਾਰਟਫੋਨ ਆਧੁਨਿਕ ਤਕਨਾਲੋਜੀ ਵਾਂਗ ਹੀ ਉਪਯੋਗੀ ਸਾਬਤ ਹੋਏ ਹਨ, ਉਨ੍ਹਾਂ ਦੀਆਂ ਕਮੀਆਂ ਵੀ ਉੱਭਰ ਰਹੀਆਂ ਹਨ, ਅਕਸਰ ਬਹੁਪੱਖੀ ਮਾਨਸਿਕ ਸਮੱਸਿਆਵਾਂ ਦੇ ਜਾਲ ਵਿੱਚ ਫਸ ਜਾਂਦੇ ਹਨ, ਕਈ ਵਾਰ ਮੌਤ ਦਾ ਕਾਰਨ ਵੀ ਬਣਦੇ ਹਨ। ਆਪਣੇ ਸਮਾਰਟਫੋਨ 'ਤੇ ਗੇਮ ਖੇਡਦੇ ਹੋਏ ਬੱਚਿਆਂ ਦੁਆਰਾ ਖੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਅਕਸਰ ਆਉਂਦੀਆਂ ਰਹੀਆਂ ਹਨ। ਇਸ ਤੋਂ ਇਲਾਵਾ ਕਈ ਵਾਰ ਤਾਂ ਲੋਕ ਖ਼ਤਰਨਾਕ ਸਟੰਟ ਕਰਦੇ ਨਜ਼ਰ ਆਉਂਦੇ ਹਨ ਤਾਂ ਕਈ ਵਾਰ ਅਜਿਹੇ ਸਟੰਟ ਜਾਨਲੇਵਾ ਸਾਬਤ ਹੁੰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦੇਖਣ-ਸੁਣਨ ਨੂੰ ਬਹੁਤ ਜ਼ਿਆਦਾ ਮਿਲ ਰਹੀਆਂ ਹਨ। ਇਸ ਸ਼ੌਂਕ ਨਾਲ ਸਾਡੀ ਆ ਰਹੀ ਪੀੜ੍ਹੀ ਕਾਫ਼ੀ ਜ਼ਿਆਦਾ ਪ੍ਰਭਾਵਿਤ ਹੋ ਰਹੀ ਹੈ। ਇਸੇ ਕਾਰਨ ਪਿਛਲੇ ਦਿਨੀਂ ਵਿੱਤ ਮੰਤਰੀ ਨੇ ਆਰਥਿਕ ਸਰਵੇਖਣ ਦੌਰਾਨ ਇਸ ਗੱਲ ਉੱਤੇ ਚਿੰਤਾ ਪ੍ਰਗਟ ਕੀਤੀ ਕਿ ਨੌਜਵਾਨ ਪੀੜ੍ਹੀ ਦਾ ਸਕਰੀਨ ਟਾਈਮ ਇੰਨਾ ਜ਼ਿਆਦਾ ਵੱਧ ਗਿਆ ਹੈ ਕਿ ਇਸ ਨਾਲ ਉਨ੍ਹਾਂ ਦੀ ਮਾਨਸਿਕ ਅਤੇ ਜਿਸਮਾਨੀ ਸਿਹਤ ਉੱਤੇ ਨਾਂਹਪੱਖੀ ਪ੍ਰਭਾਵ ਪੈ ਰਿਹਾ ਹੈ। ਕਈ ਮੁਲਕਾਂ ਨੇ ਤਾਂ ਬਕਾਇਦਾ ਕਾਨੂੰਨ ਬਣਾ ਕੇ ਛੋਟੇ ਬੱਚਿਆਂ ਦੇ ਮੋਬਾਈਲ ਦੇਖਣ ਦੀ ਉਮਰ ਸੀਮਾ ਨਿਸ਼ਚਿਤ ਕਰ ਦਿੱਤੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਛੋਟੀਆਂ ਵੀਡੀਓਜ਼ ਜਾਂ ਰੀਲਾਂ ਬਣਾਉਣ ਅਤੇ ਸਾਂਝਾ ਕਰਨ ਦੇ ਤੇਜ਼ੀ ਨਾਲ ਵੱਧ ਰਹੇ ਰੁਝਾਨ ਨੇ ਨਵੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ। ਲੋਕ ਸੋਸ਼ਲ ਮੀਡੀਆ ਰਾਹੀਂ ਵਿਸ਼ਾਲ ਦਰਸ਼ਕਾਂ ਤੱਕ ਪਹੁੰਚਣ ਲਈ ਅਸਾਧਾਰਨ ਤਰੀਕੇ ਅਪਨਾ ਰਹੇ ਹਨ। ਉਹ ਆਪਣੀ ਸਮੱਗਰੀ ਬਣਾਉਣ ਦੇ ਪਿੱਛੇ ਦੇ ਤਰਕ ਨਾਲ ਨਹੀਂ ਜੂਝਦੇ; ਇਸ ਦੀ ਬਜਾਏ, ਉਨ੍ਹਾਂ ਦਾ ਧਿਆਨ ਸਿਰਫ਼ ਪ੍ਰਸਿੱਧੀ ਜਾਂ ਵੱਡੇ ਦਰਸ਼ਕਾਂ ਨੂੰ ਪ੍ਰਾਪਤ ਕਰਨ 'ਤੇ ਹੈ। ਇਹ ਧਿਆਨ ਦੇਣ ਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਬੰਦਾ ਜ਼ਿਲ੍ਹੇ ਵਿੱਚ, ਇੱਕ ਔਰਤ ਨੇ ਆਪਣੇ ਘਰ ਵਿੱਚ ਸਾੜ੍ਹੀ ਨਾਲ ਆਪਣੇ ਆਪ ਨੂੰ ਫਾਂਸੀ ਲਗਾ ਲਈ, ਜਿਸ ਨਾਲ ਉਸਦਾ ਗਲਾ ਘੁੱਟਿਆ ਗਿਆ ਅਤੇ ਅੰਤ ਵਿੱਚ ਉਸਦੀ ਜਾਨ ਲੈ ਲਈ। ਰਿਪੋਰਟਾਂ ਦੇ ਅਨੁਸਾਰ, ਉਹ ਸਿਰਫ਼ ਪ੍ਰਦਰਸ਼ਨ ਲਈ ਰੀਲ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਹੱਥ ਵਿੱਚ ਸਮਾਰਟਫੋਨ ਰੱਖਣ ਅਤੇ ਇਸਨੂੰ ਇਸ ਤਰੀਕੇ ਨਾਲ ਵਰਤਣ ਦੀ ਹੱਦ ਕਿ ਕੋਈ ਸਿਰਫ਼ ਸ਼ੌਂਕ ਅਤੇ ਲਾਪਰਵਾਹੀ ਕਾਰਨ ਆਪਣੀ ਜਾਨ ਗੁਆ ਦੇਵੇ। ਰੀਲਾਂ ਬਣਾਉਂਦੇ ਸਮੇਂ ਮੌਤਾਂ ਦੀਆਂ ਪਹਿਲਾਂ ਵੀ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਜਨਤਾ ਵਿੱਚ ਚਰਚਾ ਅਤੇ ਚਿੰਤਾ ਪੈਦਾ ਕੀਤੀ ਹੈ। ਅਜਿਹੀ ਘਟਨਾ ਤੋਂ ਸਬਕ ਇਹ ਹੋਣਾ ਚਾਹੀਦਾ ਸੀ ਕਿ ਲੋਕਾਂ ਨੂੰ ਅਜਿਹੇ ਬੇਲਗਾਮ ਜਨੂੰਨ ਦਾ ਸ਼ਿਕਾਰ ਹੋਣ ਤੋਂ ਰੋਕਿਆ ਜਾਵੇ। ਹਾਲਾਂਕਿ, ਵਿਡੰਬਨਾ ਇਹ ਹੈ ਕਿ ਹਾਲ ਹੀ ਦੇ ਸਮੇਂ ਵਿੱਚ ਸਮਾਰਟਫੋਨ ਨਾਲ ਰੀਲ ਬਣਾਉਣ ਦਾ ਸ਼ੌਂਕ ਸਮਝਦਾਰੀ ਅਤੇ ਸੁਰੱਖਿਆ ਦੀਆਂ ਸਾਰੀਆਂ ਮੰਗਾਂ ਨੂੰ ਟਾਲਦਾ ਜਾ ਰਿਹਾ ਹੈ। ਸਿਰਫ਼ ਦਿਖਾਵੇ ਲਈ ਆਧੁਨਿਕ ਤਕਨਾਲੋਜੀ ਪ੍ਰਾਪਤ ਕਰਨਾ ਇੱਕ ਗੱਲ ਹੈ, ਪਰ ਇਸਨੂੰ ਸਮਝਦਾਰੀ ਅਤੇ ਸਹੀ ਸਿਖਲਾਈ ਨਾਲ ਵਰਤਣਾ ਬਿਲਕੁਲ ਦੂਜੀ ਗੱਲ ਹੈ। ਸਮਾਰਟਫੋਨ 'ਤੇ ਰੀਲ ਦੇਖਣ ਅਤੇ ਬਣਾਉਣ ਦੇ ਜਾਲ ਵਿੱਚ ਗੁਆਚ ਜਾਣ ਦੇ ਲੰਬੇ ਸਮੇਂ ਦੇ ਨਤੀਜੇ ਹੁਣ ਸਪੱਸ਼ਟ ਹੁੰਦੇ ਜਾ ਰਹੇ ਹਨ।

-ਜਗਜੀਤ ਸਿੰਘ ਦਰਦੀ

### ਭਾਰਤੀ ਸੰਸਦ ਲੋਕਤੰਤਰ ਦਾ ਸੰਕਟ

# ਸੰਸਦ ਬਹਿਸ ਦੀ ਥਾਂ 'ਤੇ ਹੰਗਾਮੇ ਦੀ ਜਗ੍ਹਾ ਬਣੀ

## ਲੋਕ ਸਭਾ ਸਪੀਕਰ ਦੇ ਖ਼ਿਲਾਫ਼ ਬੇਭਰੋਸਗੀ ਦਾ ਮਤਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਲੋਕ ਸਭਾ ਸਪੀਕਰ ਦੇ ਵਿਰੁੱਧ ਅਵਿਸ਼ਵਾਸ ਦੇ ਮੱਤੇ ਲਈ ਨੋਟਿਸ ਦਿੱਤਾ ਗਿਆ ਹੈ। ਹੁਣ ਸੰਸਦ ਠੱਪ ਹੈ ਤੇ ਇਹ ਜਗ੍ਹਾ ਹੁਣ ਤਰ੍ਹਾਂ ਤਰ੍ਹਾਂ ਦੇ ਮੁਜ਼ਾਹਰੇ ਧਰਨੇ ਦਾ ਕੇਂਦਰ ਬਣੀ ਹੋਈ ਹੈ, ਇਹ ਭਾਰਤ ਦੇ ਲੋਕਤੰਤਰ ਤੇ ਸੰਸਦ ਦਾ ਸੱਚ ਹੈ।

ਇਹ ਅਵਿਸ਼ਵਾਸ ਅਤੇ ਜਮਹੂਰੀਅਤ ਦੀ ਬੇਇੱਜ਼ਤੀ ਹੈ । ਭਾਰਤੀ ਸੰਸਦ, ਜਿਸ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਮੰਦਰ ਕਿਹਾ ਜਾਂਦਾ ਹੈ, ਅੱਜ ਆਪਣੇ ਇਤਿਹਾਸ ਦੇ ਸਭ ਤੋਂ ਨੀਵੇਂ ਪੜਾਅ ਵਿੱਚੋਂ ਗੁਜ਼ਰ ਰਹੀ ਹੈ। ਫਰਵਰੀ 2026 ਦਾ ਬਜਟ ਸੈਸ਼ਨ (ਬਜਟ ਸੈਸ਼ਨ 2026) ਨਾ ਸਿਰਫ਼ ਰਾਜਨੀਤਿਕ ਰੌਲੇ-ਰੱਪੇ ਦਾ ਸਭ ਤੋਂ ਵੱਡਾ ਨਮੂਨਾ ਬਣ ਗਿਆ ਹੈ, ਸਗੋਂ ਇਹ ਸੰਵਿਧਾਨਕ ਅਦਾਰਿਆਂ ਦੀ ਵਿਸ਼ਵਾਸਨੀਅਤਾ, ਸੰਸਦੀ ਪ੍ਰਕਿਰਿਆ ਦੀ ਪਵਿੱਤਰਤਾ ਅਤੇ ਲੋਕਤੰਤਰ ਦੀ ਮੂਲ ਭਾਵਨਾ 'ਤੇ ਡੂੰਘਾ ਸਵਾਲ ਖੜ੍ਹਾ ਕਰ ਰਿਹਾ ਹੈ। ਹੁਣ ਲਗਾਤਾਰ ਅਜਸ਼ਨਮੈਂਟ, ਹੰਗਾਮੇ, ਸਸਪੈਂਸ਼ਨਾਂ ਅਤੇ ਖਾਸ ਤੌਰ 'ਤੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਅਵਿਸ਼ਵਾਸ ਦੇ ਮਤੇ ਦਾ ਨੋਟਿਸ - ਇਹ ਸਭ ਮਿਲ ਕੇ ਇੱਕ ਅਜਿਹਾ ਦ੍ਰਿਸ਼ ਪੇਸ਼ ਕਰ ਰਹੇ ਹਨ ਜੋ ਭਾਰਤੀ ਜਮਹੂਰੀਅਤ ਲਈ ਸ਼ਰਮਨਾਕ ਤੋਂ ਵੀ ਅੱਗੇ ਹੈ। ਸੈਸ਼ਨ ਦੀ ਸ਼ੁਰੂਆਤ ਤੇ ਮੁੱਖ ਵਿਵਾਦ ਦਾ ਜਨਮ ਬਜਟ ਸੈਸ਼ਨ ਦੀ ਸ਼ੁਰੂਆਤ ਫਰਵਰੀ ਦੇ ਪਹਿਲੇ ਹਫ਼ਤੇ ਵਿੱਚ ਹੋਈ ਸੀ।

ਸਰਕਾਰ ਨੇ ਆਪਣੇ ਬਜਟ ਪ੍ਰਸਤਾਵਾਂ ਨੂੰ ਪੇਸ਼ ਕਰਨ ਅਤੇ ਚਰਚਾ ਕਰਨ ਦੀ ਯੋਜਨਾ ਬਣਾਈ ਸੀ, ਪਰ ਸੈਸ਼ਨ ਦੇ ਸ਼ੁਰੂ ਤੋਂ ਹੀ ਵਿਰੋਧੀ ਧਿਰ ਨੇ ਰਾਹੁਲ ਗਾਂਧੀ ਨੂੰ ਰਾਸ਼ਟਰਪਤੀ ਦੇ ਅਭਿਭਾਸ਼ਣ 'ਤੇ ਧੰਨਵਾਦ ਮਤੇ ਦੀ ਚਰਚਾ ਵਿੱਚ ਬੋਲਣ ਦੀ ਇਜਾਜ਼ਤ ਨਾ ਦੇਣ ਦੇ ਮੁੱਦੇ ਨੂੰ ਉਠਾਇਆ। ਇਹ ਵਿਵਾਦ 2 ਫਰਵਰੀ 2026 ਨੂੰ ਉਦੋਂ ਚਰਮ 'ਤੇ ਪਹੁੰਚ ਗਿਆ ਜਦੋਂ ਰਾਹੁਲ ਗਾਂਧੀ ਨੇ ਪੂਰਵ ਆਰਮੀ ਚੀਫ ਜਨਰਲ ਐੱਮ.ਐੱਮ. ਨਰਵਾਣੇ ਦੀ ਅਣ-ਪ੍ਰਕਾਸ਼ਿਤ ਆਤਮਕਥਾ (ਜਿਸ ਦਾ ਨਾਂ Four Stars of Destiny) ਦੇ ਹਵਾਲੇ ਨਾਲ 2020 ਦੇ ਭਾਰਤ-ਚੀਨ ਸਰਹੱਦ ਵਿਵਾਦ (ਖਾਸ ਕਰਕੇ ਗਲਵਾਨ ਵੈਲੀ ਘਟਨਾ) ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ। ਰਾਹੁਲ ਗਾਂਧੀ ਨੇ ਇੱਕ ਮੈਗਜ਼ੀਨ ਆਰਟੀਕਲ ਦੇ ਅਧਾਰ 'ਤੇ ਕੁਝ ਲਾਈਨਾਂ ਪੜ੍ਹਨੀਆਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਚੀਨੀ ਟੈਂਕ ਭਾਰਤੀ ਥਾਵਾਂ ਵੱਲ ਵਧੇ ਸਨ ਅਤੇ ਭਾਰਤੀ ਰੱਖਿਆ ਪ੍ਰਬੰਧਾਂ ਵਿੱਚ ਕਮੀ ਸੀ। ਸਪੀਕਰ ਓਮ ਬਿਰਲਾ ਨੇ ਇਸ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਅਣ-ਪ੍ਰਕਾਸ਼ਿਤ ਕਿਤਾਬ ਦੇ ਹਵਾਲੇ ਨਾਲ ਗੱਲ ਨਹੀਂ ਕੀਤੀ ਜਾ ਸਕਦੀ। ਇਸ 'ਤੇ ਵਿਰੋਧੀ ਧਿਰ ਨੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਘਰ ਨੂੰ ਅਜਸ਼ਨ ਕਰ ਦਿੱਤਾ ਗਿਆ। ਪ੍ਰਕਾਸ਼ਕ ਪੈਂਗੁਇਨ ਰੈਂਡਮ ਹਾਊਸ ਨੇ ਬਾਅਦ ਵਿੱਚ ਬਿਆਨ ਜਾਰੀ ਕਰਕੇ ਕਿਹਾ ਕਿ ਕਿਤਾਬ ਅਜੇ ਪ੍ਰਕਾਸ਼ਿਤ ਨਹੀਂ ਹੋਈ, ਪਰ ਰਾਹੁਲ ਗਾਂਧੀ ਨੇ ਜਨਰਲ ਨਰਵਾਣੇ ਦੇ ਪੁਰਾਣੇ ਸੋਸ਼ਲ ਮੀਡੀਆ ਪੋਸਟਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਨਰਲ ਨਰਵਾਣੇ ਨੂੰ ਝੂਠਾ ਨਹੀਂ ਮੰਨਿਆ ਜਾ ਸਕਦਾ।

ਅੱਜ ਇਸ ਮੁੱਦੇ ਨੇ ਸਰਕਾਰ ਅਤੇ ਵਿਰੋਧੀ ਧਿਰ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ। ਅੱਜ ਸਪੀਕਰ ਦੇ ਵਿਰੁੱਧ ਅਵਿਸ਼ਵਾਸ ਦਾ ਨੋਟਿਸ ਇਤਿਹਾਸਕ ਕਦਮ 10 ਫਰਵਰੀ 2026 ਨੂੰ ਵਿਰੋਧੀ ਧਿਰ (ਮੁੱਖ ਤੌਰ 'ਤੇ ਕਾਂਗਰਸ, ਸਮਾਜਵਾਦੀ ਪਾਰਟੀ, ਡੀ.ਐੱਮ.ਕੇ. ਆਦਿ) ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਅਵਿਸ਼ਵਾਸ ਦਾ ਨੋਟਿਸ ਦਾਖਲ ਕਰ ਦਿੱਤਾ। ਇਹ ਨੋਟਿਸ ਸੰਵਿਧਾਨ ਦੇ ਆਰਟੀਕਲ 94(C) ਅਤੇ ਲੋਕ ਸਭਾ ਨਿਯਮਾਂ ਦੇ ਰੂਲ 943 ਅਧੀਨ ਦਾਖਲ ਕੀਤਾ ਗਿਆ। ਨੋਟਿਸ 'ਤੇ ਲਗਭਗ 118-119 ਸੰਸਦ ਮੈਂਬਰਾਂ ਦੇ ਹਸਤਾਖਰ ਸਨ। ਰਾਹੁਲ ਗਾਂਧੀ ਨੇ ਖੁਦ ਇਸ 'ਤੇ ਦਸਤਖਤ ਨਹੀਂ ਕੀਤੇ, ਜਿਸ ਨੂੰ ਕਾਂਗਰਸ ਨੇ ਇੱਕ ਸੰਸਦੀ ਪਰੰਪਰਾ ਵਜੋਂ ਜਾਇਜ਼ ਠਹਿਰਾਇਆ।

ਇਸ ਨੋਟਿਸ ਵਿੱਚ ਮੁੱਖ ਇਲਜ਼ਾਮਾਂ ਵਿੱਚ ਸਪੀਕਰ ਵੱਲੋਂ ਪੱਖਪਾਤੀ ਵਿਵਹਾਰ (blatantly partisan conduct) ਲੀਡਰ ਆਫ਼ ਆਪੋਜੀਸ਼ਨ (ਰਾਹੁਲ ਗਾਂਧੀ) ਨੂੰ ਬੋਲਣ ਨਾ ਦੇਣਾ।

ਵਿਰੋਧੀ MPਆਂ ਦੀਆਂ ਸਸਪੈਂਸ਼ਨਾਂ (8 MP ਸਸਪੈਂਡ ਕੀਤੇ ਗਏ)

ਬੀ.ਜੇ.ਪੀ. MP ਨਿਸ਼ੀਕਾਂਤ ਦੁਬੇ ਵੱਲੋਂ ਪੂਰਵ ਪ੍ਰਧਾਨ ਮੰਤਰੀਆਂ ਅਤੇ ਕਾਂਗਰਸ MPਆਂ ਵਿਰੁੱਧ ਟਿੱਪਣੀਆਂ 'ਤੇ ਕਾਰਵਾਈ ਨਾ ਕਰਨਾ।

ਸਪੀਕਰ ਨੇ ਨੋਟਿਸ ਨੂੰ ਸੈਕਟਰੀ ਜਨਰਲ ਨੂੰ ਜਾਂਚ ਲਈ ਭੇਜ ਦਿੱਤਾ ਅਤੇ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਇਹ ਭਾਰਤੀ ਸੰਸਦੀ ਇਤਿਹਾਸ ਵਿੱਚ ਸਪੀਕਰ ਵਿਰੁੱਧ ਅਵਿਸ਼ਵਾਸ ਦਾ ਇੱਕ ਬਹੁਤ ਘੱਟ ਵੇਖਿਆ ਗਿਆ ਕਦਮ ਹੈ।

ਹੁਣ ਇਸ ਸੈਸ਼ਨ ਦੇ ਅੰਕੜੇ ਤੇ ਰੌਲੇ-ਰੱਪੇ ਦੀ ਹਕੀਕਤ ਸੈਸ਼ਨ ਦੇ ਪਹਿਲੇ 10 ਦਿਨਾਂ ਵਿੱਚ ਲੋਕ ਸਭਾ ਦਾ ਬਹੁਤ ਘੱਟ ਸਮਾਂ ਹੀ ਉਤਪਾਦਕ ਰਿਹਾ। ਬਹੁਤ ਸਾਰੇ ਦਿਨ ਅਜਸ਼ਨਮੈਂਟ ਨਾਲ ਖਤਮ ਹੋਏ। 4 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਸ਼ਣ ਦੀ ਯੋਜਨਾ ਵੀ ਰੱਦ ਹੋ ਗਈ ਕਿਉਂਕਿ ਸਪੀਕਰ ਨੂੰ ਖਤਰੇ ਦੀ ਸੂਚਨਾ ਮਿਲੀ ਸੀ ਕਿ ਵਿਰੋਧੀ MP ਪੀ.ਐੱਮ. ਦੀ ਸੀਟ ਵੱਲ ਵਧ ਸਕਦੇ ਹਨ। ਇਸ ਨੇ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ। ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਸਪੀਕਰ ਸਰਕਾਰ ਦੇ ਪੱਖ ਵਿੱਚ ਵਿਵਹਾਰ ਕਰ ਰਹੇ ਹਨ ਅਤੇ ਵਿਰੋਧੀਆਂ ਦੀ ਅਵਾਜ਼ ਦਬਾਈ ਜਾ ਰਹੀ ਹੈ।

ਉਧਰ ਸਰਕਾਰੀ ਧਿਰ ਨੇ ਜਵਾਬ ਵਿੱਚ ਕਿਹਾ ਕਿ ਵਿਰੋਧੀ ਹੰਗਾਮਾ ਕਰਕੇ ਸਦਨ ਨੂੰ ਚੱਲਣ ਨਹੀਂ ਦੇ ਰਹੇ ਅਤੇ ਬਜਟ ਚਰਚਾ ਨੂੰ ਰੋਕ ਰਹੇ ਹਨ। ਜਮਹੂਰੀਅਤ ਲਈ ਚਿੰਤਾਜਨਕ ਨਤੀਜੇ ਇਹ ਘਟਨਾਵਾਂ ਭਾਰਤੀ ਲੋਕਤੰਤਰ ਦੀਆਂ ਤਿੰਨ ਮੁੱਖ ਸਤੰਭਾਂ - ਵਿਧਾਇਕਾ, ਕਾਰਜਕਾਰੀ ਅਤੇ ਨਿਆਇਕ - ਵਿੱਚੋਂ ਵਿਧਾਇਕਾ (ਸੰਸਦ) ਦੀ ਵਿਸ਼ਵਸਨੀਅਤਾ ਨੂੰ ਗੰਭੀਰ ਖਤਰੇ ਵਿੱਚ ਪਾ ਰਹੀਆਂ ਹਨ। ਸੰਵਿਧਾਨ ਦੀ ਮੂਲ ਭਾਵਨਾ ਚਰਚਾ, ਸਹਿਮਤੀ ਅਤੇ ਜਨਤਕ ਮਸਲਿਆਂ 'ਤੇ ਖੁੱਲ੍ਹੀ ਬਹਿਸ ਹੈ, ਪਰ ਅੱਜ ਸਦਨ ਵਿੱਚ ਸਲੋਗਨਬਾਜ਼ੀ, ਕਾਗਜ਼ ਫੇਕਣਾ ਅਤੇ ਅਜਸ਼ਨਮੈਂਟ ਹੀ ਮੁੱਖ ਦ੍ਰਿਸ਼ ਹਨ। ਲੋਕਾਂ ਵਿੱਚ ਸੰਸਦ ਪ੍ਰਤੀ ਵਿਸ਼ਵਾਸ ਘੱਟ ਰਿਹਾ ਹੈ।

ਵਿਚਾਰਨਯੋਗ ਹੈ ਕਿ ਜਦੋਂ ਬਜਟ ਵਰਗੇ ਮਹੱਤਵਪੂਰਨ ਮੁੱਦੇ ਚਰਚਾ ਤੋਂ ਬਿਨਾਂ ਰਹਿ ਜਾਂਦੇ ਹਨ ਤਾਂ ਆਰਥਿਕ ਨੀਤੀਆਂ, ਰੁਜ਼ਗਾਰ, ਮਹਿੰਗਾਈ ਅਤੇ ਵਿਕਾਸ 'ਤੇ ਪ੍ਰਭਾਵ ਪੈਂਦਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਉਹ ਜਨਤਕ ਮਸਲੇ ਉਠਾ ਰਹੇ ਹਨ, ਜਦਕਿ ਸਰਕਾਰ ਕਹਿ ਰਹੀ ਹੈ ਕਿ ਵਿਰੋਧੀ ਸਿਰਫ਼ ਰਾਜਨੀਤੀ ਕਰ ਰਹੇ ਹਨ। ਸਪੀਕਰ ਦੀ ਭੂਮਿਕਾ ਅਤੇ ਪੱਖਪਾਤ ਦੇ ਦੋਸ਼ ਸਪੀਕਰ ਦਾ ਅਹੁਦਾ ਸੰਸਦ ਵਿੱਚ ਨਿਰਪੱਖਤਾ ਦਾ ਪ੍ਰਤੀਕ ਹੁੰਦਾ ਹੈ। ਓਮ ਬਿਰਲਾ 'ਤੇ ਪੱਖਪਾਤ ਦੇ ਦੋਸ਼ ਗੰਭੀਰ ਹਨ। ਵਿਰੋਧੀ ਕਹਿ ਰਹੇ ਹਨ ਕਿ ਉਹ ਸਰਕਾਰ ਦੇ ਹੱਕ ਵਿੱਚ ਫੈਸਲੇ ਲੈ ਰਹੇ ਹਨ। ਇੱਕ ਪਾਸੇ ਰਾਹੁਲ ਗਾਂਧੀ ਨੂੰ ਰੋਕਿਆ ਜਾਂਦਾ ਹੈ, ਦੂਜੇ ਪਾਸੇ ਬੀ.ਜੇ.ਪੀ. MPਆਂ ਦੀਆਂ ਵਿਵਾਦਿਤ ਟਿੱਪਣੀਆਂ 'ਤੇ ਚੁੱਪ ਰਹਿੰਦੇ ਹਨ। ਪਰ ਸਪੀਕਰ ਨੇ ਵੀ ਕਈ ਵਾਰ ਕਿਹਾ ਹੈ ਕਿ ਹੰਗਾਮੇ ਕਾਰਨ ਸਦਨ ਨਹੀਂ ਚੱਲ ਸਕਦਾ। ਉਨ੍ਹਾਂ ਨੇ ਸਰਕਾਰ ਅਤੇ ਵਿਰੋਧੀ ਆਗੂਆਂ ਨਾਲ ਮੀਟਿੰਗਾਂ ਵੀ ਕੀਤੀਆਂ ਪਰ ਨਤੀਜਾ ਨਹੀਂ ਨਿਕਲਿਆ।

ਅੱਜ ਭਵਿੱਖ ਲਈ ਸੁਝਾਅ ਅਤੇ ਚੇਤਾਵਨੀ ਹੈ ਕਿ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਲੋਕਾਂ ਵਿੱਚ ਸੰਸਦ ਪ੍ਰਤੀ ਅਵਿਸ਼ਵਾਸ ਵਧੇਗਾ। ਬਜਟ ਪਾਸ ਹੋਣ ਵਿੱਚ ਦੇਰੀ ਹੋ ਸਕਦੀ ਹੈ ਜਾਂ ਆਰਥਿਕ ਪ੍ਰਭਾਵ ਪਵੇਗਾ। ਅੰਤਰਰਾਸ਼ਟਰੀ ਤਸਵੀਰ ਖਰਾਬ ਹੋਵੇਗੀ-ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਅਜਿਹੇ ਹਾਲ ਵਿੱਚ ਦਿਖਾਈ ਦੇ ਰਿਹਾ ਹੈ। ਭਵਿੱਖ ਵਿੱਚ ਹੋਰ ਅਜਿਹੇ ਵਿਵਾਦ ਵਧ ਸਕਦੇ ਹਨ।

ਹੁਣ ਸਾਰੀਆਂ ਧਿਰਾਂ ਨੂੰ ਸੰਜੀਦਗੀ ਨਾਲ ਬੈਠ ਕੇ ਸਮਝੌਤਾ ਕਰਨਾ ਚਾਹੀਦਾ ਹੈ। ਸਪੀਕਰ ਨੂੰ ਵਧੇਰੇ ਨਿਰਪੱਖ ਵਿਵਹਾਰ ਕਰਨਾ ਚਾਹੀਦਾ ਹੈ। ਵਿਰੋਧੀ ਨੂੰ ਹੰਗਾਮੇ ਤੋਂ ਬਜਾਏ ਚਰਚਾ 'ਤੇ ਜ਼ੋਰ ਦੇਣਾ ਚਾਹੀਦਾ ਹੈ। ਸਰਕਾਰ ਨੂੰ ਵਿਰੋਧੀਆਂ ਨੂੰ ਬੋਲਣ ਦਾ ਮੌਕਾ ਦੇਣਾ ਚਾਹੀਦਾ ਹੈ। ਭਾਰਤੀ ਲੋਕਤੰਤਰ ਮਜ਼ਬੂਤ ਹੈ, ਪਰ ਇਸ ਨੂੰ ਬਚਾਉਣ ਲਈ ਸੰਸਦ ਨੂੰ ਵਾਪਸ ਆਪਣੀ ਮੂਲ ਭੂਮਿਕਾ ਵਿੱਚ ਲਿਆਉਣਾ ਜ਼ਰੂਰੀ ਹੈ - ਚਰਚਾ ਦਾ ਮੰਚ, ਨਾ ਕਿ ਰੌਲੇ-ਰੱਪੇ ਦਾ ਮੈਦਾਨ। ਜੇ ਅਜਿਹਾ ਨਾ ਹੋਇਆ ਤਾਂ ਇਹ ਸੰਕਟ ਹੋਰ ਡੂੰਘਾ ਹੋ ਜਾਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਲੋਕਤੰਤਰ ਦੀ ਇੱਕ ਬਦਸੂਰਤ ਯਾਦਗਾਰ ਬਣ ਜਾਵੇਗਾ।

# ਆਜ਼ਾਦੀ ਦੇ ਪਰਵਾਨੇ ਬਨਾਮ ਕੁਰਸੀ ਦੇ ਦੀਵਾਨੇ-1

## ਕੁਰਬਾਨੀ, ਸਿਧਾਂਤ ਅਤੇ ਨਿਰਸਵਾਰਥ ਸਿਆਸਤ ਦਾ ਸੁਨਹਿਰੀ ਅਧਿਆਏ



ਵਿੰਕਲਜੀਤ ਸਿੰਘ ਸਰਾ
9501477889






**ਇਤਿਹਾਸ ਦੀਆਂ ਨੀਹਾਂ ਵਿੱਚ ਦਫ਼ਨ ਲਹੂ ਦੀ ਦਾਸਤਾਨ** : ਆਜ਼ਾਦੀ ਕੋਈ ਅਜਿਹਾ ਤੋਹਫ਼ਾ ਨਹੀਂ ਸੀ ਜੋ ਸਾਨੂੰ ਕਿਸੇ ਨੇ ਖੁਸ਼ ਹੋ ਕੇ ਦਿੱਤਾ ਹੋਵੇ ਅਤੇ ਨਾ ਹੀ ਇਹ ਸਿਰਫ਼ ਕਾਗਜ਼ਾਂ ਉੱਤੇ ਕੀਤੇ ਗਏ ਦਸਤਖਤਾਂ ਦੀ ਉਪਜ ਸੀ। ਜਦੋਂ ਅਸੀਂ ਅੱਜ ਆਜ਼ਾਦ ਭਾਰਤ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਉਹਨਾਂ ਕਾਲੀਆਂ ਰਾਤਾਂ ਦਾ ਚੇਤਾ ਭੁੱਲ ਜਾਂਦਾ ਹੈ ਜਦੋਂ ਹਿੰਦੁਸਤਾਨ ਦੀ ਹਵਾ ਵਿੱਚ ਗੁਲਾਮੀ ਦੀ ਸੜ੍ਹਿਆਂਦ ਸੀ ਅਤੇ ਹਰ ਭਾਰਤੀ ਦੀ ਅਣਖ ਨੂੰ ਅੰਗਰੇਜ਼ੀ ਬੂਟਾਂ ਹੇਠ ਲਿਤਾੜਿਆ ਜਾਂਦਾ ਸੀ। ਉਸ ਦੌਰ ਵਿੱਚ ਜਿਨ੍ਹਾਂ ਨੇ ਸਿਆਸਤ ਕੀਤੀ ਉਹਨਾਂ ਲਈ 'ਸਿਆਸਤ' ਦਾ ਅਰਥ ਅੱਜ ਵਾਂਗ 'ਸੱਤਾ' ਨਹੀਂ ਸੀ ਬਲਕਿ 'ਸੂਲੀ' ਸੀ। ਭਾਰਤ ਦੀ ਆਜ਼ਾਦੀ ਦਾ ਇਤਿਹਾਸ ਉਹਨਾਂ ਸੂਰਬੀਰਾਂ ਦੀ ਇਬਾਦਤ ਹੈ, ਜਿਨ੍ਹਾਂ ਨੇ ਆਪਣੇ ਘਰ ਬਾਰ, ਸੁਖ-ਆਰਾਮ ਅਤੇ ਆਪਣੀਆਂ ਜਾਨਾਂ ਤੱਕ ਇਸ ਲਈ ਵਾਰ ਦਿੱਤੀਆਂ ਤਾਂ ਜੋ ਆਉਣ ਵਾਲੀਆਂ ਨਸਲਾਂ ਦੇ ਪੈਰਾਂ ਵਿੱਚ ਗੁਲਾਮੀ ਦੀਆਂ ਬੇੜੀਆਂ ਨਾ ਹੋਣ। ਇਹ ਲੇਖ ਉਸੇ ਜਜ਼ਬੇ ਨੂੰ ਸਮਰਪਿਤ ਹੈ, ਜਿੱਥੇ ਰਾਜਨੀਤੀ ਦਾ ਮਤਲਬ ਸਿਰਫ਼ ਤੇ ਸਿਰਫ਼ ਦੇਸ਼ ਲਈ ਮਰ ਮਿਟਣਾ ਸੀ।

**1. ਆਜ਼ਾਦੀ ਦੀ ਰਾਜਨੀਤੀ ਕੁਰਸੀ ਨਹੀਂ, ਕੁਰਬਾਨੀ ਦਾ ਮਾਰਗ** : ਅੱਜ ਦੇ ਦੌਰ ਵਿੱਚ ਰਾਜਨੀਤੀ ਦਾ ਨਾਂ ਲੈਂਦਿਆਂ ਹੀ ਦਿਮਾਗ ਵਿੱਚ ਚੋਣਾਂ, ਰੈਲੀਆਂ, ਫੰਡ ਅਤੇ ਕੁਰਸੀ ਦੀ ਖਿੱਚੋਤਾਣ ਆਉਂਦੀ ਹੈ। ਪਰ 20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਰਾਜਨੀਤੀ ਦਾ ਰਾਹ ਫਾਂਸੀ ਦੇ ਫੰਦੇ ਵੱਲ ਜਾਂਦਾ ਸੀ। ਉਸ ਸਮੇਂ ਜੇਕਰ ਕੋਈ ਕਹਿੰਦਾ ਸੀ ਕਿ ਮੈਂ ਦੇਸ਼ ਦੀ ਸਿਆਸਤ ਵਿੱਚ ਹਾਂ, ਤਾਂ ਉਸਦਾ ਮਤਲਬ ਹੁੰਦਾ ਸੀ ਕਿ ਉਸਨੇ ਆਪਣੇ ਮੌਤ ਦੇ ਵਾਰੰਟ 'ਤੇ ਦਸਤਖਤ ਕਰ ਦਿੱਤੇ ਹਨ। ਉਸ ਦੌਰ ਦੇ ਨੇਤਾਵਾਂ ਅਤੇ ਕ੍ਰਾਂਤੀਕਾਰੀਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਹਨਾਂ ਦਾ ਨਿਰਸਵਾਰਥ ਹੋਣਾ ਸੀ। ਉਹ ਜਾਣਦੇ ਸਨ ਕਿ ਜਿਸ ਆਜ਼ਾਦੀ ਲਈ ਉਹ ਲੜ ਰਹੇ ਹਨ, ਸ਼ਾਇਦ ਉਹ ਉਸ ਦਾ ਸੂਰਜ ਖੁਦ ਕਦੇ ਨਾ ਦੇਖ ਸਕਣ। ਕਰਤਾਰ ਸਿੰਘ ਸਰਾਭਾ ਜਦੋਂ ਸਿਰਫ਼ 19 ਸਾਲ ਦੀ ਉਮਰ ਵਿੱਚ ਫਾਂਸੀ ਵੱਲ ਵਧਿਆ ਤਾਂ ਉਸਦੇ ਸਾਹਮਣੇ ਕੋਈ ਮੰਤਰੀ ਦਾ ਅਹੁਦਾ ਨਹੀਂ ਸੀ। ਉਸਦੇ ਸਾਹਮਣੇ ਸਿਰਫ਼ ਇੱਕ ਸੁਪਨਾ ਸੀ ਇੱਕ ਆਜ਼ਾਦ ਦੇਸ਼। ਇਹ ਅਜਿਹੀ ਰਾਜਨੀਤੀ ਸੀ ਜਿੱਥੇ 'ਲਾਭ' ਦੀ ਕੋਈ ਗੁੰਜਾਇਸ਼ ਨਹੀਂ ਸੀ, ਸਿਰਫ਼ 'ਨੁਕਸਾਨ' ਹੀ ਨੁਕਸਾਨ ਸੀ, ਘਰ ਕੁਰਕ ਹੁੰਦੇ ਸਨ, ਪਰਿਵਾਰ ਉੱਜੜਦੇ ਸਨ ਅਤੇ ਜਵਾਨੀਆਂ ਜੇਲ੍ਹਾਂ ਵਿੱਚ ਗਲ ਜਾਂਦੀਆਂ ਸਨ।

**2. ਗ਼ਦਰ ਲਹਿਰ ਤੋਂ ਜਲ੍ਹਿਆਂਵਾਲਾ ਬਾਗ, ਅਣਖ ਦੀ ਪਹਿਲੀ ਚੰਗਿਆੜੀ** : ਪੰਜਾਬ ਦੀ ਧਰਤੀ ਨੇ ਹਮੇਸ਼ਾ ਹੀ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਗ਼ਦਰ ਪਾਰਟੀ ਦੇ ਬਾਬਿਆਂ ਨੇ ਕੈਨੇਡਾ ਅਤੇ ਅਮਰੀਕਾ ਦੀਆਂ ਸੁੱਖ-ਸਹੂਲਤਾਂ ਤਿਆਗ ਕੇ ਹਿੰਦੁਸਤਾਨ ਦੀ ਧਰਤੀ 'ਤੇ ਆ ਕੇ ਸ਼ਹਾਦਤਾਂ ਪਾਈਆਂ। ਉਹਨਾਂ ਦੀ ਸਿਆਸਤ ਵਿੱਚ ਕੋਈ ਮਿਲਾਵਟ ਨਹੀਂ ਸੀ। ਬਾਬਾ ਸੋਹਣ ਸਿੰਘ ਭਕਨਾ ਅਤੇ ਉਹਨਾਂ ਦੇ ਸਾਥੀਆਂ ਨੇ ਸਿਖਾਇਆ ਕਿ ਦੇਸ਼ ਭਗਤੀ ਕੋਈ ਭਾਸ਼ਣਬਾਜ਼ੀ ਨਹੀਂ, ਸਗੋਂ ਕਰਮ ਹੈ। ਜਦੋਂ 1919 ਵਿੱਚ ਜਲ੍ਹਿਆਂਵਾਲਾ ਬਾਗ ਦਾ ਸਾਕਾ ਹੋਇਆ ਤਾਂ ਉਸਨੇ ਪੂਰੇ ਦੇਸ਼ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਕਤਲੇਆਮ ਨੇ ਇਹ ਸਾਬਤ ਕਰ ਦਿੱਤਾ ਕਿ ਅੰਗਰੇਜ਼ੀ ਹਕੂਮਤ ਨੈਤਿਕਤਾ ਤੋਂ ਗਿਰ ਚੁੱਕੀ ਹੈ। ਪਰ ਉਸ ਦੁੱਖ ਵਿੱਚੋਂ ਜੋ ਰਾਜਨੀਤੀ ਪੈਦਾ ਹੋਈ ਉਹ ਸੀ 'ਏਕਤਾ ਦੀ ਰਾਜਨੀਤੀ'। ਹਿੰਦੂ, ਮੁਸਲਿਮ ਅਤੇ ਸਿੱਖ ਸਾਰਿਆਂ ਨੇ ਰਲ ਕੇ ਇੱਕੋ ਨਾਅਰਾ ਲਾਇਆ ਇਨਕਲਾਬ ਜ਼ਿੰਦਾਬਾਦ। ਉਸ ਸਮੇਂ ਦੇ ਨੇਤਾਵਾਂ ਨੇ ਲੋਕਾਂ ਨੂੰ ਧਰਮਾਂ ਵਿੱਚ ਨਹੀਂ ਵੰਡਿਆ ਬਲਕਿ ਗੁਲਾਮੀ ਦੇ ਖ਼ਿਲਾਫ਼ ਇੱਕਮੁੱਠ ਕੀਤਾ।

**3. ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਵਿਚਾਰਧਾਰਕ ਸਿਆਸਤ** : ਜੇਕਰ ਅਸੀਂ ਨਿਰਸਵਾਰਥ ਰਾਜਨੀਤੀ ਦੀ ਗੱਲ ਕਰੀਏ ਤਾਂ ਭਗਤ ਸਿੰਘ ਦਾ ਨਾਂ ਸਿਖਰ 'ਤੇ ਆਉਂਦਾ ਹੈ। ਭਗਤ ਸਿੰਘ ਸਿਰਫ਼ ਇੱਕ ਬੰਦੂਕ ਚਲਾਉਣ ਵਾਲਾ ਕ੍ਰਾਂਤੀਕਾਰੀ ਨਹੀਂ ਸੀ ਉਹ ਇੱਕ ਬਹੁਤ ਵੱਡਾ ਚਿੰਤਕ ਅਤੇ ਸਿਆਸਤਦਾਨ ਸੀ। ਉਸਨੇ ਰਾਜਨੀਤੀ ਨੂੰ ਇੱਕ ਨਵੀਂ ਪਰਿਭਾਸ਼ਾ ਦਿੱਤੀ ਸੇਵਾ ਅਤੇ ਵਿਚਾਰਧਾਰਾ। ਭਗਤ ਸਿੰਘ ਦੀ ਰਾਜਨੀਤੀ ਇਹ ਸੀ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਬੰਦ ਹੋਣੀ ਚਾਹੀਦੀ ਹੈ ਉਹ ਸਿਰਫ਼ ਗੋਰੇ ਅੰਗਰੇਜ਼ਾਂ ਨੂੰ ਕੱਢਣਾ ਨਹੀਂ ਚਾਹੁੰਦਾ ਸੀ ਉਹ ਚਾਹੁੰਦਾ ਸੀ ਕਿ ਦੇਸ਼ ਅੰਦਰ ਅਜਿਹਾ ਨਿਜ਼ਾਮ ਆਵੇ, ਜਿੱਥੇ ਗਰੀਬ ਕਿਸਾਨ ਅਤੇ ਮਜ਼ਦੂਰ ਦਾ ਸ਼ੋਸ਼ਣ ਨਾ ਹੋਵੇ। ਜਦੋਂ ਉਹ ਜੇਲ੍ਹ ਵਿੱਚ ਸੀ, ਉਸਨੇ ਸੈਂਕੜੇ ਕਿਤਾਬਾਂ ਪੜ੍ਹੀਆਂ। ਉਸਦੀ ਸਿਆਸਤ ਦਾ ਆਧਾਰ 'ਗਿਆਨ' ਸੀ। ਉਸਨੇ ਸਾਬਤ ਕੀਤਾ ਕਿ ਇੱਕ ਸੱਚਾ ਸਿਆਸਤਦਾਨ ਉਹ ਹੈ ਜੋ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਸਿਧਾਂਤਾਂ 'ਤੇ ਅੜਿਆ ਰਹੇ। ਅੱਜ ਜਦੋਂ ਅਸੀਂ ਦਲ-ਬਦਲੀ ਦੇਖਦੇ ਹਾਂ ਤਾਂ ਸਾਨੂੰ ਭਗਤ ਸਿੰਘ ਦੀ ਉਹ ਗੱਲ ਯਾਦ ਆਉਂਦੀ ਹੈ ਕਿ ਸਿਧਾਂਤਾਂ ਨਾਲ ਸਮਝੌਤਾ ਕਰਨਾ ਆਪਣੀ ਰੂਹ ਨੂੰ ਵੇਚਣ ਦੇ ਬਰਾਬਰ ਹੈ।

**4. ਮਾਵਾਂ ਅਤੇ ਧੀਆਂ ਦੀ ਕੁਰਬਾਨੀ, ਪਰਦੇ ਪਿੱਛੇ ਦੇ ਅਸਲ ਨਾਇਕ** : ਆਜ਼ਾਦੀ ਦੇ ਲੇਖ ਵਿੱਚ ਅਕਸਰ ਅਸੀਂ ਮਰਦ ਨੇਤਾਵਾਂ ਦੀ ਗੱਲ ਕਰਦੇ ਹਾਂ ਪਰ ਉਹਨਾਂ ਔਰਤਾਂ ਦੀ ਕੁਰਬਾਨੀ ਸ਼ਬਦਾਂ ਤੋਂ ਪਰੇ ਹੈ, ਜਿਨ੍ਹਾਂ ਨੇ ਆਪਣੇ ਪਤੀਆਂ ਅਤੇ ਪੁੱਤਰਾਂ ਨੂੰ ਹੱਸ ਕੇ ਮੌਤ ਦੇ ਮੂੰਹ ਵਿੱਚ ਭੇਜ ਦਿੱਤਾ। ਇੱਕ ਮਾਂ ਲਈ ਇਸ ਤੋਂ ਵੱਡੀ ਸਿਆਸਤ ਕੀ ਹੋਵੇਗੀ ਕਿ ਉਹ ਆਪਣੇ ਪੁੱਤਰ ਦੀ ਦੇਹ ਨੂੰ ਦੇਸ਼ ਦੇ ਲੇਖੇ ਲਾ ਦੇਵੇ? ਬੀਬੀ ਅਮਰ ਕੌਰ, ਦੁਰਗਾ ਭਾਬੀ ਅਤੇ ਅਣਗਿਣਤ ਮਾਵਾਂ-ਭੈਣਾਂ ਨੇ ਉਹਨਾਂ ਗੁਪਤ ਸੁਨੇਹਿਆਂ ਨੂੰ ਪਹੁੰਚਾਇਆ, ਹਥਿਆਰਾਂ ਦੀ ਸਪਲਾਈ ਕੀਤੀ ਅਤੇ ਜੇਲ੍ਹਾਂ ਵਿੱਚ ਬੰਦ ਕ੍ਰਾਂਤੀਕਾਰੀਆਂ ਦੀ ਹਿੰਮਤ ਬਣੀਆਂ। ਉਹਨਾਂ ਦੀ ਰਾਜਨੀਤੀ ਵਿੱਚ ਕੋਈ ਪ੍ਰਚਾਰ ਨਹੀਂ ਸੀ ਸਿਰਫ਼ ਇੱਕ ਚੁੱਪ-ਚਾਪ ਕੀਤੀ ਗਈ ਸੇਵਾ ਸੀ। ਉਹਨਾਂ ਨੇ ਸਿਖਾਇਆ ਕਿ ਆਜ਼ਾਦੀ ਦੀ ਲੜਾਈ ਸਿਰਫ਼ ਮੈਦਾਨ-ਏ-ਜੰਗ ਵਿੱਚ ਨਹੀਂ ਸਗੋਂ ਘਰਾਂ ਦੀਆਂ ਬਰੂਹਾਂ 'ਤੇ ਵੀ ਲੜੀ ਜਾਂਦੀ ਹੈ।

**5. ਜੇਲ੍ਹਾਂ ਦੀਆਂ ਕਾਲ ਕੋਠੜੀਆਂ ਅਤੇ ਨੈਤਿਕ ਬਲ** : ਅੰਡੇਮਾਨ ਦੀ ਸੈਲੂਲਰ ਜੇਲ੍ਹ (ਕਾਲੇ ਪਾਣੀ) ਦੀਆਂ ਕੰਧਾਂ ਅੱਜ ਵੀ ਉਹਨਾਂ ਚੀਖਾਂ ਅਤੇ ਹੌਂਸਲਿਆਂ ਦੀਆਂ ਗਵਾਹ ਹਨ। ਉੱਥੇ ਰਾਜਨੀਤੀ ਕੀ ਸੀ ? ਉੱਥੇ ਰਾਜਨੀਤੀ ਸੀ ਸਿਰਫ਼ ਇੱਕ ਵਕਤ ਦੀ ਰੋਟੀ ਲਈ ਨਹੀਂ ਬਲਕਿ ਇੱਕ ਭਾਰਤੀ ਹੋਣ ਦੇ ਨਾਤੇ ਇੱਜ਼ਤ ਨਾਲ ਜਿਉਣ ਦੇ ਹੱਕ ਲਈ। ਕੈਦੀਆਂ ਨੂੰ ਕੋਹਲੂ ਵਿੱਚ ਜੋਤਿਆ ਜਾਂਦਾ ਸੀ, ਕੁੱਟਿਆ ਜਾਂਦਾ ਸੀ, ਪਰ ਉਹਨਾਂ ਨੇ ਕਦੇ ਅੰਗਰੇਜ਼ਾਂ ਤੋਂ ਮੁਆਫ਼ੀ ਨਹੀਂ ਮੰਗੀ (ਕੁਝ ਅਪਵਾਦਾਂ ਨੂੰ ਛੱਡ ਕੇ)। ਉਹਨਾਂ ਦਾ ਨੈਤਿਕ ਬਲ ਇੰਨਾ ਉੱਚਾ ਸੀ ਕਿ ਜੇਲ੍ਹਰ ਵੀ ਉਹਨਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣ ਤੋਂ ਡਰਦੇ ਸਨ। ਇਹ ਨਿਰਸਵਾਰਥ ਸਿਆਸਤ ਦੀ ਉਹ ਪਰਾਕਾਸ਼ਠਾ ਸੀ ਜਿੱਥੇ ਸਰੀਰ ਟੁੱਟ ਸਕਦਾ ਸੀ ਪਰ ਸੰਕਲਪ ਨਹੀਂ। ਉਹਨਾਂ ਨੇ ਸਾਬਤ ਕੀਤਾ ਕਿ ਜੇਕਰ ਤੁਹਾਡਾ ਮਕਸਦ ਸੱਚਾ ਹੈ ਤਾਂ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਵੀ ਤੁਹਾਨੂੰ ਝੁਕਾ ਨਹੀਂ ਸਕਦੀ।

**6. ਕਿਸਾਨੀ ਅੰਦੋਲਨ ਅਤੇ ਜ਼ਮੀਨੀ ਸੱਚਾਈ** : ਆਜ਼ਾਦੀ ਦੀ ਲੜਾਈ ਵਿੱਚ ਕਿਸਾਨਾਂ ਦਾ ਯੋਗਦਾਨ ਬਹੁਤ ਵੱਡਾ ਸੀ। 'ਪੱਗੜੀ ਸੰਭਾਲ ਜੱਟਾ' ਲਹਿਰ ਤੋਂ ਲੈ ਕੇ ਨੀਲ ਦੀ ਖੇਤੀ ਦੇ ਵਿਰੋਧ ਤੱਕ ਕਿਸਾਨਾਂ ਨੇ ਸਾਬਤ ਕੀਤਾ ਕਿ ਦੇਸ਼ ਦੀ ਆਜ਼ਾਦੀ ਦਾ ਰਸਤਾ ਖੇਤਾਂ ਵਿੱਚੋਂ ਹੋ ਕੇ ਗੁਜ਼ਰਦਾ ਹੈ। ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਵਰਗੇ ਨੇਤਾਵਾਂ ਨੇ ਕਿਸਾਨਾਂ ਦੀਆਂ ਤਕਲੀਫ਼ਾਂ ਨੂੰ ਸਿਆਸਤ ਦਾ ਕੇਂਦਰ ਬਿੰਦੂ ਬਣਾਇਆ। ਉਸ ਵੇਲੇ ਦੀ ਸਿਆਸਤ ਵੋਟ ਬੈਂਕ ਲਈ ਨਹੀਂ ਸੀ ਸਗੋਂ ਰੋਟੀ ਅਤੇ ਇੱਜ਼ਤ ਲਈ ਸੀ। ਕਿਸਾਨ ਜਾਣਦਾ ਸੀ ਕਿ ਜੇਕਰ ਅੱਜ ਉਹ ਅੰਗਰੇਜ਼ੀ ਟੈਕਸਾਂ ਦੇ ਖ਼ਿਲਾਫ਼ ਨਹੀਂ ਖੜ੍ਹੇਗਾ ਤਾਂ ਉਸਦੀ ਆਉਣ ਵਾਲੀ ਪੀੜ੍ਹੀ ਭੁੱਖੀ ਮਰੇਗੀ। ਇਸ ਜਜ਼ਬੇ ਨੇ ਸਿਆਸਤ ਨੂੰ ਇੱਕ ਜਨ-ਅੰਦੋਲਨ ਵਿੱਚ ਬਦਲ ਦਿੱਤਾ।

**7. ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫ਼ੌਜ, ਇੱਕ ਨਵੀਂ ਉਮੀਦ** : ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਦਿਖਾਇਆ ਕਿ ਰਾਜਨੀਤੀ ਸਿਰਫ਼ ਅਹਿੰਸਾ ਜਾਂ ਗੱਲਬਾਤ ਤੱਕ ਸੀਮਤ ਨਹੀਂ ਹੁੰਦੀ ਜਦੋਂ ਪਾਣੀ ਸਿਰ ਤੋਂ ਲੰਘ ਜਾਵੇ ਤਾਂ ਹਥਿਆਰ ਚੁੱਕਣਾ ਵੀ ਰਾਜਨੀਤਿਕ ਧਰਮ ਬਣ ਜਾਂਦਾ ਹੈ। ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ ਦਾ ਨਾਅਰਾ ਸਿਰਫ਼ ਇੱਕ ਵਾਕ ਨਹੀਂ ਸੀ ਇਹ ਇੱਕ ਇਕਰਾਰਨਾਮਾ ਸੀ ਜਨਤਾ ਅਤੇ ਇੱਕ ਸੱਚੇ ਨੇਤਾ ਦੇ ਵਿਚਕਾਰ। ਆਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਲ ਹੋਣ ਵਾਲੇ ਹਰ ਸਿਪਾਹੀ ਨੂੰ ਪਤਾ ਸੀ ਕਿ ਉਸਦੀ ਵਾਪਸੀ ਮੁਸ਼ਕਲ ਹੈ। ਪਰ ਉਹਨਾਂ ਨੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਦੇ ਗੌਰਵ ਲਈ ਲੜਾਈ ਲੜੀ। ਨੇਤਾ ਜੀ ਦੀ ਰਾਜਨੀਤੀ ਵਿੱਚ ਅਨੁਸ਼ਾਸਨ, ਬਹਾਦਰੀ ਅਤੇ ਅੰਤਰਰਾਸ਼ਟਰੀ ਸੋਚ ਸੀ। ਉਹਨਾਂ ਨੇ ਦੁਨੀਆ ਨੂੰ ਦਿਖਾਇਆ ਕਿ ਇੱਕ ਗੁਲਾਮ ਦੇਸ਼ ਵੀ ਆਪਣੀ ਫ਼ੌਜ ਖੜ੍ਹੀ ਕਰ ਸਕਦਾ ਹੈ ਜੇਕਰ ਉਸਦਾ ਨੇਤਾ ਨਿਰਸਵਾਰਥ ਹੋਵੇ।

**8. ਆਜ਼ਾਦੀ ਦਾ ਮੁੱਲ, ਚਾਂਦੀ ਦੇ ਸਿੱਕੇ ਨਹੀਂ, ਸ਼ਹੀਦਾਂ ਦੇ ਸਿਰ** : ਜਦੋਂ 15 ਅਗਸਤ 1947 ਨੂੰ ਤਿਰੰਗਾ ਲਹਿਰਾਇਆ ਗਿਆ ਤਾਂ ਉਹ ਲਹਿਰਾਉਂਦਾ ਹੋਇਆ ਕੱਪੜਾ ਉਹਨਾਂ ਲੱਖਾਂ ਕੁਰਬਾਨੀਆਂ ਦਾ ਪ੍ਰਤੀਕ ਸੀ। ਉਸ ਦਿਨ ਜਿਹੜੇ ਨੇਤਾ ਸਟੇਜਾਂ 'ਤੇ ਸਨ ਉਹਨਾਂ ਵਿੱਚੋਂ ਬਹੁਤਿਆਂ ਨੇ ਆਪਣੀ ਜ਼ਿੰਦਗੀ ਦੇ 10-15 ਸਾਲ ਜੇਲ੍ਹਾਂ ਵਿੱਚ ਬਿਤਾਏ ਸਨ। ਉਹਨਾਂ ਦੇ ਸਰੀਰ ਕਮਜ਼ੋਰ ਹੋ ਚੁੱਕੇ ਸਨ ਪਰ ਉਹਨਾਂ ਦੀਆਂ ਰੂਹਾਂ ਵਿੱਚ ਜਿੱਤ ਦੀ ਚਮਕ ਸੀ। ਉਸ ਵੇਲੇ ਦੀ ਸਿਆਸਤ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਸੀ ਕਿ ਉਹਨਾਂ ਨੇ ਸਾਨੂੰ ਇੱਕ 'ਸੰਵਿਧਾਨ' ਦਿੱਤਾ। ਉਹ ਸੰਵਿਧਾਨ ਜੋ ਹਰ ਨਾਗਰਿਕ ਨੂੰ ਬਰਾਬਰ ਮੰਨਦਾ ਸੀ। ਉਹਨਾਂ ਨੇ ਇਹ ਨਹੀਂ ਸੋਚਿਆ ਕਿ ਅਸੀਂ ਸੱਤਾ ਵਿੱਚ ਕਿਵੇਂ ਬਣੇ ਰਹਿਣਾ ਹੈ ਬਲਕਿ ਇਹ ਸੋਚਿਆ ਕਿ ਅਗਲੀਆਂ ਪੀੜ੍ਹੀਆਂ ਨੂੰ ਇੱਕ ਮਜ਼ਬੂਤ ਲੋਕਤੰਤਰ ਕਿਵੇਂ ਦੇਣਾ ਹੈ। **(ਚੱਲਦਾ)**



ਕਮਲਜੀਤ ਸਿੰਘ ਬਨਵੈਤ
98147 34035

# ਜਥੇਦਾਰ ਗੜਗੱਜ ਦੀਆਂ ਸਰਕਾਰ ਨਾਲ ਕੁਵੇਲੇ ਦੀਆਂ ਟੱਕਰਾਂ

- ਜਥੇਦਾਰ ਦੇ ਆਦੇਸ਼ਾਂ ਦੀ ਪਾਲਣਾ ਕਰਨਾ ਪੰਜਾਬ ਸਰਕਾਰ ਵਾਸਤੇ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋਵੇਗਾ
- ਜੇ ਇਹੋ ਆਦੇਸ਼ ਸਿੱਟ ਦੇ ਗਠਨ ਵੇਲੇ ਦਿੱਤੇ ਜਾਂਦੇ ਤਾਂ ਸ਼ਾਇਦ ਸਰਕਾਰ ਲਈ ਪਾਲਣਾ ਕਰਨੀ ਸੌਖੀ ਹੋ ਜਾਂਦੀ
- ਪੰਜਾਬ ਵਿੱਚ ਸਿੱਖ ਨੌਜਵਾਨਾਂ ਦਾ ਘਾਣ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਤੇ ਡੀਜੀਪੀ ਕੇ ਪੀ ਐਸ ਗਿੱਲ ਵੀ ਸਾਬਤ ਸੂਰਤ ਸਿੱਖ ਸਨ
- ਜਥੇਦਾਰ ਨੇ ਸ਼੍ਰੋਮਣੀ ਕਮੇਟੀ ਦੀ ਸਿੱਟ ਨੂੰ ਸਹਿਯੋਗ ਨਾ ਦੇਣ ਦੇ ਆਦੇਸ਼ ਕਰਨ ਤੋਂ ਬਾਅਦ ਕੱਟਿਆ ਸੀ ਕੂਹਣੀ ਮੋੜ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬ ਸੰਸਥਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਰੁਤਬਾ ਸਭ ਤੋਂ ਉੱਚਾ ਹੈ। ਦੂਜੇ ਚਾਰ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਵੀ ਵੱਡੇ ਰੁਤਬੇ ਨਾਲ ਨਿਵਾਜਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੁਪਰੀਮ ਸੰਸਥਾ ਦੇ ਮੁਖੀ ਹੋਣ ਕਾਰਨ ਇਨ੍ਹਾਂ ਦੀ ਰਹਿਨੁਮਾਈ ਹੇਠ ਹੀ ਦੂਜੇ ਤਖ਼ਤਾਂ ਦੇ ਜਥੇਦਾਰ ਜਾਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਜੁੜਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬ ਉੱਚਤਾ ਮੂਹਰੇ ਸਿਰਫ਼ ਸਿੱਖ ਜਗਤ ਹੀ ਸਿਰ ਨਹੀਂ ਝੁਕਾਉਂਦਾ ਹੈ, ਸਗੋਂ ਪੂਰੀ ਦੁਨੀਆਂ ਦੇ ਗ਼ੈਰ ਸਿੱਖ ਵੀ ਇਸ ਦੀ ਮਹਾਨਤਾ ਦੇ ਕਾਇਲ ਹਨ। ਇਹ ਉਹ ਤਖ਼ਤ ਹੈ, ਜਿਸ ਮੂਹਰੇ ਮਹਾਰਾਜਾ ਰਣਜੀਤ ਸਿੰਘ ਨੇ ਕੋੜੇ ਖਾਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਸੀ। ਦੇਸ਼ ਦੇ ਰਾਸ਼ਟਰਪਤੀ, ਭਾਰਤ ਦੇ ਗ੍ਰਹਿ ਮੰਤਰੀ ਤੇ ਸੂਬੇ ਦੇ ਮੁੱਖ ਮੰਤਰੀਆਂ ਤੱਕ ਸਿਰ ਨਿਵਾਅ ਕੇ ਸਜ਼ਾ ਲਵਾਉਂਦੇ ਰਹੇ ਹਨ।

ਸ੍ਰੀ ਅਕਾਲ ਤਖ਼ਤ ਦੇ ਵੱਡੀ ਗਿਣਤੀ ਜਥੇਦਾਰਾਂ ਨੇ ਆਪਣੀ ਲਿਆਕਤ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਨੂੰ ਹੋਰ ਵਡਿਆਇਆ ਹੈ। ਬਦਕਿਸਮਤੀ ਨੂੰ ਪਿਛਲੇ ਸਮੇਂ ਦੌਰਾਨ ਕਈ ਜਥੇਦਾਰਾਂ ਦੇ ਫ਼ੈਸਲੇ ਅਤੇ ਉਹਨਾਂ ਦੀ ਕਾਰਗੁਜ਼ਾਰੀ ਨਾਲ ਸਿੱਖ ਕੌਮ ਦੇ ਮਨਾਂ ਨੂੰ ਠੇਸ ਪੁੱਜੀ ਹੈ। ਜਿਸ ਨਾਲ ਜਥੇਦਾਰਾਂ ਦੇ ਰੁਤਬੇ ਦਾ ਮਾਣ ਘਟਿਆ ਹੈ। ਉਹ ਵਜ੍ਹਾ ਹੈ ਕਿ ਕਈ ਬੁੱਧੀਜੀਵੀ ਸਿੱਖ ਇਹਨਾਂ ਨੂੰ ਪੁਜਾਰੀ ਕਹਿਣ ਲੱਗੇ ਹਨ। ਅਕਸਰ ਕਹਿਣ, ਸੁਣਨ ਅਤੇ ਪੜ੍ਹਨ ਨੂੰ ਮਿਲਦਾ ਹੈ ਕਿ ਕਈ ਵਾਰ ਕਿਸੀ ਹਸਤੀ ਦੇ ਬੈਠਣ ਨਾਲ ਕੁਰਸੀ ਉੱਚੀ ਹੋ ਜਾਂਦੀ ਹੈ ਤੇ ਕਈ ਵਾਰ ਛੋਟੇ ਬੰਦੇ ਦੇ ਬੈਠਣ ਨਾਲ ਵੱਡੀ ਕੁਰਸੀ ਨੀਵੀਂ ਪੈ ਜਾਂਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ, ਜਿਹੜੇ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਹਨ, ਦੀ ਨਿਯੁਕਤੀ ਤੋਂ ਲੈ ਕੇ ਦਸਤਾਰਬੰਦੀ ਅਤੇ ਹੁਣ ਉਨਾਂ ਵੱਲੋਂ ਲਏ ਜਾਂਦੇ ਫੈਸਲਿਆਂ ਕਾਰਨ ਉਹ ਵਿਵਾਦਾਂ ਵਿੱਚ ਘਿਰਦੇ ਆ ਰਹੇ ਹਨ। ਉਹ ਪਹਿਲੇ ਜਥੇਦਾਰ ਹਨ, ਜਿਨ੍ਹਾਂ ਦੀ ਦੋ ਵਾਰ ਅੱਧ-ਪਚੱਧੀ ਦਸਤਾਰਬੰਦੀ ਹੋਈ ਹੈ। ਬਾਵਜੂਦ ਇਸਦੇ ਉਹ ਆਪਣਾ ਉਹ ਰੁਤਬਾ ਨਹੀਂ ਬਣਾ ਸਕੇ, ਜਿਹੋ ਜਿਹਾ ਰੁਤਬਾ ਇੱਕ ਜਥੇਦਾਰ ਆਪਣੀ ਲਿਆਕਤ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ੋਭਾ ਵਿੱਚ ਹੋਰ ਵਧਾ ਦਿੰਦਾ ਹੈ।

ਗਿਆਨੀ ਕੁਲਦੀਪ ਸਿੰਘ ਗੜਗੱਜ ਉੱਤੇ ਵੀ ਕਿਸੇ ਇੱਕ ਖ਼ਾਸ ਰਿਮੋਟ ਕੰਟਰੋਲ ਨਾਲ ਚੱਲਣ ਦੇ ਇਲਜ਼ਾਮ ਲੱਗਦੇ ਆ ਰਹੇ ਹਨ। ਉਹਨਾਂ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿੱਚ ਸਭਨਾਂ ਨੂੰ ਇੱਕੋ ਅੱਖ ਨਾਲ ਨਾ ਦੇਖਣ ਦਾ ਵੀ ਦੋਸ਼ ਵੀ ਲੱਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ 328 ਸਰੂਪਾਂ ਦਾ ਮਾਮਲਾ ਬਹੁਤ ਨਾਜ਼ਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਨਾਲ ਜੁੜੀਆਂ ਘਟਨਾਵਾਂ ਜਿੰਨਾ ਹੀ ਦਰਦ ਇਸ ਘਟਨਾ ਨੇ ਸਿੱਖ ਹਿਰਦਿਆਂ ਨੂੰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਲਾਪਤਾ ਸਰੂਪਾਂ ਦੇ ਮਾਮਲਿਆਂ ਨੂੰ ਲੈ ਕੇ ਲਿੱਪਾ ਪੋਚੀ ਕਰਨ ਦੇ ਦੋਸ਼ ਲੱਗਣ ਤੋਂ ਬਾਅਦ ਪੰਜਾਬ ਸਰਕਾਰ ਨੇ ਜਾਂਚ ਲਈ ਇੱਕ ਸਿੱਟ ਦਾ ਗਠਨ ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਸਿੱਟ ਨਾਲ ਸਹਿਯੋਗ ਨਾ ਕਰਨ ਦੇ ਹੁਕਮ ਦੇ ਦਿੱਤੇ ਅਤੇ ਬਾਅਦ ਦੇ ਵਿੱਚ ਕੂਹਣੀ ਮੁੜ ਕੱਟਦਿਆਂ ਰਿਕਾਰਡ ਦੇਣ ਦੀ ਅਪੀਲ ਕਰ ਦਿੱਤੀ ਸੀ।

ਹੁਣ ਉਹਨਾਂ ਨੇ ਸਿੱਖ ਪੰਥ ਦੇ ਨਾਲ ਸਬੰਧਤ ਕਈ ਗੰਭੀਰ ਮੁੱਦਿਆਂ 'ਤੇ ਸੰਗਤ ਲਈ ਅਹਿਮ ਆਦੇਸ਼ ਜਾਰੀ ਕੀਤੇ ਹਨ । ਉਹਨਾਂ ਨੇ ਪੰਜਾਬ ਸਰਕਾਰ ਦੀ ਕਾਰਜ ਪ੍ਰਣਾਲੀ, ਗੁਰਦੁਆਰਾ ਪ੍ਰਬੰਧਨ ਵਿੱਚ ਮਨ ਮਰਜ਼ੀ 'ਤੇ ਸਿੱਖ ਮਰਿਆਦਾ ਦੀ ਉਲੰਘਣਾ 'ਤੇ ਸਖਤ ਰੁਖ ਅਪਣਾਇਆ ਹੈ। ਉਹਨਾਂ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਐਸਆਈਟੀ ਨੇ ਮਰਿਆਦਾ ਦੀ ਉਲੰਘਣਾ ਕੀਤੀ ਹੈ। ਉਹਨਾਂ ਨੇ ਕਿਹਾ ਕਿ ਜਾਂਚ ਅਧਿਕਾਰੀਆਂ ਨੇ ਬੰਗਾ ਨੇੜੇ ਗੁਰੂ ਘਰ ਵਿੱਚ ਜਾਂਚ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖਾਸਨ ਵਾਲੇ ਸਥਾਨ 'ਤੇ ਮਰਿਆਦਾ ਦੇ ਉਲਟ ਕੰਮ ਕੀਤਾ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਹਨਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਹੁਕਮ ਕੀਤਾ ਜਾਂਦਾ ਹੈ ਕਿ ਬੇਅਦਬੀ ਨਾਲ ਸਬੰਧਤ ਮਾਮਲੇ ਦੀ ਜਾਂਚ ਲਈ ਸਿਰਫ ਅੰਮ੍ਰਿਤਧਾਰੀ ਸਿੱਖ ਅਧਿਕਾਰੀਆਂ ਦੀ ਸਿੱਟ ਗਠਿਤ ਕੀਤੀ ਜਾਵੇ, ਜਿਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਤੇ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਦੀ ਪੂਰਨ ਜਾਣਕਾਰੀ ਹੋਵੇ। ਉਨ੍ਹਾਂ ਨੇ ਹੁਣੇ ਜਿਹੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਾਦੇ ਕੱਪੜਿਆਂ ਵਿੱਚ ਪੁਲਿਸ ਮੁਲਾਜ਼ਮਾਂ ਵੱਲੋਂ ਦੋ ਨੌਜਵਾਨ ਸ਼ਰਧਾਲੂਆਂ ਨੂੰ ਹਿਰਾਸਤ ਵਿੱਚ ਲੈਣ ਦੀ ਘਟਨਾ ਦੀ ਨਿੰਦਾ ਵੀ ਕੀਤੀ।

ਸਾਡੀ ਜਾਚੇ ਜਥੇਦਾਰ ਗੜਗੱਜ ਦਾ ਇਹ ਆਦੇਸ਼ ਵੇਲੇ ਦਾ ਰਾਗ ਕੁਵੇਲੇ ਦੀਆਂ ਟੱਕਰਾਂ ਵਰਗਾ ਹੈ। ਪਹਿਲੀ ਗੱਲ ਤਾਂ ਇਹ ਕਿ ਬੰਗਾ ਨੇੜੇ ਪੁਲਿਸ ਦੇ ਦਾਖ਼ਲੇ ਨੂੰ ਇੱਕ ਮਹੀਨਾ ਹੋਣ ਵਾਲਾ ਹੈ। ਇਸ ਮਾਮਲੇ ਦਾ ਜ਼ਿਕਰ ਹੁਣ ਕਰਨ ਦੀ ਕੀ ਲੋੜ ਪੈ ਗਈ ਜਾਂ ਇਹ ਕਦਮ ਤਾਂ ਉਦੋਂ ਚੁੱਕਣ ਦਾ ਵੇਲਾ ਸੀ। ਦੂਸਰਾ ਇਹ ਕਿ ਪੰਜਾਬ ਸਰਕਾਰ ਵੱਲੋਂ ਗਠਿਤ ਸਿੱਟ ਜਿੰਨਾ ਕੰਮ ਕਰ ਚੁੱਕੀ ਹੈ ਉਸ ਵਿੱਚ ਹੁਣ ਬਦਲਾਅ ਕਰਨਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸਵਾਲ ਤਾਂ ਇਹ ਖੜ੍ਹਾ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਰਹਿਤ ਮਰਿਆਦਾ ਦੀ ਜਾਣਕਾਰੀ ਕੇਵਲ ਅੰਮ੍ਰਿਤਧਾਰੀ ਜਾਂ ਪੂਰਨ ਗੁਰਸਿੱਖਾਂ ਨੂੰ ਹੈ ਜਾਂ ਕਿ ਦੂਜੇ ਅਧਿਕਾਰੀ ਵੀ ਇਸ ਦੀ ਜਾਣਕਾਰੀ ਅਤੇ ਸ਼ਰਧਾ ਰੱਖਦੇ ਹਨ? ਇਸ ਤੋਂ ਅੱਗੇ ਚਲੇ ਜਾਈਏ ਤਾਂ ਪੰਜਾਬ ਪੁਲਿਸ ਵਿੱਚ ਗੁਰਸਿੱਖ ਅਫਸਰਾਂ ਦੀ ਗਿਣਤੀ ਬੜੀ ਘੱਟ ਹੋਵੇਗੀ। ਜਦੋਂ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਹੋਇਆ ਸੀ ਤਾਂ ਦੇਸ਼ ਦਾ ਰਾਸ਼ਟਰਪਤੀ ਵੀ ਇੱਕ ਸਿੱਖ ਸੀ। ਪੰਜਾਬ ਦੇ ਮੁੱਖ ਮੰਤਰੀ ਰਹੇ ਮਰਹੂਮ ਬੇਅੰਤ ਸਿੰਘ ਅਤੇ ਸਾਬਕਾ ਡੀਜੀਪੀ ਕੇ ਪੀ ਐਸ ਗਿੱਲ ਜਿਨ੍ਹਾਂ ਉੱਤੇ ਸਿੱਖ ਨੌਜਵਾਨਾਂ ਦਾ ਘਾਣ ਕਰਨ ਦਾ ਦੋਸ਼ ਹੈ, ਵੀ ਸਿੱਖ ਸਨ। ਹੋ ਤਾਂ ਇਹ ਸਕਦਾ ਸੀ ਜਥੇਦਾਰ ਸਾਹਿਬ ਹੁਕਮ ਦੇ ਦਿੰਦੇ ਕਿ ਸਿੱਟ ਕਿਤੇ ਵੀ ਛਾਪਾ ਮਾਰਨ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਕਿਸੇ ਗ੍ਰੰਥੀ ਨੂੰ ਨਾਲ ਲੈ ਜਾਇਆ ਕਰੇ। ਜਾਂ ਕਿਸੇ ਹੋਰ ਸਿੱਖ ਹਸਤੀ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਅਸਲ ਵਿੱਚ ਜਥੇਦਾਰ ਸਾਹਿਬ ਦਾ ਦੁੱਖ ਕਿਤੇ ਇਹ ਨਾ ਹੋਵੇ ਕਿ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀ ਸਿੱਟ ਵਿੱਚ ਉਹੀ ਅਧਿਕਾਰੀ ਸ਼ਾਮਿਲ ਹਨ, ਜਿਹੜੇ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਵੇਲੇ ਉਸਦੇ ਘਰ ਜਾ ਖੜ੍ਹੇ ਸਨ। ਦਰਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਜੁੜਿਆ ਵੀ ਹੋ ਸਕਦਾ ਹੈ ਕਿਉਂਕਿ ਉਹਨਾਂ ਦੀ ਭੂਮਿਕਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀ ਏ ਰਹੇ ਸਤਿੰਦਰ ਸਿੰਘ ਕੋਹਲੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਪੰਜਾਬ ਸਰਕਾਰ ਜਥੇਦਾਰ ਦੇ ਹੁਕਮਾਂ ਨੂੰ ਨਹੀਂ ਮੰਨਦੀ ਤਾਂ ਉਹ ਆਪ ਕਿੱਥੇ ਜਾ ਖੜ੍ਹਦੇ ਹਨ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਰੁਤਬੇ ਨੂੰ ਇਹ ਕਿਤੇ ਇੱਕ ਹੋਰ ਸੱਟ ਤਾਂ ਨਹੀਂ ਲੱਗ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਕਈ ਸਮੇਂ ਤੋਂ ਵਿਵਾਦਾਂ ਵਿੱਚ ਘਿਰਦੀ ਆ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਈ ਚਿਰ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਲਈ ਵਿਧੀ ਵਿਧਾਨ ਲਾਉਣ ਦਾ ਭਰੋਸਾ ਦਿੱਤਾ ਸੀ ਪਰ ਸ਼੍ਰੋਮਣੀ ਅਕਾਲੀ ਦਲ ਉੱਤੇ ਪਿਆ ਸੰਕਟ ਟਲ ਗਿਆ ਤਾਂ ਸਾਰਾ ਕੁਝ ਹੀ ਭੁੱਲ ਭੁਲਾ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀਆਂ ਗ਼ਲਤੀਆਂ ਲੋਕ ਭੁੱਲਣ ਵਾਲੇ ਨਹੀਂ ਹਨ ਨਾ ਹੀ ਲੋਕਾਂ ਦੇ ਚੇਤਿਆਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰ ਹੁੰਦਿਆਂ ਕੀਤੇ ਗੁਨਾਹ ਹਿਰਦਿਆਂ ਵਿਸਰ ਰਹੇ ਹਨ।

ਅਸਲ 'ਚ ਸਿੱਖ ਕੌਮ ਬੜੀ ਵੱਡੀ ਦੁਬਿਧਾ ਵਿੱਚ ਪਈ ਹੋਈ ਹੈ। ਕੋਈ ਰਾਹ ਦਸੇਰਾ ਦਿਸ ਨਹੀਂ ਰਿਹਾ, ਜਿਹੜਾ ਬਾਂਹ ਫੜ ਕੇ ਸਿੱਖ ਸਿਆਸਤ ਅਤੇ ਪੰਥਕ ਮਸਲਿਆਂ ਨੂੰ ਖਲਜਗਣ ਵਿੱਚੋਂ ਬਾਹਰ ਕੱਢ ਸਕੇ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਖੱਟਕੜ ਕਲਾਂ ਤੋਂ ਅੰਮ੍ਰਿਤਸਰ ਸਾਹਿਬ ਲਈ ਸ਼ਰਧਾਲੂ ਬੱਸਾਂ ਰਾਹੀਂ ਰਵਾਨਾ

ਨਵਾਂਸ਼ਹਿਰ, ਬੰਗਾ, ਬਲਾਚੌਰ 10 ਫਰਵਰੀ (ਸੁਖਦੇਵ ਸਿੰਘ ਉੜਾਪੜ) : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕਿਆ ਬੰਗਾ, ਬਲਾਚੌਰ ਅਤੇ ਨਵਾਂਸ਼ਹਿਰ ਤੋਂ ਕੁੱਲ ਤਿੰਨ ਬੱਸਾਂ ਰਾਹੀਂ ਸ਼ਰਧਾਲੂਆਂ ਦਾ ਪਹਿਲਾ ਜੱਥਾ ਖੱਟਕੜ ਕਲਾਂ ਤੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਹੋਇਆ। ਇਸ ਮੌਕੇ ਵਿਧਾਇਕ ਹਲਕਾ ਬੰਗਾ ਸੁਖਵਿੰਦਰ ਕੁਮਾਰ ਸੁੱਖੀ, ਚੇਅਰਮੈਨ ਨਗਰ ਸੁਧਾਰ ਟਰਸਟ ਸਤਨਾਮ ਸਿੰਘ ਜਲਵਾਹਾ, ਵਾਇਸ ਚੇਅਰਮੈਨ ਐਸ ਸੀ ਕਮਿਸ਼ਨ ਹਰਜੋਤ ਲੋਟੀਆ, ਐਸ ਡੀ ਐਮ ਨਵਾਂਸ਼ਹਿਰ ਅਨਮਜਯੋਤ ਕੌਰ, ਐਸ. ਡੀ. ਐਮ ਬੰਗਾ ਵਿਪਨ ਭੰਡਾਰੀ ਅਤੇ ਤਰੁਣ ਅਰੋੜਾ ਸਟੇਟ ਸੈਕਟਰੀ ਆਮ ਆਦਮੀ ਪਾਰਟੀ ਇੰਚਾਰਜ ਦੁਆਬਾ ਜੋਨ ਤੋਂ ਇਲਾਵਾ ਸ਼ਰਧਾਲੂ ਹਾਜ਼ਰ ਸਨ।

ਵਿਧਾਇਕ ਹਲਕਾ ਬੰਗਾ ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਖੱਟਕੜ ਕਲਾਂ ਤੋਂ ਕੁੱਲ ਤਿੰਨ ਬੱਸਾਂ ਹਲਕੇ ਦੇ ਸ਼ਰਧਾਲੂਆਂ ਨੂੰ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋਈ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਭੇਜੀ ਗਈ ਹੈ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਚੇਅਰਮੈਨ ਨਗਰ ਸੁਧਾਰ ਟਰਸਟ ਸਤਨਾਮ ਸਿੰਘ ਜਲਵਾਹਾ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਜ਼ੁਰਗਾਂ ਨੂੰ ਤੀਰਥ ਯਾਤਰਾਂ 'ਤੇ ਲਿਜਾਉਣ ਬਹੁਤ ਵਧੀਆ ਕਾਰਜ ਹੈ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਜੋ ਅੱਜ ਇੱਥੇ ਖਟਕੜ ਕਲਾਂ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਰਵਾਨਾ ਹੋਏ ਹਨ, ਉਨ੍ਹਾਂ ਲਈ ਪੰਜਾਬ ਸਰਕਾਰ ਵੱਲੋਂ ਖਾਣਾ, ਮੈਡੀਕਲ ਸਹੂਲਤ, ਰਹਿਣ ਆਦਿ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਸ਼ਰਧਾਲੂ ਨੂੰ ਕੋਈ ਵੀ ਦਿਕਤ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਨੂੰ ਸ੍ਰੀ ਦਰਬਾਰ ਸਾਹਿਬ, ਰਾਮ ਤੀਰਥ ਮੰਦਿਰ, ਬਾਘਾ ਬਾਰਡਰ, ਜਲ੍ਹਿਆਂਵਾਲਾ ਬਾਗ ਆਦਿ ਥਾਂਵਾਂ ਦੀ ਯਾਤਰਾ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਤਿੰਨ ਦੀ ਹੋਵੇਗੀ, ਜਿੱਥੇ ਯਾਤਰਾ ਦੇ ਰਾਤ ਦੇ ਠਹਿਰਣ ਤੇ ਖਾਣੇ ਆਦਿ ਦੇ ਸਾਰੇ ਪ੍ਰਬੰਧ ਹੋਣਗੇ।


**ਵਸੂਲੀ ਅਧਿਕਾਰੀ ਦਾ ਦਫਤਰ-1/2**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)**
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ -160017

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./343/2023 21.10.2025

ਸਟੇਟ ਬੈਂਕ ਆਫ ਇੰਡੀਆ
ਬਨਾਮ
ਬਲਜਿੰਦਰ ਸਿੰਘ

ਵੱਲ,
(ਸੀਡੀ-1) ਸ੍ਰੀ ਬਲਵਿੰਦਰ ਸਿੰਘ ਸਪੁੱਤਰ ਸ੍ਰੀ ਮੋਹਿੰਦਰ ਸਿੰਘ, ਵਾਸੀ ਮਕਾਨ ਨੰ. 677, ਗਲੀ ਨੰ. 12, ਘੁੰਮਣ ਨਗਰ, ਸਰਹਿੰਦ ਰੋਡ, ਪਟਿਆਲਾ, ਪੰਜਾਬ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1572/2019 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 09.04.2019 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.75% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 23,48,286.15/- (ਰੁਪਏ ਤੇਈ ਲੱਖ ਅਠਤਾਲੀ ਹਜ਼ਾਰ ਦੋ ਸੌ ਛਿਆਸੀ ਅਤੇ ਪੰਦਰਾਂ ਪੈਸੇ ਕੇਵਲ) ਦੀ ਰਕਮ ਅਤੇ ਰੁ. 26,000 (ਰੁਪਏ ਛੱਬੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 17.02.2026 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 21.10.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰਬਰ : ਓਏ/1432/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. : 32306

ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਰਣਜੀਤ ਸਿੰਘ

ਵੱਲ,
(1) ਰਣਜੀਤ ਸਿੰਘ ਸਪੁੱਤਰੀ/ਸੁਪਤਨੀ/ਸਪੁੱਤਰ/ਹੋਰ : ਸ੍ਰੀ ਜਰਨੈਲ ਸਿੰਘ ਪਿੰਡ ਮੋਹਕਮ ਭੱਟੀ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-152004

ਸੰਮਨ
ਜਿਥੇ ਕਿ, ਓ. ਏ./1432/2025, 08.12.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 30,31,571.81/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 24.03.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 10.12.2025 ਨੂੰ ਜਾਰੀ।

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖ਼ਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਨੋਟ : ਛੱਡ ਦਿਓ, ਜੋ ਵੀ ਲਾਗੂ ਨਾ ਹੋਵੇ



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ. : ਓਏ/226/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. 29522

ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਸ. ਕਨਿਕਾ ਕੁਲੈਕਸ਼ਨ ਅਤੇ ਹੋਰ

ਵੱਲ,
(1) ਮੈਸਰਜ਼ ਕਨਿਕਾ ਕਲੈਕਸ਼ਨ ਸਟਰੀਟ ਨੰਬਰ 3 ਪਲਾਟ ਨੰਬਰ 79ਏ ਰਿਸ਼ੀ ਨਗਰ, ਟਿੱਬਾ ਰੋਡ, ਲੁਧਿਆਣਾ-141007 ਇਸਦੇ ਮਾਲਕ ਸ੍ਰੀ ਅਜੈ ਕੁਮਾਰ ਰਾਹੀਂ
(2) ਅਜੈ ਕੁਮਾਰ ਪੁੱਤਰ ਸ੍ਰੀ ਤਿਲਕ ਰਾਜ ਪ੍ਰੋਪ ਮੈਸਰਜ਼ ਕਨਿਕਾ ਕਲੈਕਸ਼ਨ ਸਟਰੀਟ ਨੰਬਰ 3, ਪਲਾਟ ਨੰਬਰ 79-ਏ, ਰਿਸ਼ੀ ਨਗਰ, ਟਿੱਬਾ ਰੋਡ, ਲੁਧਿਆਣਾ-141007. ਇਸ ਤੋਂ ਇਲਾਵਾ; ਵਾਸੀ ਪਲਾਟ ਨੰਬਰ 178, ਗਲੀ ਨੰਬਰ 1, ਵਾਰਡ ਨੰਬਰ 8, ਰੈੱਡ ਰੋਜ਼ ਸਕੂਲ ਦੇ ਨੇੜੇ, ਗੋਪਾਲ ਨਗਰ, ਟਿੱਬਾ ਰੋਡ, ਲੁਧਿਆਣਾ-141007

ਸੰਮਨ
ਜਿਥੇ ਕਿ, ਓ. ਏ./226/2025, 05.02.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 22,98,175.20/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 27.04.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 06.02.2026 ਨੂੰ ਜਾਰੀ।

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖ਼ਰ

ਨੋਟ : ਛੱਡ ਦਿਓ, ਜੋ ਵੀ ਲਾਗੂ ਨਾ ਹੋਵੇ।



**ਯੂਨੀਅਨ ਬੈਂਕ** ਆਫ ਇੰਡੀਆ
ਭਾਰਤ ਸਰਕਾਰ ਦੇ ਅਧੀਨ
Union Bank of India
A Government of India Undertaking
ਖੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਪਹਿਲੀ ਮੰਜ਼ਿਲ, ਦੁੱਗਰੀ ਰੋਡ, ਆਤਮ ਨਗਰ, ਲੁਧਿਆਣਾ-141003, ਫੋਨ 0161-4502398

**ਖੇਤਰੀ ਦਫ਼ਤਰ ਲੁਧਿਆਣਾ ਅਧੀਨ ਸ਼ਾਖਾਵਾਂ/ਏਟੀਐਮ/ਦਫ਼ਤਰਾਂ ਵਿੱਚ ਸੀਸੀਟੀਵੀ ਸਿਸਟਮ, ਫਾਇਰ ਅਲਾਰਮ, ਸੁਰੱਖਿਆ ਅਲਾਰਮ ਅਤੇ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਸਪਲਾਈ ਰੱਖ-ਰਖਾਅ ਲਈ ਵਿਕਰੇਤਾਵਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਲਈ ਟੈਂਡਰ ਸੂਚਨਾ**

ਕਿਉਂਕਿ ਤੁਸੀਂ ਬੈਂਕ ਦੀਆਂ ਆਪਣੀਆਂ ਦੇਣਦਾਰੀਆਂ ਨੂੰ ਨਿਭਾਉਣ ਵਿੱਚ ਅਸਫਲ ਰਹੇ ਹੋ, ਇਸ ਲਈ, ਅਧਿਕਾਰਤ ਅਧਿਕਾਰੀ ਵਜੋਂ ਹੇਠ ਲਿਖੇ ਅਨੁਸਾਰ, ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 ਦੀ ਧਾਰਾ 13(4) ਦੇ ਅਧੀਨ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਹੋਏ, ਉਪਰੋਕਤ ਉਧਾਰ ਲੈਣ ਵਾਲੇ ਅਤੇ ਗਾਰੰਟਰਾਂ ਤੋਂ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਵਸੂਲੀ ਲਈ ਈ-ਨਿਲਾਮੀ ਰਾਹੀਂ ਹੇਠਾਂ ਦੱਸੇ ਗਏ ਅਨੁਸਾਰ ਜਾਇਦਾਦਾਂ ਦੀਆਂ ਸੁਰੱਖਿਅਤ ਸੰਪਤੀਆਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ।

ਤੁਹਾਡਾ ਧਿਆਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 ਦੀ ਧਾਰਾ 13(8) ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ (ਭਾਵ 30 ਦਿਨ) ਦੇ ਸੰਬੰਧ ਵਿੱਚ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਧਾਰਾ 13(8) ਦੇ ਅਧੀਨ ਤੁਹਾਡਾ ਅਧਿਕਾਰ ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਿਤ ਹੋਣ ਜਾਂ ਸੁਰੱਖਿਅਤ ਸੰਪਤੀ ਦੇ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੁਆਰਾ ਟਰਾਂਸਫਰ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲੇ ਜਾਂ ਟੈਂਡਰ ਸੱਦਾ ਦੇਣ ਦੀ ਮਿਤੀ ਤੋਂ ਖਤਮ ਹੋ ਜਾਵੇਗਾ।

ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-
ਸਿਕਿਓਰਿਟੀਜ਼ੇਸ਼ਨ ਐਂਡ ਰੀਕੰਸਟ ?ਰਕਸ਼ਨ ਆਫ ਫਾਈਨੈਂਸ਼ੀਅਲ ਅਸੇਟਸ ਐਂਡ ਇਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਆਕਸ਼ਨ ਵਿਕਰੀ ਨੋਟਿਸ, ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜਿਆ ਜਾਂਦਾ ਹੈ।

ਈ-ਨਿਲਾਮੀ ਦੀ ਮਿਤੀ : 11.03.2026

| | | |
|---|---|---|
| 1. | ਸ਼੍ਰੀਮਤੀ ਮਨਵੀਰ ਕੌਰ ਸੁਪਤਨੀ ਸ੍ਰੀ ਗੁਰਮੀਤ ਸਿੰਘ, ਪਤਾ :- ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ, ਸਿਵਲ ਲਾਈਨਜ਼, ਲੁਧਿਆਣਾ 141001 | (ਕਰਜ਼ਦਾਰ/ ਗਿਰਵੀਕਾਰ) |
| 2. | ਸ੍ਰੀ ਗੁਰਮੀਤ ਸਿੰਘ ਸਪੁੱਤਰ ਸ੍ਰੀ ਮਨਮੋਹਨ ਸਿੰਘ, ਪਤਾ :- ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ, ਸਿਵਲ ਲਾਈਨਜ਼, ਲੁਧਿਆਣਾ 141001 | (ਜ਼ਾਮਨ) |
| 3. | ਸ੍ਰੀ ਤੇਗਵੀਰ ਸਿੰਘ ਸਪੁੱਤਰ ਸ੍ਰੀ ਗੁਰਮੀਤ ਸਿੰਘ , ਪਤਾ :- ਬੀ-1-1353 ਨੇੜੇ ਦੀਵਾਨ ਗੈਸ ਏਜੰਸੀ ਰਾਮ ਨਗਰ, ਸਿਵਲ ਲਾਈਨਜ਼, ਲੁਧਿਆਣਾ 141001 | (ਜ਼ਾਮਨ) |

| | |
|---|---|
| ਮੰਗ ਸੂਚਨਾ ਦੀ ਮਿਤੀ ਅਤੇ ਰਕਮ<br>ਖਾਤੇ ਦੇ ਵੇਰਵੇ | ਮਿਤੀ 15.12.2020 ਰਕਮ ਰੁ. 19,81,206.92/- + 01.12.2020 ਤੋਂ ਭਾਵੀ ਵਿਆਜ ਅਤੇ ਲਾਗਤਾਂ<br>Account Number - 01451200000833 |
| 31.01.2026<br>ਨੂੰ ਕੁੱਲ ਬਕਾਇਆ | Rs. 37,25,283.12/- |

| ਸੰਪੱਤੀਆਂ ਦੇ ਵੇਰਵੇ | ਮੁੱਲ ਰੁਪਏ |
|---|---|
| ਐਮਸੀ ਨੰਬਰ ਬੀ-1-1421/1 ਵਾਲੀ ਜਾਇਦਾਦ ਦਾ ਈਐਮ, ਜਿਸਦੀ ਮਾਪ 136-5/9 ਵਰਗ ਗਜ਼ ਹੈ, ਜੋ ਕਿ ਸਾਲ 2009-10 ਲਈ ਜਮ ?ਹਾਂਬੰਦੀ ਦੇ ਅਨੁਸਾਰ ਖਸਰਾ ਨੰਬਰ 2101/1805/829, ਖੇਵਟ ਨੰਬਰ 2726/1, ਖਤੌਣੀ ਨੰਬਰ 3336/1 ਵਿੱਚ ਸ਼ਾਮਲ ਹੈ, ਪਿੰਡ ਮਹਿਲ ਭਗਤ, ਹੱਡਬਸਟ ਨੰਬਰ 164, ਰਾਮ ਨਗਰ ਸਿਵਲ ਲਾਈਨਜ਼ ਲੁਧਿਆਣਾ ਦੇ ਮਾਲੀਆ। ਜਾਇਦਾਦ ਦੇ ਅੰਦਰ ਸਥਿਤ ਹੈ, ਰਜਿਸਟਰਡ ਦੁਆਰਾ ਟ ?ਰਾਂਸਫਰ ਡੀਡ ਵਾਲਾ ਵਸੀਕਾ ਨੰਬਰ 18914 ਮਿਤੀ 03.01.2018 ਨੂੰ. ਸ਼੍ਰੀਮਤੀ ਮਨਵੀਨ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਦੇ ਨਾਮ 'ਤੇ। | Rs. 98.65 Lakh |

ਅਧਿਕਾਰਤ ਅਧਿਕਾਰੀ



## ਬੈਂਕ ਆਫ ਬੜੌਦਾ Bank of Baroda

ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: SARLUD@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

### ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
### "ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ (ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

| ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | ਐਮਡੀ ਦੇ ਭੁਗਤਾਨ ਦੀ ਵਿਧੀ |
|---|---|---|
| 04.03.2026 ਨੂੰ ਸ਼ਾਮ 05.00 ਵਜੇ ਤੱਕ | 05.03.2026 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਆਰਟੀਜੀਐਸ/ਐਨਈਐਫਟੀ |

| ਲ. ਨੰ. | ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ | ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ | ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ<br>ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ |
|---|---|---|---|---|---|---|
| 01. | ਆਰਓ-ਐਸਏਆਰਬੀ, ਲੁਧਿਆਣਾ<br>ਮੈਸ. ਜੈਰਥ ਪੈਥ ਲੈਬਜ਼, ਪ੍ਰੋਪ. ਡਾ. ਪ੍ਰਸ਼ਾਂਤ ਜੈਰਥ, ਪਤਾ: ੳ. ਇਲੀਟਸ ਆਰਕੇਡ ਦੀ ਤੀਜੀ ਮੰਜ਼ਿਲ, ਮਾਲ ਰੋਡ, ਲੁਧਿਆਣਾ-141001, ਅ. 14, ਲਿੰਕ ਰੋਡ, ਮਾਡਲ ਟਾਊਨ, ਜਲੰਧਰ-144001, 2. ਡਾ. ਪ੍ਰਸ਼ਾਂਤ ਜੈਰਥ, ਪਤਾ: ੳ. 14 ਲਿੰਕ ਰੋਡ, ਮਾਡਲ ਟਾਊਨ, ਜਲੰਧਰ-144001, ਅ. ਮਕਾਨ ਨੰ: 299/300 ਐਲਡੇਕੋ ਗਰੀਨਜ਼, ਜਲੰਧਰ ਸਿਟੀ, ਜਲੰਧਰ | ਪ੍ਰਸ਼ਾਂਤ ਜੈਰਥ ਦੇ ਨਾਮ 'ਤੇ ਪੰਜੀਕ੍ਰਿਤ ਵਿਕਰੀ ਡੀਡ ਵਸੀਕਾ ਨੰਬਰ 2023/2024/106/1/8125 ਮਿਤੀ 06.07.2023 ਦੇ ਅਧੀਨ ਮਾਲ ਰੋਡ, ਮੌਜਾ ਤਰਫ ਗਹਿਲੇਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ 'ਤੇ ਇਲੀਟਸ ਆਰਕੇਡ ਦੀ ਤੀਜੀ ਮੰਜ਼ਿਲ 'ਤੇ ਸਥਿਤ ਕੁੱਲ ਰਕਬਾ ਮਾਪ 6000 ਵਰਗ ਫੁੱਟ-ਸੁਪਰ ਏਰੀਆ, 4500 ਵਰਗ ਫੁੱਟ ਫਰਸ਼ ਖੇਤਰ ਵਾਲੀ ਐਮਸੀ ਨੰਬਰ ਬੀ-19-112/6 ਦੇ ਅਧੀਨ ਦੁਕਾਨ ਨੰਬਰ 504-505-506 ਵਾਲੀ ਵਪਾਰਕ ਸੰਪੱਤੀ ਦੀ ਨਿਆਂਸੰਗਤ ਗਿਰਵੀ। ਹੱਦਬੰਦੀ ਨਿਮਨ ਅਨੁਸਾਰ:- ਦੱਖਣ: ਵਪਾਰਕ ਕੰਪਲੈਕਸ, ਉੱਤਰ: ਕਨੈਕਟ ਬ੍ਰਾਡਬੈਂਡ ਦਫ਼ਤਰ, ਪੂਰਬ: ਮਾਲ ਰੋਡ, ਪੱਛਮ: ਗੁਆਂਢੀ ਦਾ ਮਕਾਨ, ਉੱਪਰ: ਖਾਲੀ ਦੁਕਾਨਾਂ, ਹੇਠਾਂ: ਤਾਲਾਬੰਦ ਦੁਕਾਨਾਂ। | Rs. 3,40,64,579.69<br>ਭੌਤਿਕ | Rs. 3,83,00,000/-<br>Rs. 38,30,000/-<br>Rs. 50,000/- | 25-02-2026<br>ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |
| 02. | ਆਰਓ-ਐਸਏਆਰਬੀ, ਲੁਧਿਆਣਾ<br>ਮੈਸ. ਸਰਵਨ ਨਿਟਵੀਅਰਸ ਪ੍ਰੋਪ. ਸ੍ਰੀ ਪ੍ਰਲਾਦ ਪਤਾ 1: 642, ਸੇਂਟ, ਨੰ. 6 ਨਿਊ ਵਸੰਤ ਵਿਹਾਰ, ਕਾਕੋਵਾਲ ਰੋਡ ਲੁਧਿਆਣਾ 141008. ਪਤਾ 2: ਬਿਲਡਿੰਗ ਨੰ. 19-ਏ ਗਲੀ ਨੰ. 2, ਟਿੱਬਾ ਰੋਡ, ਨੇੜੇ ਪ੍ਰਾਚੀਨ ਗਊਸ਼ਾਲਾ ਗੋਪਾਲ ਨਗਰ ਲੁਧਿਆਣਾ 141007. ਬੁੱਢੇ ਨੰਬਰ 2. ਗਲੀ ਨੰ. 2, ਟਿੱਬਾ ਰੋਡ, ਨੇੜੇ ਪ੍ਰਾਚੀਨ ਗਊਸ਼ਾਲਾ ਗੋਪਾਲ ਨਗਰ ਲੁਧਿਆਣਾ 141007. ਅ) 642, ਸੇਂਟ, ਨੰ. 6 ਨਿਊ ਵਸੰਤ ਵਿਹਾਰ, ਕਾਕੋਵਾਲ ਰੋਡ ਲੁਧਿਆਣਾ 141008. 3. ਸ੍ਰੀ ਸਤੀਸ਼ ਕੁਮਾਰ (ਜਾਮਨ) ਪੁੱਤਰ ਕੁੰਡਲ ਲਾਲ ਪਤਾ: ਹੋ। ਨੰ: 2638, ਸੈਕਟਰ 32-ਏ ਲੁਧਿਆਣਾ | 70 ਵਰਗ ਗਜ਼ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਸਾਲ 2005-06 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 25//21, ਖਾਤਾ ਨੰਬਰ 112/117 ਵਿੱਚ ਸ਼ਾਮਲ ਸੀ ਜੋ ਕਿ ਕਾਕੋਵਾਲ ਹੱਡਬਸਤ ਨੰਬਰ 80, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ 24798 ਮਿਤੀ 06.02.1997 ਅਨੁਸਾਰ ਸ੍ਰੀ ਪਰਲਾਦ ਪੁੱਤਰ ਸ੍ਰੀ ਕੁੰਦਨ ਲਾਲ ਦੇ ਨਾਮ 'ਤੇ ਹੈ। | Rs.69,99,261.58<br>ਭੌਤਿਕ | Rs. 22,50,000/-<br>Rs. 2,25,000/-<br>Rs. 10,000/- | 25-02-2026<br>ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ https://www.bankofbaroda.in/e-auction.htm ਅਤੇ https://baanknet.com ਵਿਚ ਵਿਵਸਥਿਤ ਦਾ ਲਿੰਕ ਦਾ ਹਵਾਲਾ ਲਓ। ਇੱਛੁਕ ਬੋਲੀਕਾਰ ਉਕਤ ਵਿਵਸਥਿਤ ਸੰਪਰਕ ਨੰਬਰਾਂ ਦੇ ਅਨੁਸਾਰ ਸ਼ਾਖਾ ਪ੍ਰਬੰਧਕ ਜਾਂ ਅਧਿਕਾਰਤ ਅਧਿਕਾਰੀ ਨਾਲ ਵੀ ਸੰਪਰਕ ਕਰ ਸਕਦੇ ਹਨ।

ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਇਥੇ ਸਕੈਨ ਕਰੋ

ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਮਿਤੀ : 10.02.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)



## punjab national bank ਪੰਜਾਬ ਨੈਸ਼ਨਲ ਬੈਂਕ
... the name you can BANK upon! ... ਭਰੋਸੇ ਦਾ ਪ੍ਰਤੀਕ !

ਏਆਰਐਮਬੀ-ਜਲੰਧਰ
ਕੰਪਨੀ ਬਾਗ, ਸਿਵਲ ਲਾਈਨਜ਼, ਜਲੰਧਰ-144001, ਫੋਨ : 0181-4697613, ਈਮੇਲ : cs8249@pnb.bank.in

ਈ-ਨਿਲਾਮੀ ਵਿਕਰੀ ਸੂਚਨਾ

ਸਰਫਾਇਸੀ ਐਕਟ ਦੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6) ਦੇ ਅਧੀਨ ਆਮ ਜਨਤਾ ਲਈ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ

1. ਵਿਕਰੀ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।
2. ਬਿਆਨਾ ਰਕਮ ਅਤੇ ਕੇਵਾਈਸੀ ਪੋਰਟਲ https://baanknet.com ਰਾਹੀਂ ਆਨਲਾਈਨ ਕੀਤੇ ਜਾਣਗੇ।
3. BAANKNET ਹੈਲਪ ਡੈਸਕ ਨੰਬਰ +91 8291220220, ਜਾਂ support.baanknet@psballiance.com 'ਤੇ ਈਮੇਲ ਲਿਖੋ।

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਸ ਦਾ ਉਸਾਰੂ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਨਾਮੀ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਤੋਂ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਵਿਕਰੀ ਦੀ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਚੱਲ/ਅਚੱਲ ਸੰਪੱਤੀ ਦਾ ਸੰਖੇਪ ਵੇਰਵੇ ਨਿਮਨ ਦਰਸਾਏ ਗਏ ਹਨ :

| ਲੜੀ ਨੰ. | ਸੰਪੱਤੀ ਆਈਡੀ<br>ਕਰਜ਼ਦਾਰ/ਜ਼ਾਮਨਾਂ ਦਾ ਨਾਮ ਅਤੇ ਪਤਾ, ਖਾਤਾ | ਸ਼ਾਖਾ ਦਾ ਨਾਮ | ਸੰਪੱਤੀ ਆਈਡੀ : ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ (ਾਂ) ਦੇ ਗਿਰਵੀਕਾਰ | ੳ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅ) ਬਕਾਇਆ ਰਕਮ ਦੀ ਮਿਤੀ ੲ) ਸਰਫਾਇਸੀ ਐਕਟ 2002 ਦੀ ਧਾਰਾ (2) ਦੇ ਅਧੀਨ ਕਬਜ਼ੇ ਦੀ ਮਿਤੀ ਸ) ਕਬਜ਼ੇ ਦਾ ਸਰੂਪ, ਸੰਕੇਤਕ/ਭੌਤਿਕ/ਉਸਾਰੂ | ੳ) ਰਾਖਵੀਂ ਕੀਮਤ (ਰੁ. ਲੱਖਾਂ 'ਚ)<br>ਅ) ਬਿਆਨਾ ਰਕਮ ਜਮ੍ਹਾਂ<br>ੲ) ਬੋਲੀ ਵਾਧਾ ਰਕਮ | ਨਿਲਾਮੀ ਦੀ ਮਿਤੀ<br>ਨਿਲਾਮੀ ਦੀ ਮਿਤੀ |
|---|---|---|---|---|---|---|
| 1. | PUNB3513AANDA1<br>ਮੈਸਰਜ਼ ਏ ਐਂਡ ਏ ਐਂਟਰਪ੍ਰਾਈਜ਼ਿਜ਼ (ਆਪਣੇ ਮਾਲਕ ਸ਼੍ਰੀਮਤੀ ਸਾਕਸ਼ੀ ਕਪੂਰ ਪਤਨੀ ਸ੍ਰੀ ਰਾਜੀਵ ਕਪੂਰ ਰਾਹੀਂ), ਪਤਾ: ਮਕਾਨ ਨੰਬਰ ਐਨਜੇ-281, ਮਿੱਠਾ ਬਾਜ਼ਾਰ, ਜਲੰਧਰ (ਕਰਜ਼ਾ ਲੈਣ ਵਾਲਾ)। 2. ਸ਼੍ਰੀਮਤੀ ਸਾਕਸ਼ੀ ਕਪੂਰ ਪਤਨੀ ਸ੍ਰੀ ਰਾਜੀਵ ਕਪੂਰ ਮਾਲਕ: ਮੈਸਰਜ਼ ਏ ਐਂਡ ਏ ਐਂਟਰਪ੍ਰਾਈਜ਼ਿਜ਼, ਮਕਾਨ ਨੰਬਰ ਐਨਡੀ-155, ਬਿਕਰਮਪੁਰਾ, ਜਲੰਧਰ। (ਨਕਦ ਕ੍ਰੈਡਿਟ/ਕਾਰ ਲੋਨ ਵਿੱਚ ਹਾਈਪੋਥੀਕੇਟਰ ਵਿੱਚ ਗਿਰਵੀਨਾਮਾ)। 3. ਸ੍ਰੀ ਰਾਜੀਵ ਕਪੂਰ ਪੁੱਤਰ ਸ੍ਰੀ ਸਤੀਸ਼ ਕਪੂਰ, ਮਕਾਨ ਨੰਬਰ ਐਨਡੀ-155, ਬਿਕਰਮਪੁਰਾ, ਜਲੰਧਰ, (ਜ਼ਾਮਨ)। 4. ਸਵਰਗੀ ਸ੍ਰੀ ਮਨੀਸ਼ ਕਪੂਰ ਪੁੱਤਰ ਸ੍ਰੀ ਅਸ਼ੋਕ ਕਪੂਰ ਕਾਨੂੰਨੀ ਵਾਰਸਾਂ ਰਾਹੀਂ: ਸ਼੍ਰੀਮਤੀ ਰਮਾ ਕਪੂਰ (ਮਾਤਾ) ਸ਼੍ਰੀਮਤੀ ਭਾਵਨਾ ਕਪੂਰ (ਪਤਨੀ) ਸ਼੍ਰੀਮਤੀ ਆਕ੍ਰਿਤੀ ਕਪੂਰ (ਧੀ)। 5. ਸ੍ਰੀ ਹਨਿਤ ਕਪੂਰ (ਪੁੱਤਰ)। ਸ਼੍ਰੀਮਤੀ ਭਾਵਨਾ ਕਪੂਰ ਪਤਨੀ ਸ੍ਰੀ ਸਵਰਗੀ ਸ਼੍ਰੀ ਮਨੀਸ਼ ਕਪੂਰ (ਕਾਨੂੰਨੀ ਵਾਰਸ), ਮਕਾਨ ਨੰ. NJ-265, ਮਿੱਠਾ ਬਾਜ਼ਾਰ, ਜਲੰਧਰ। 6. ਮਿਸ ਆਕ੍ਰਿਤੀ ਕਪੂਰ ਸਵਰਗੀ ਸ਼. ਮਨੀਸ਼ ਕਪੂਰ (ਕਾਨੂੰਨੀ ਵਾਰਸ), ਮਕਾਨ ਨੰ. NJ-265, ਮਿੱਠਾ ਬਾਜ਼ਾਰ, ਜਲੰਧਰ। 7. ਸ੍ਰੀ ਹਨੀਤ ਕਪੂਰ ਸਵਰਗੀ। ਸ਼. ਮਨੀਸ਼ ਕਪੂਰ (ਕਾਨੂੰਨੀ ਵਾਰਸ), ਮਕਾਨ ਨੰ. NJ-265, ਮਿੱਠਾ ਬਾਜ਼ਾਰ, ਜਲੰਧਰ। 8. ਸ਼੍ਰੀਮਤੀ ਰਮਾ ਕਪੂਰ ਮਾਤਾ ਸਵਰਗੀ ਸ਼. ਮਨੀਸ਼ ਕਪੂਰ (ਕਾਨੂੰਨੀ ਵਾਰਸ), ਮਕਾਨ ਨੰ. NJ-265 ਮਿੱਠਾ ਬਾਜ਼ਾਰ, ਜਲੰਧਰ। | ਪੀਐਨਬੀ-179600, ਜਲੰਧਰ ਟਾਂਡਾ ਰੋਡ<br>9805417765 | 06 ਮਰਲੇ ਵਾਲੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਮਕਾਨ ਨੰਬਰ NJ-281, ਬਾਗ਼ ਪੰਡਿਤ ਜਵੰਦ ਲਾਲ, ਮਿੱਠਾ ਬਾਜ਼ਾਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ, ਵਿਕਰੀ ਡੀਡ ਨੰਬਰ 2188 ਮਿਤੀ 03.06.2010 ਵੇਖੋ। ਇਸ ਨਾਲ ਘਿਰਿਆ ਹੋਇਆ ਹੈ: ਪੂਰਬ: ਮਕਾਨ ਨੰਬਰ NJ, 281-1 ਰਾਮ ਪ੍ਰਕਾਸ਼, ਪੱਛਮ: ਬਾਬੂ ਰਾਮ ਦੀ ਜਾਇਦਾਦ, ਉੱਤਰ: ਗਲੀ, ਦੱਖਣ: ਸਰਕਾਰੀ ਨਾਲੇ ਦੀ ਜਾਇਦਾਦ ਅਤੇ ਦਿਆਲ ਚੰਦ ਜੈਨ ਦੀ ਜਾਇਦਾਦ ਮਾਲਕੀ: ਮਨੀਸ਼ ਕਪੂਰ ਪੁੱਤਰ ਅਸ਼ੋਕ ਕਪੂਰ ਅਤੇ ਸਾਕਸ਼ੀ ਕਪੂਰ ਪਤਨੀ ਰਾਜੀਵ ਕਪੂਰ।<br>ਨੋਟ: ਇਹ ਆਈਪੀ ਪ੍ਰਾਇਮਰੀ ਨੰਬਰ 179600NC00001320 ਹੈ ਜੋ ਸ਼੍ਰੀਮਤੀ ਸਾਕਸ਼ੀ ਕਪੂਰ ਪਤਨੀ ਸ੍ਰੀ ਰਾਜੀਵ ਕਪੂਰ ਦੇ ਨਾਮ 'ਤੇ ਹੈ। | ੳ. 28.06.2019,<br>ਅ. ਰੁ. 29,12,379.08 (ਰੁ. ਉਣੱਤੀ ਲੱਖ ਬਾਰਾਂ ਹਜ਼ਾਰ ਤਿੰਨ ਸੌ ਉਣਾਸੀ ਅਤੇ ਅੱਠ ਪੈਸੇ ਕੇਵਲ) + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.04.2019 ਤੋਂ ਭਾਵੀ ਵਿਆਜ<br>ੲ. 05.10.2019, ਸ. ਭੌਤਿਕ ਕਬਜ਼ਾ | Rs. 32,25,000/-<br>Rs. 3,22,500/-<br>Rs. 50,000/- | 06.03.2026<br>11.00 AM to 04.00 PM |
| 2. | PUNBV8A63686855<br>ਮੈਸਰਜ਼ ਏ.ਐਸ.ਕੇ. ਐਂਟਰਪ੍ਰਾਈਜ਼ਿਜ਼ (ਇਸ ਦੇ ਪ੍ਰੋਪਰਾਈਟਰ ਸ੍ਰੀ ਨਰਿੰਦਰ ਕੁਮਾਰ ਮਿੱਢਾ ਰਾਹੀਂ), ਸ੍ਰੀ ਨਰਿੰਦਰ ਕੁਮਾਰ ਮਿੱਢਾ ਪੁੱਤਰ ਸ. ਕ੍ਰਿਸ਼ਨ ਕੁਮਾਰ (ਪ੍ਰੋਪ./ਗਿਰਵੀਕਾਰ), ਸ਼. ਸਾਹਿਲ ਮਿੱਢਾ ਪੁੱਤਰ ਸ. ਨਰਿੰਦਰ ਕੁਮਾਰ ਮਿੱਢਾ। (ਜ਼ਾਮਨ/ਗਿਰਵੀਕਾਰ) ਸ੍ਰੀਮਤੀ ਸਰਲਾ ਮਿੱਢਾ ਸੁਪਤਨੀ ਸ੍ਰੀ ਨਰਿੰਦਰ ਕੁਮਾਰ ਮਿੱਢਾ (ਜ਼ਾਮਨ/ਗਿਰਵੀਕਾਰ) ਪਤਾ: ਮਕਾਨ ਨੰ. 27, ਸੇਠ ਹੁਕਮ ਕਾਲੋਨੀ, ਜਲੰਧਰ। | ਐਸਐਮਈ ਸ਼ਾਖਾ ਜਲੰਧਰ | 15 ਮਰਲੇ 60 ਵਰਗ ਮੀਟਰ ਦੇ ਪਲਾਟ ਦਾ ਬਰਾਬਰ ਗਿਰਵੀਨਾਮਾ। ਫੁੱਟ (1 ਮਰਲਾ = 272 ਵਰਗ ਫੁੱਟ। ਭਾਵ 4140 ਵਰਗ ਫੁੱਟ) ਪਲਾਟ ਨੰਬਰ 43-44 ਵਿੱਚੋਂ, ਪਿੰਡ ਰਾਓਵਾਲੀ, ਹੱਦਬਸਟ ਨੰਬਰ 205, ਤਹਿਸੀਲ ਅਤੇ ਜ਼ਿਲ੍ਹਾ ਵਿਖੇ ਸਥਿਤ। ਜਲੰਧਰ, ਖਾਤਾ/ਖਤੌਨੀ ਨੰ: 103/124, 178/218, 187/227, ਖਸਰਾ ਨੰ: 28//5/1, 28//3/2, 46/2/3, 7/1, 8/1, 8/2, 9/1, 11/13, 13, 13/13 ਸਾਲ 2011-2012 ਲਈ ਜਮ੍ਹਾਂਬੰਦੀ ਅਨੁਸਾਰ 14/2, 15, 17, 18/1, 18/2, 19, 22, 23, 28//6/2/1, 6/2/2, 7/2, 7/3, 14/1 । 15 ਮਰਲੇ 60 ਵਰਗ ਮੀਟਰ ਦੇ ਪਲਾਟ ਵਿੱਚੋਂ। 7 ਮਰਲੇ 166 ਵਰਗ ਮੀਟਰ ਦੇ ਪਲਾਟ ਦਾ ਫੁੱਟ ਅੱਧਾ ਹਿੱਸਾ। ਫੁੱਟ, ਸ੍ਰੀ ਸਾਹਿਲ ਮਿੱਢਾ ਪੁੱਤਰ ਸ੍ਰੀ ਨਰਿੰਦਰ ਕੁਮਾਰ ਮਿੱਢਾ ਦੇ ਨਾਮ 'ਤੇ ਟਾਈਟਲ ਡੀਡ ਨੰਬਰ 3911 ਮਿਤੀ 08.09.2008 ਰਾਹੀਂ ਅਤੇ 7 ਮਰਲੇ 166 ਵਰਗ ਫੁੱਟ ਪਲਾਟ ਦਾ ਬਾਕੀ ਹਿੱਸਾ ਸ੍ਰੀ ਨਰਿੰਦਰ ਕੁਮਾਰ ਮਿੱਢਾ ਪੁੱਤਰ ਸ੍ਰੀ ਕ੍ਰਿਸ਼ਨ ਕੁਮਾਰ ਮਿੱਢਾ ਦੇ ਨਾਮ 'ਤੇ ਟਰਾਂਸਫਰ ਡੀਡ ਨੰਬਰ 2240 ਮਿਤੀ 21-06-2017 ਰਾਹੀਂ ਖੜ੍ਹਾ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ:- ਸੜਕ, ਪੱਛਮ:- ਹੋਰ, ਉੱਤਰ:- ਸੜਕ, ਦੱਖਣ:- ਸੰਤੋਖ ਸਿੰਘ ਫੌਜੀ, ਆਦਿ (ਵਿਕਰੀ/ਟਰਾਂਸਫਰ ਡੀਡ ਅਨੁਸਾਰ) ਮਾਲਕੀ: ਸ਼੍ਰੀਮਤੀ ਸਰਲਾ ਮਿੱਢਾ ਪਤਨੀ ਸ੍ਰੀ ਨਰਿੰਦਰ ਕੁਮਾਰ ਮਿੱਢਾ ਅਤੇ ਸ੍ਰੀ ਨਰਿੰਦਰ ਕੁਮਾਰ ਮਿੱਢਾ ਪੁੱਤਰ ਸ੍ਰੀ ਕ੍ਰਿਸ਼ਨ ਕੁਮਾਰ। | ੳ. 23.07.2024,<br>ਅ. ਰੁ. 65,38,230.06 + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 22.07.2024 ਤੋਂ ਭਾਵੀ ਵਿਆਜ<br>ੲ. 01.10.2024, ਸ. ਭੌਤਿਕ ਕਬਜ਼ਾ | Rs. 28,46,000/-<br>Rs. 2,84,600/-<br>Rs. 50,000/- | 06.03.2026<br>11.00 AM to 04.00 PM |
| 3. | PUNB389200AMBIKA<br>1. ਮੈਸਰਜ਼ ਅੰਬਿਕਾ ਟਰੇਡਿੰਗ ਕੰਪਨੀ ਆਪਣੇ ਪ੍ਰੋਪਰਾਈਟਰ ਸਵਰਗੀ ਸ਼. ਬੈਕੁੰਠ ਲਾਲ ਅਰੋੜਾ ਪੁੱਤਰ ਸ. ਰਾਜ ਕੁਮਾਰ, ਪਤਾ: ਅੱਡਾ ਬਿਆਸ ਪਿੰਡ ਨੇੜੇ, ਕਿਸ਼ਨਗੜ੍ਹ, ਜੀ.ਟੀ. ਰੋਡ, ਪਠਾਨਕੋਟ ਬਾਈਪਾਸ, ਜ਼ਿਲ੍ਹਾ ਜਲੰਧਰ (ਕਰਜ਼ਦਾਰ)। 2. ਸ਼੍ਰੀਮਤੀ ਸਵਿਤਾ ਅਰੋੜਾ ਦੀ ਵਿਧਵਾ ਸਵਰਗੀ ਸ਼. ਬੈਕੁੰਠ ਲਾਲ ਅਰੋੜਾ, ਪਤਾ: ਮਕਾਨ ਨੰ. 204/205, ਰਮਨੀਕ ਐਵੇਨਿਊ, ਜਲੰਧਰ (ਜ਼ਾਮਨ/ਗਿਰਵੀਕਾਰ) 3. ਸ੍ਰੀ ਦੀਪਕ ਅਰੋੜਾ ਪੁੱਤਰ ਸਵਰਗੀ ਸ੍ਰੀ ਬੈਕੁੰਠ ਲਾਲ ਅਰੋੜਾ, ਪਤਾ ਹਾਊਸ ਨੰਬਰ 204/205, ਰਮਨੀਕ ਐਵੇਨਿਊ, ਜਲੰਧਰ) (ਕਾਨੂੰਨੀ ਵਾਰਸ) 4. ਸ੍ਰੀ ਹਰਸ਼ ਅਰੋੜਾ ਸਪੁੱਤਰ ਸਵਰਗੀ ਸ੍ਰੀ ਬੈਕੁੰਠ ਲਾਲ ਅਰੋੜਾ, ਪਤਾ ਹਾਊਸ ਨੰਬਰ 204/205, ਰਮਨੀਕ ਐਵੇਨਿਊ, ਜਲੰਧਰ (ਕਾਨੂੰਨੀ ਵਾਰਸ)। | ਪੀਐਨਬੀ-511700-ਜਲੰਧਰ ਏਪੀਜੇ ਸਕੂਲ<br>9805417765 | 17 ਮਰਲੇ ਦਾ ਪਲਾਟ (1 ਮਰਲੇ 272 ਵਰਗ ਫੁੱਟ) ਪਿੰਡ ਬਿਆਸ ਪਿੰਡ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਸਰਾ ਨੰਬਰ 50//23/2, 24 ਵਿੱਚ ਸਥਿਤ ਹੈ। ਇਹ ਪਲਾਟ ਸ਼੍ਰੀਮਤੀ ਸਵਿਤਾ ਅਰੋੜਾ ਪਤਨੀ ਸਵਰਗੀ ਸ੍ਰੀ ਬੈਕੁੰਠ ਲਾਲ ਅਤੇ ਸਵਰਗੀ ਸ੍ਰੀ ਬੈਕੁੰਠ ਲਾਲ ਪੁੱਤਰ ਸ੍ਰੀ ਰਾਜ ਕੁਮਾਰ ਨਾਲ ਸਬੰਧਤ ਹੈ। ਇਹ ਪਲਾਟ ਵਿਕਰੀ ਡੀਡ ਨੰਬਰ 1704 ਮਿਤੀ 17.03.2010 ਅਤੇ 1705 ਮਿਤੀ 17.03.2010 ਦੁਆਰਾ ਕਵਰ ਕੀਤਾ ਗਿਆ ਹੈ। ਇਸ ਨਾਲ ਸਬੰਧਤ ਹੈ: ਉੱਤਰ: ਸਵਿਤਾ ਦਾ ਪਲਾਟ, ਦੱਖਣੀ-ਰਸਤਾ, ਪੂਰਬ: ਸ੍ਰੀ ਹਰਸ਼ ਦਾ ਪਲਾਟ, ਪੱਛਮ: ਸ਼੍ਰੀਮਤੀ ਸਵਿਤਾ ਦਾ ਪਲਾਟ | ੳ. 04.10.2016,<br>ਅ. ਰੁ. 23,43,411/- + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 30.09.2016 ਤੋਂ ਭਾਵੀ ਵਿਆਜ<br>ੲ. 21.01.2017, ਸ. ਭੌਤਿਕ ਕਬਜ਼ਾ | Rs. 16,14,000/-<br>Rs. 1,61,400/-<br>Rs. 50,000/- | 06.03.2026<br>11.00 AM to 04.00 PM |
| 4. | PUNB054810ATMA<br>ਸ੍ਰੀ ਆਤਮਾ ਰਾਮ ਪੁੱਤਰ ਕੁੜਾ ਪਤਾ: 1. ਪਿੰਡ ਢੇਰੀਅਨ ਮੁਸ਼ਤਰਕਾ, ਐੱਚ.ਬੀ. ਨੰ. 80, ਤਹਿਸੀਲ ਸ਼ਾਹਕੋਟ, ਜਲੰਧਰ (ਕਰਜ਼ਦਾਰ)। ਪਤਾ 2. ਮਾਡਲ ਟਾਊਨ, ਮਾਂਗੇ ਦੀ ਚੱਕੀ ਨੇੜੇ, ਸ਼ਾਹਕੋਟ, ਜਲੰਧਰ। 2. ਸ਼. ਮਨੋਹਰ ਲਾਲ ਪੁੱਤਰ ਸ. ਅਰਜਨ ਦਾਸ, ਪਿੰਡ ਪਨਾਮ, ਤਹਿਸੀਲ-ਗਦਰਪੁਰ, ਜਲੰਧਰ। (ਜ਼ਾਮਨ)। | ਪੀਐਨਬੀ-035800 ਨਕੋਦਰ ਮੇਨ | ਖੇਵਟ/ਖਤੌਣੀ ਨੰਬਰ 49/53, 4/16/2(5-2), 50/54, 4/18(2-18), ਪਿੰਡ ਢੇਰੀਆਂ ਮੁਸ਼ਤਰਕਾ, ਐਚ.ਬੀ. ਵਿਖੇ ਸਥਿਤ 6.5 ਮਰਲੇ ਦੇ ਰਿਹਾਇਸ਼ੀ ਘਰ ਦਾ ਬਰਾਬਰ ਗਿਰਵੀਨਾਮਾ। ਨੰਬਰ 80, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਕਰੀ ਡੀਡ ਨੰਬਰ 1499 ਮਿਤੀ 03.03.2015 ਅਨੁਸਾਰ। ਮਾਲਕੀ: ਸ੍ਰੀ ਆਤਮਾ ਰਾਮ ਪੁੱਤਰ ਸ੍ਰੀ ਕੁੜਾ ਰਾਮ। | ੳ. 24.08.2016,<br>ਅ. ਰੁ. 18,09,567/- (ਰੁ. ਅਠਾਰਾਂ ਲੱਖ ਨੌਂ ਹਜ਼ਾਰ ਪੰਜ ਸੌ ਸਤਾਹਠ ਕੇਵਲ) + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 31.07.2016 ਤੋਂ ਭਾਵੀ ਵਿਆਜ<br>ੲ. 11.01.2017, ਸ. ਭੌਤਿਕ ਕਬਜ਼ਾ | Rs. 15,00,000/-<br>Rs. 1,50,000/-<br>Rs. 50,000/- | 06.03.2026<br>11.00 AM to 04.00 PM |
| 5. | PUNB080100HARJOT1<br>ਮੈਸਰਜ਼ ਹਰਜੋਤ ਟਰੇਡਿੰਗ ਕੰਪਨੀ, ਪਿੰਡ ਅਤੇ ਡਾਕਖਾਨਾ ਤਲਵਾਨ, ਫਿਲੌਰ, ਜ਼ਿਲ੍ਹਾ ਜਲੰਧਰ 144410. ਸਾਥੀ: 1. ਸ਼. ਕਰਮਜੀਤ ਸਿੰਘ ਪੁੱਤਰ ਸ. ਭਜਨ ਸਿੰਘ, ਪਿੰਡ ਅਤੇ ਪੀ.ਓ. ਪੋਆਦੜਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 144410. 2. ਸ਼. ਜਸਵਿੰਦਰ ਸਿੰਘ ਪੁੱਤਰ ਸ. ਅਮਰੀਕ ਸਿੰਘ, ਪਿੰਡ ਅਤੇ ਪੀ.ਓ. ਤਲਵਣ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 144410. 3. ਸ੍ਰੀਮਤੀ. ਪਰਮਜੀਤ ਸਿੰਘ ਪੁੱਤਰ ਭਜਨ ਸਿੰਘ, ਪਿੰਡ ਅਤੇਡਾਕਖਾਨਾ ਪੋਵਾਦਰਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 144410. ਜ਼ਾਮਨ/ਗਿਰਵੀਕਾਰ: ਸ੍ਰੀਮਤੀ। ਪਰਮਜੀਤ ਕੌਰ ਪਤਨੀ ਕਰਮਜੀਤ ਸਿੰਘ, ਪਿੰਡ ਅਤੇ ਡਾਕਖਾਨਾ ਪੋਆਦੜਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 144410. | ਪੀਐਨਬੀ-080100 ਨੂਰਮਹਿਲ, ਜਲੰਧਰ | ਲਾਟ: 1.03 ਮਰਲੇ ਦੀ ਜਾਇਦਾਦ ਜੋ ਕਿ 2K-4M ਦੇ 6/88 ਹਿੱਸੇ ਵਜੋਂ K/K ਨੰਬਰ 949/1046 ਦੁਆਰਾ ਕਵਰ ਕੀਤੀ ਗਈ ਹੈ, ਜਿਸ ਵਿੱਚ ਖਸਰਾ ਨੰਬਰ 551 (2-4) ਹੈ, ਜੋ ਕਿ ਵਿਕਰੀ ਡੀਡ ਨੰਬਰ 4 ਮਿਤੀ 03.04.1996 ਦੁਆਰਾ ਰਜਿਸਟਰਡ ਹੈ, ਸ੍ਰੀ ਕਰਮਜੀਤ ਸਿੰਘ ਪੁੱਤਰ ਸ੍ਰੀ ਭਜਨ ਸਿੰਘ ਦੇ ਨਾਮ 'ਤੇ ਹੈ ਅਤੇ 04 ਮਰਲੇ ਦੀ ਜਾਇਦਾਦ ਮਾਲਕੀ ਡੀਡ ਨੰਬਰ 1358 ਮਿਤੀ 08.11.1998 ਅਨੁਸਾਰ, ਸ੍ਰੀ ਕਰਮਜੀਤ ਸਿੰਘ ਅਤੇ ਸ੍ਰੀ ਪਰਮਜੀਤ ਸਿੰਘ ਦੇ ਨਾਮ 'ਤੇ ਹੈ, ਜੋ ਕਿ ਸ੍ਰੀ ਭਜਨ ਸਿੰਘ ਦੇ ਦੋਵੇਂ ਪੁੱਤਰ ਹਨ, ਪਿੰਡ ਪੁਆਦਰਾ, ਸਬ ਤਹਿਸੀਲ ਨੂਰਮਹਿਲ, ਜ਼ਿਲ੍ਹਾ ਜਲੰਧਰ ਵਿੱਚ। | ੳ. 05.08.2017,<br>ਅ. ਰੁ. 25,98,568/- + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 05.08.2017 ਤੋਂ ਭਾਵੀ ਵਿਆਜ<br>ੲ. 27.11.2017, ਸ. ਭੌਤਿਕ ਕਬਜ਼ਾ | Rs. 17,90,000/-<br>Rs. 1,79,000/-<br>Rs. 10,000/- | 06.03.2026<br>11.00 AM to 04.00 PM |
| 6. | PUNBNARINDER4092<br>1. ਸ਼੍ਰੀਮਤੀ ਨਰਿੰਦਰ ਕੌਰ ਸੁਪਤਨੀ ਸ. ਗੁਰਨਾਮ ਸਿੰਘ 2. ਸ਼. ਜਸਵਿੰਦਰ ਸਿੰਘ ਪੁੱਤਰ ਸ. ਗੁਰਨਾਮ ਸਿੰਘ, ਵਾਸੀ ਹਾਊਸ ਨੰ: 244, ਸ. ਕਿਲੇ ਵਾਲਾ, ਜੇਲ ਰੋਡ, ਜਿਲਾ ਕਪੂਰਥਲਾ। | ਨਡਾਲਾ 409200 (ਕਪੂਰਥਲਾ ਪੰਜਾਬ) | 4 ਮਰਲੇ ਜ਼ਮੀਨ, ਜੋ ਕਿ ਕੁੱਲ 2 ਕਨਾਲ-3 ਮਰਲੇ ਜਾਇਦਾਦ ਵਿੱਚੋਂ 4/43 ਹਿੱਸਾ ਹੈ, ਜੋ ਕਿ ਖੇਵਟ/ਖਾਤਾ ਨੰਬਰ 598/780, 781, ਖਸਰਾ ਨੰਬਰ 9023/3060/2/1-6, 9023/3060/1/0-17 ਵਿੱਚ ਸ਼ਾਮਲ ਹੈ, ਸਾਲ 2005-06 ਦੀ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ 134, ਕਿੱਟੇ 2, ਹਾਥੀ ਖਾਨਾ, ਕਪੂਰਥਲਾ ਸ਼ਹਕੀ, ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ: ਪੂਰਬ: ਹੋਰ ਮਾਲਕ, ਪੱਛਮ: ਸੜਕ, ਉੱਤਰ: ਹੋਰ ਮਾਲਕ, ਦੱਖਣ: ਵਿਕਰੀ ਡੀਡ ਵਸੀਕਾ ਨੰਬਰ 131 ਮਿਤੀ 10.04.2012 ਦੇ ਅਨੁਸਾਰ ਹੋਰ ਮਾਲਕ, ਸ਼੍ਰੀਮਤੀ ਨਰਿੰਦਰ ਕੌਰ ਪਤਨੀ ਸ੍ਰੀ ਗੁਰਨਾਮ ਸਿੰਘ ਦੇ ਨਾਮ 'ਤੇ ਹੈ। | ੳ. 12.10.2023,<br>ਅ. ਰੁ. 2112379.03 + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ<br>ੲ. 19.12.2023, ਸ. ਸੰਕੇਤਕ ਕਬਜ਼ਾ | Rs. 23,49,000/-<br>Rs. 2,35,000/-<br>Rs. 20,000/- | 06.03.2026<br>11.00 AM to 04.00 PM |
| 7. | PUNBPARDEEP3499<br>1. ਸ਼. ਪਰਦੀਪ ਸ਼ਾਹ (ਮਿਆਦ ਸਮਾਪਤ ਹੋਣ ਤੋਂ ਬਾਅਦ) ਸਪੁੱਤਰ ਸ੍ਰੀ ਸਰਲ ਸ਼ਾਹ ਅਤੇ ਮੈਸਰਜ਼ ਪਰਦੀਪ ਸਕ੍ਰੈਪ ਸਟੋਰ, ਪ੍ਰੋਪਰਾਈਟਰ ਪਰਦੀਪ ਸ਼ਾਹ (ਮਿਆਦ ਸਮਾਪਤ), 9-276-2 ਆਦਰਸ਼ ਨਗਰ, ਬੰਗਾ, ਨਵਾਂਸ਼ਹਿਰ, ਪੰਜਾਬ 144505. ਕਾਨੂੰਨੀ ਵਾਰਸ 1. ਸ਼੍ਰੀਮਤੀ ਲਲਿਤਾ ਦੇਵੀ (ਪਤਨੀ)। 2. ਸ੍ਰੀ ਰਾਜ ਕੁਮਾਰ, (ਪੁੱਤਰ)। 3. ਸ੍ਰੀ ਰਾਕੇਸ਼ ਕੁਮਾਰ (ਪੁੱਤਰ)। 4. ਸ਼੍ਰੀਮਤੀ ਸ਼ਾਰਦਾ (ਧੀ)। 5. ਸ਼੍ਰੀਮਤੀ ਸਰਿਤਾ (ਧੀ)। 6. ਸ਼੍ਰੀਮਤੀ ਲਲਿਤਾ ਦੇਵੀ ਪਤਨੀ ਸ੍ਰੀ ਪਰਦੀਪ ਸ਼ਾਹ, ਸਾਰੇ ਵਾਸੀ 9-276-2, ਆਦਰਸ਼ ਨਗਰ, ਬੰਗਾ, ਨਵਾਂਸ਼ਹਿਰ, ਪੰਜਾਬ 144505। | ਬੰਗਾ ਦਾਣਾ ਮੰਡੀ (349900) | 7 ਮੀਟਰ-5 ਡੇਢ ਸਰਸਾਈ ਮਾਪਣ ਵਾਲਾ ਰਿਹਾਇਸ਼ੀ ਆਈਪੀ ਦਾ ਈਐਮ ਜੋ ਕਿ ਕੁੱਲ 69k-6 ਮੀਟਰ ਜ਼ਮੀਨ ਦਾ 137/24948 ਹਿੱਸਾ ਹੈ ਜਿਸ ਵਿੱਚ ਖਸਰਾ ਨੰਬਰ 17//9/1(5-3), 10/3(7-4), 18//5/3(1-2), 6(8-0), 7(8-0), 8(8-0), 12/1(3-5), 13/2(1-12), 13/3(5-0), 14(8-0), 15(8-0), 17/2(6-0) ਟੀਡੀ ਨੰਬਰ 2373 ਮਿਤੀ 04.03.2014 ਅਨੁਸਾਰ, ਜੀਂਦੋਵਾਲ, ਤਹਿਸੀਲ ਬੰਗਾ, ਜ਼ਿਲ੍ਹਾ ਐਸਬੀਐਸ ਨਗਰ, ਨਵਾਂਸ਼ਹਿਰ ਵਿਖੇ ਸਥਿਤ ਹੈ, ਸ੍ਰੀ ਪ੍ਰਦੀਪ ਸ਼ਾਹ ਪੁੱਤਰ ਸ੍ਰੀ ਸਰਲ ਸ਼ਾਹ ਅਤੇ ਸ਼੍ਰੀਮਤੀ ਲਲਿਤਾ ਦੇਵੀ ਪਤਨੀ ਸ੍ਰੀ ਪ੍ਰਦੀਪ ਸ਼ਾਹ ਦੇ ਨਾਮ 'ਤੇ। ਮੈਸਰਜ਼ ਪਰਦੀਪ ਸਕ੍ਰੈਪ ਸਟੋਰ ਵਿੱਚ ਈਐਮ ਦਾ ਵਿਸਥਾਰ।<br>ਨੋਟ: ਪੀਐਸਪੀਸੀਐਲ 6.50 ਲੱਖ ਰੁਪਏ ਦਾ ਚਾਰਜ। | ੳ. 13.04.2023,<br>ਅ. ਰੁ. 38,96,948.32 + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ<br>ੲ. 08.02.2024, ਸ. ਭੌਤਿਕ ਕਬਜ਼ਾ | Rs. 29,92,000/-<br>Rs. 3,00,000/-<br>Rs. 20,000/- | 06.03.2026<br>11.00 AM to 04.00 PM |
| 8. | Lot 1 PUNB227200PNK1<br>Lot 2 PUNB227200PNK2<br>ਮੈਸਰਜ਼ ਪੀਐਨਕੇ ਇੰਡਸਟਰੀਜ਼ (ਇਸਦੇ ਪ੍ਰੋਪਰਾਈਟਰ ਸਵਰਗੀ ਸ੍ਰੀ ਪਰਵੇਸ਼ ਕੁਮਾਰ ਦੁਆਰਾ) ਸਵਰਗੀ ਸ੍ਰੀ ਪ੍ਰਵੇਸ਼ ਕੁਮਾਰ ਸਪੁੱਤਰ ਸ੍ਰੀ ਅਮੀ ਚੰਦ (ਪ੍ਰੋਪ./ਗਿਰਵੀਕਾਰ) ਰਾਹੀਂ ਉਨ੍ਹਾਂ ਦੇ ਕਾਨੂੰਨੀ ਵਾਰਸਾਨ 1. ਸ੍ਰੀ ਭਾਨੂ ਸਪੁੱਤਰ ਸਵਰਗਵਾਸੀ ਸ੍ਰੀ ਪਰਵੇਸ਼ ਕੁਮਾਰ 2. ਸ੍ਰੀ ਪਰਮ ਸ਼ਰਮਾ ਪੁੱਤਰ ਸਵਰਗੀ ਸ੍ਰੀ ਪਰਵੇਸ਼ ਕੁਮਾਰ ਪਤਾ: 3. ਸ਼੍ਰੀਮਤੀ ਮੰਜੂ ਸ਼ਰਮਾ ਪਤਨੀ ਸਵਰਗਵਾਸੀ ਪਰਵੇਸ਼ ਕੁਮਾਰ, ਪਹਿਲਾ ਪਤਾ : 331/2, ਹਰਗੋਬਿੰਦ ਨਗਰ, ਜਲੰਧਰ, ਪੰਜਾਬ-144012, ਦੂਜਾ ਪਤਾ : ਮਕਾਨ ਨੰ. ਸੀ-91, ਰਾਓਵਾਲੀ, ਪੰਜਾਬੀ ਬਾਗ, ਨੂਰਪੁਰ, ਜਲੰਧਰ 144012, ਸ੍ਰੀ ਪਵਨ ਕੁਮਾਰ ਸਪੁੱਤਰ ਸ੍ਰੀ ਅਮੀ ਚੰਦ ਪਤਾ :- ਵਾਸੀ 331/2, ਹਰਗੋਬਿੰਦ ਨਗਰ, ਜਲੰਧਰ, ਪੰਜਾਬ-144012 | ਪੀਐਨਬੀ-227200 ਫੋਕਲ ਪੁਆਇੰਟ, ਜਲੰਧਰ<br>9805417765 | PUNB227200PNK1: ਲਾਟ 1. ਖਸਰਾ ਨੰਬਰ 13339, 13341, 13347, 13343, 13343, 13344, 19986/13345, 19986 13348, 13349, 13342, 13337, 13338, 13340 ਵਿੱਚ ਸਥਿਤ 3 ਮਰਲੇ 146 ਵਰਗ ਫੁੱਟ ਦੀ ਅਚੱਲ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜੋ ਕਿ ਮੁਹੱਲਾ ਹਰਗੋਬਿੰਦ ਨਗਰ, ਪਿੰਡ ਆਬਾਦੀ ਰੇਰੂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਟਾਈਟਲ ਡੀਡ ਨੰਬਰ 915 ਮਿਤੀ 27.04.1992, ਮਾਲਕੀ: ਸ੍ਰੀ ਪਵਨ ਕੁਮਾਰ ਅਤੇ ਸਵਰਗੀ ਸ੍ਰੀ. ਪਰਵੇਸ਼ ਕੁਮਾਰ<br>PUNB227200PNK2: ਲਾਟ 2. ਮੁਹੱਲਾ ਹਰਗੋਬਿੰਦ ਨਗਰ, ਪਿੰਡ ਅਬਾਦੀ ਰੇਰੂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿੱਚ ਸਥਿਤ ਹੈ:- ਖੇਵਟ/ਖਤੌਨੀ ਨੰ: 6719/8080, 6720/8081, 6721/8082, 7801/9304, ਖਸਰਾ ਨੰ., 1337, 1337 19986/13345, 13346, 13339, 13347, 13341, 13343, 13344, 13348, ਹਦਬਸਤ ਨੰ: 307/5, ਸਾਲ 2004-2005 ਲਈ ਜਮਾਂਬੰਦੀ ਟਾਈਟਲ ਨੰ: 76 ਨੰ. 01.01.2010. 08 ਮਰਲੇ 181 ਵਰਗ ਗਜ਼ (30' x 61-3") (1 ਮਰਲਾ = 207 ਵਰਗ ਫੁੱਟ) ਅਤੇ ਖੇਵਟ/ਖਤੌਨੀ ਨੰ. 6111/7629, ਖਸਰਾ ਨੰ. 19986/13345(6-15), 13346(3-0), 13339(0-1380), (13136) 307/5 ਸਾਲ 1999-2000 ਲਈ ਜਮਾਂਬੰਦੀ ਦੇ ਅਨੁਸਾਰ ਕੁੱਲ 4164 ਵਰਗ ਫੁੱਟ ਅਚੱਲ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ। ਟਾਈਟਲ ਡੀਡ ਨੰਬਰ 5884 ਮਿਤੀ 07.10.2005 ਖੇਤਰ 11 ਮਰਲੇ 50 ਵਰਗ ਫੁੱਟ (38'x61-3") ਮਾਲਕੀ: ਸ੍ਰੀ ਪਵਨ ਕੁਮਾਰ ਅਤੇ ਸਵ. ਸ੍ਰੀ ਪਰਵੇਸ਼ ਕੁਮਾਰ | ੳ. 01.07.2024,<br>ਅ. ਰੁ. 70,28,251.34 (ਰੁ. ਸੱਤਰ ਲੱਖ ਅਠਾਈ ਹਜ਼ਾਰ ਦੋ ਸੌ ਇਕਵੰਜਾ ਅਤੇ ਚੌਂਤੀ ਪੈਸੇ ਕੇਵਲ) + ਪੂਰਨ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ 01.07.2024 ਤੋਂ ਭਾਵੀ ਵਿਆਜ।<br>ੲ. 11.09.2024, ਸ. ਸੰਕੇਤਕ ਕਬਜ਼ਾ | ਲਾਟ ਨੰ. 1<br>Rs. 14,69,000/-<br>Rs.1,46,900/-<br>Rs. 10,000/-<br>ਲਾਟ ਨੰ. 2<br>Rs. 52,54,000/-<br>Rs.5,25,400/-<br>Rs. 50,000/- | 27.02.2026<br>11.00 AM to 04.00 PM<br>27.02.2026<br>11.00 AM to 04.00 PM |
| 9. | PUNBBALAKIPUR<br>1. ਮੈਸਰਜ਼ ਬਲਕੀਪੁਰ ਟਰੇਡਿੰਗ ਕੰਪਨੀ ਪਿੰਡ ਬੁਲਾਕੀਪੁਰ ਕਟਾਰੀਆਂ, ਪਿੰਡ ਅਤੇ ਡਾਕਖਾਨਾ ਸੌਂਧ, ਮਕਸੂਦਪੁਰ, ਬੰਗਾ, ਜ਼ਿਲ੍ਹਾ ਐਸ ਬੀ ਐਸ ਨਗਰ 144505, 2. ਸ੍ਰੀ ਬੁੱਧ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਪਿੰਡ ਬੁਲਾਕੀਪੁਰ ਕਟਾਰੀਆਂ, ਪਿੰਡ ਅਤੇ ਡਾਕਖਾਨਾ ਸੌਂਧ, ਮਕਸੂਦਪੁਰ, ਬੰਗਾ, ਜ਼ਿਲ੍ਹਾ ਐਸ ਬੀ ਐਸ ਨਗਰ 144505 | ਬੰਗਾ ਦਾਣਾ ਮੰਡੀ 3499 (ਐਸਬੀਐਸ ਨਗਰ ਪੰਜਾਬ) | PUNBALKIPUR: 4 ਕਨਾਲ 08 ਮਰਲੇ (ਕੁੱਲ ਜ਼ਮੀਨ ਦਾ 44/79 ਹਿੱਸਾ 7 ਕਨਾਲ-18 ਮਰਲੇ) ਦੀ ਈਐਮ ਜ਼ਮੀਨ ਦਾ ਸਾਰਾ ਹਿੱਸਾ ਅਤੇ ਪਾਰਸਲ, ਜਿਸਦੀ ਮਾਲਕੀ ਸੇਲ ਡੀਡ 524 ਮਿਤੀ 19.05.1976 ਅਨੁਸਾਰ ਖਸਰਾ ਨੰਬਰ 29/36, ਖਸਰਾ ਨੰਬਰ 18//8(7-18) ਹੈ। ਬੁੱਧ ਸਿੰਘ ਪੁੱਤਰ ਮਹਿੰਦਰ ਸਿੰਘ, ਬਾਲਕੀਪੁਰ ਤਹਿਸੀਲ ਬੰਗਾ ਜ਼ਿਲ੍ਹਾ ਐਸ.ਬੀ.ਐਸ. ਨਗਰ ਵਿਖੇ ਸਥਿਤ ਹੈ। | ੳ. 28.09.2023,<br>ਅ. ਰੁ. 93,72,142.06 + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ<br>ੲ. 02.12.2023, ਸ. ਸੰਕੇਤਕ ਕਬਜ਼ਾ | Rs. 81,92,300/-<br>Rs. 8,19,230/-<br>Rs. 50,000/- | 06.03.2026<br>11.00 AM to 04.00 PM |
| 10. | PUNB035800POONAM<br>1. ਸ਼੍ਰੀਮਤੀ ਪੂਨਮ ਜੋਸ਼ੀ ਸਪੁੱਤਰ ਸ੍ਰੀ. ਜਗਦੀਸ਼ ਜੋਸ਼ੀ, ਬੈਕਸਾਈਡ ਡੀਏਵੀ ਕਾਲਜ, ਨੇੜੇ ਆਰੀਆ ਸਕੂਲ, ਜਲੰਧਰ-144040 (ਕਰਜ਼ਦਾਰ)। 2. ਸ੍ਰੀ ਰੋਹਿਤ ਕੁਮਾਰ, ਬੈਕਸਾਈਡ ਡੀਏਵੀ ਕਾਲਜ, ਆਰੀਆ ਸਕੂਲ ਦੇ ਨੇੜੇ, ਜਲੰਧਰ-144040। (ਸਹਿ-ਕਰਜ਼ਦਾਰ)। | ਪੀਐਨਬੀ-035800 -ਨਕੋਦਰ ਮੇਨ | 5 ਮਰਲੇ ਦੀ ਜਾਇਦਾਦ ਦਾ ਈਐਮ 5/895 ਹੈ, 44 ਕਿਲੋਵਾਟ-15 ਮੀਟਰ ਜ਼ਮੀਨ ਦਾ ਹਿੱਸਾ ਜੋ ਕਿ ਕਿਲੋਵਾਟ/ਕਿਲੋਵਾਟ ਦੁਆਰਾ ਕਵਰ ਕੀਤਾ ਗਿਆ ਹੈ। ਨੰਬਰ 50/51, 145/177, 145/1/177/1 ਵਾਲਾ ਖਸਰਾ ਨੰਬਰ 15//21/2(1-11), 22/5/2(0-16), 16//25/2(0-7), 21/5/2(0-15), 22//1(7-16), 2/1/2(6-2), 8/2(2-2), 9/1 (0-5), 9/2(4-9), 10/2(3-1), 10/3(2-16), 20/1/1(4-4), 21//6/1(1-1), 15/1(0-7), 22//19/2/1(1-13), 11/1(7-10), ਪਿੰਡ ਸ਼ਾਰਕਪੁਰ ਐੱਚ.ਬੀ. ਨੰ. ਦੇ ਖੇਤਰ ਵਿੱਚ ਸਥਿਤ ਹੈ। 24, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਸ਼੍ਰੀਮਤੀ ਪੂਨਮ ਰਾਣੀ ਪੁੱਤਰੀ ਜਗਦੀਸ਼ ਜੋਸ਼ੀ ਦੀ ਮਲਕੀਅਤ ਅਤੇ ਮਾਲਕੀ ਵਾਲੀ ਜ਼ਮੀਨ। | ੳ. 17.05.2022,<br>ਅ. ਰੁ. 18,64,945.70 (ਰੁ. ਅਠਾਰਾਂ ਲੱਖ ਚੌਂਹਠ ਹਜ਼ਾਰ ਨੌ ਸੌ ਪੰਤਾਲੀ ਅਤੇ ਸੱਤਰ ਪੈਸੇ ਕੇਵਲ) + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.04.2022 ਤੋਂ ਭਾਵੀ ਵਿਆਜ<br>ੲ. 05.01.2023, ਸ. ਭੌਤਿਕ ਕਬਜ਼ਾ | Rs. 9,00,000/-<br>Rs. 90,000/-<br>Rs. 50,000/- | 06.03.2026<br>11.00 AM to 04.00 PM |
| 11. | PUNBABA38145493<br>1. ਸ਼੍ਰੀਮਤੀ ਰੇਣੂ ਭਾਟੀਆ (ਕਰਜ਼ਦਾਰ/ਗਿਰਵੀਕਾਰ) ਪਤਨੀ ਸ੍ਰੀ ਸੁਨੀਲ ਭਾਟੀਆ, 2. ਸ੍ਰੀ ਬੋਥਮ ਭਾਟੀਆ (ਸਹਿ-ਕਰਜ਼ਦਾਰ/ਗਿਰਵੀਕਾਰ) ਪੁੱਤਰ ਸ੍ਰੀ ਸੁਨੀਲ ਭਾਟੀਆ, ਪਤਾ:- ਮਕਾਨ ਨੰਬਰ 1532, ਅਮਰੀਕ ਨਗਰ, ਅਜੀਤ ਨਗਰ ਨੇੜੇ ਦੁਰਗਾ ਮਾਤਾ ਮੰਦਰ ਨੇੜੇ ਕਿਸ਼ਨਪੁਰਾ ਚੌਕ, ਜਲੰਧਰ 144008 | 511710-ਜਲੰਧਰ ਏਪੀਜੇ ਸਕੂਲ<br>9805417765 | 05 ਮਰਲੇ (1 ਮਰਲੇ 207 ਵਰਗ ਫੁੱਟ) ਦੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜਿਸ ਵਿੱਚ ਖਸਰਾ ਨੰਬਰ 19634/10232 ਤੋਂ 10234, ਖੇਵਟ/ਖਤੌਣੀ ਨੰਬਰ 3207/3760, ਹਦਬਸਤ ਨੰਬਰ 307/2, ਸਾਲ 2009-10 ਲਈ ਜਮ੍ਹਾਂਬੰਦੀ ਸ਼ਾਮਲ ਹੈ, ਸੇਲ ਡੀਡ ਨੰਬਰ 5630 ਮਿਤੀ 09/08/2016 ਅਨੁਸਾਰ, ਸਬ ਰਜਿਸਟਰਾਰ ਜਲੰਧਰ 1, ਜ਼ਿਲ੍ਹਾ ਜਲੰਧਰ ਕੋਲ ਰਜਿਸਟਰਡ। ਪਾਸੇ ਇਸ ਤਰ੍ਹਾਂ ਘਿਰੇ ਹੋਏ ਹਨ: ਪੂਰਬ- ਕੁਲਬੀਰ ਸਿੰਘ, ਪੱਛਮ- ਹੋਰ, ਉੱਤਰ- ਰਸਤਾ, ਦੱਖਣ- ਸੁਰਜੀਤ ਸਿੰਘ, ਮਾਲਕੀ: ਸ਼੍ਰੀਮਤੀ ਰੇਣੂ ਭਾਟੀਆ ਪਤਨੀ ਸ੍ਰੀ ਸੁਨੀਲ ਭਾਟੀਆ ਅਤੇ ਸ੍ਰੀ ਬੋਥਮ ਭਾਟੀਆ ਪੁੱਤਰ ਸ੍ਰੀ ਸੁਨੀਲ ਭਾਟੀਆ। | (ੳ) 22.07.2024<br>(ਅ) ਰੁ. 37,52,238.79 (ਰੁਪਏ ਸੈਂਤੀ ਲੱਖ ਬਵੰਜਾ ਹਜ਼ਾਰ ਦੋ ਸੌ ਅਠੱਤੀ ਅਤੇ ਉਣਾਸੀ ਪੈਸੇ ਕੇਵਲ) ਪੂਰਨ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ 22.07.2024 ਤੋਂ ਭਾਵੀ ਵਿਆਜ। (ੲ) 01.10.2024 (ਸ) ਸੰਕੇਤਕ ਕਬਜ਼ਾ। | Rs. 29,41,000/-<br>Rs. 2,94,100/-<br>Rs. 20,000/- | 06.03.2026<br>11.00 AM to 04.00 PM |
| 11. | PUNBATB63366456<br>1. ਸ੍ਰੀ ਸੰਜੀਵ ਕੁਮਾਰ ਪੁੱਤਰ ਸ੍ਰੀ ਗੰਗਾ ਧਾਰ ਪਤਾ 1: ਮਕਾਨ ਨੰ. 43 ਪ੍ਰਿੰਸ ਪ੍ਰਾਈਮ ਐਨਕਲੇਵ ਪਿੰਡ- ਦਕੋਹਾ, ਤਹਿਸੀਲ ਜਿਲ੍ਹਾ ਜਲੰਧਰ 144005, ਪਤਾ 2: ਮਕਾਨ ਨੰ. 548, ਪਿੰਡ ਦਕੋਹਾ, ਰੋਜ਼ੀ ਮਾਡਲ ਸਕੂਲ ਦੇ ਸਾਹਮਣੇ, ਜਲੰਧਰ 144005 2. ਸ੍ਰੀ ਰਾਜੀਵ ਕੁਮਾਰ ਪੁੱਤਰ ਸ੍ਰੀ ਗੰਗਾ ਧਰ, ਪਤਾ 1: ਮਕਾਨ ਨੰ: 43 ਪ੍ਰਿੰਸ ਪ੍ਰਾਈਮ ਇਨਕਲੇਵ ਪਿੰਡ- ਦਕੋਹਾ, ਤਹਿਸੀਲ ਜ਼ਿਲ੍ਹਾ ਜਲੰਧਰ- 144005, ਪਤਾ 2: ਮਕਾਨ ਨੰ: 548, ਪਿੰਡ ਦਕੋਹਾ, ਰੋਜ਼ੀ ਮਾਡਲ ਸਕੂਲ ਦੇ ਸਾਹਮਣੇ, ਜਲੰਧਰ 144005 | 023500-ਜਲੰਧਰ ਸਿਵਲ ਲਾਈਨਜ਼<br>9805417765 | ਖਾਤਾ ਨੰਬਰ 20//11, 20//20 ਵਿਕਰੀ ਡੀਡ ਨੰਬਰ 696 ਮਿਤੀ 16.04.2013 ਅਨੁਸਾਰ ਮਾਲਕੀ: ਸ੍ਰੀ ਸੰਜੀਵ ਕੁਮਾਰ ਪੁੱਤਰ ਸ੍ਰੀ ਗੰਗਾ ਧਰ ਅਤੇ ਸ੍ਰੀ ਰਾਜੀਵ ਕੁਮਾਰ ਪੁੱਤਰ ਸ੍ਰੀ ਗੰਗਾ ਧਰ ਦੇ ਨਾਮ 'ਤੇ ਪਿੰਡ ਢਿਲਵਾਂ ਆਬਾਦੀ, ਪ੍ਰਿੰਸ ਪ੍ਰਾਈਮ ਐਨਕਲੇਵ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਕੁੱਲ ਖੇਤਰਫਲ ਵਿੱਚੋਂ 08 ਮਰਲੇ 232 ਵਰਗ ਫੁੱਟ ਵਾਲੀ ਰਿਹਾਇਸ਼ੀ ਜਾਇਦਾਦ ਨੰਬਰ 43 ਦਾ ਬਰਾਬਰ ਗਿਰਵੀਨਾਮਾ, ਜਿਸ ਵਿੱਚ ਜਮ੍ਹਾਂਬੰਦੀ ਸਾਲ 2010-2011 ਵਿੱਚ ਸ਼ਾਮਲ ਹੈ। | ੳ.16.02.2022,<br>ਅ. ਰੁ. 30,48,823.97 (ਰੁ. ਤੀਹ ਲੱਖ ਅਠਤਾਲੀ ਹਜ਼ਾਰ ਅੱਠ ਸੌ ਤੇਈ ਅਤੇ ਸਤਾਨਵੇਂ ਪੈਸੇ ਕੇਵਲ) + ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 16.02.2022 ਤੋਂ ਭਾਵੀ ਵਿਆਜ<br>ੲ.17.05.2022, ਸ. ਸੰਕੇਤਕ ਕਬਜ਼ਾ | Rs.20,20,000/-<br>Rs.2,02,000/-<br>Rs. 20,000/- | 27.02.2026<br>11.00 AM to 04.00 PM |

ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ:- ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 1. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 2. ਅਧਿਕਾਰਤ ਅਧਿਕਾਰੀ ਜਾਂ ਬੈਂਕ ਜਾਇਦਾਦਾਂ (ਈ-ਨਿਲਾਮੀ) ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਨ, ਬੋਝ, ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਬੋਝ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ, ਜਾਇਦਾਦ ਟੈਕਸ ਦੇ ਬਕਾਏ, ਬਿਜਲੀ ਬਕਾਏ ਆਦਿ ਸ਼ਾਮਲ ਹਨ। 3. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟਰੇਸ਼ਨ ਖਰਚੇ, ਸਟੈਂਪ ਡਿਊਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। ਜੇਕਰ ਬੋਲੀਕਾਰ ਦੇ ਨਾਮ 'ਤੇ ਕੋਈ ਜਾਇਦਾਦ ਆਈਡੀ/ਐਨਓਸੀ/ਕਲੀਅਰੈਂਸ/ਆਈਪੀ ਦੀ ਰਜਿਸਟਰੇਸ਼ਨ ਲਈ ਲੋੜੀਂਦੀ ਕੋਈ ਹੋਰ ਰਸਮੀ ਕਾਰਵਾਈ ਹੈ, ਤਾਂ ਰਸਮੀ ਕਾਰਵਾਈਆਂ ਅਤੇ ਖਰਚੇ ਬੋਲੀਕਾਰ ਦੁਆਰਾ ਸਹਿਣ ਕੀਤੇ ਜਾਣੇ ਚਾਹੀਦੇ ਹਨ। ਜੇਕਰ ਆਈਪੀ ਸੰਕੇਤਕ ਕਬਜ਼ੇ 'ਤੇ ਵੇਚਿਆ ਜਾਂਦਾ ਹੈ ਤਾਂ ਆਈਪੀ ਦਾ ਭੌਤਿਕ ਕਬਜ਼ਾ ਪ੍ਰਦਾਨ ਕਰਨਾ ਬੈਂਕ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਬੈਂਕ ਵਿਕਰੀ ਤੋਂ ਬਾਅਦ ਆਈਪੀ ਦਾ ਸਿਰਫ ਪ੍ਰਤੀਕਾਤਮਕ ਕਬਜ਼ਾ ਦੇਵੇਗਾ। 4. ਇਹ ਇੱਛੁਕ ਬੋਲੀਕਾਰ(ਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਸਹੀ ਢੰਗ ਨਾਲ ਪੜ੍ਹਨ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਨ। 5. ਬੋਲੀਕਾਰ ਨੂੰ ਸਹੀ ਇੰਟਰਨੈਟ ਕਨੈਕਟੀਵਿਟੀ, ਪਾਵਰ ਬੈਕ-ਅੱਪ ਆਦਿ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇੰਟਰਨੈਟ ਫੇਲ੍ਹ ਹੋਣ, ਬਿਜਲੀ ਫੇਲ੍ਹ ਹੋਣ ਜਾਂ ਤਕਨੀਕੀ ਕਾਰਨਾਂ ਜਾਂ ਈ-ਨਿਲਾਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਸੰਕਟਕਾਲਾਂ ਕਾਰਨ ਬੈਂਕ ਕਿਸੇ ਵੀ ਰੁਕਾਵਟ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 6. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ ਪੋਰਟਲ https://baanknet.com ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਹ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨਗੇ। ਇੱਕ ਵਾਰ ਜਦੋਂ KYC ਦਸਤਾਵੇਜ਼ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਤਸਦੀਕ ਹੋ ਜਾਂਦੇ ਹਨ (ਇਸ ਵਿੱਚ 2 ਜਾਂ ਵੱਧ ਕੰਮਕਾਜੀ ਦਿਨ ਲੱਗ ਸਕਦੇ ਹਨ), ਤਾਂ ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਆਪਣੇ ਗਲੋਬਲ EMD ਵਾਲੇਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟਰਾਂਸਫਰ ਕਰਨੀ ਪਵੇਗੀ। ਆਪਣੇ ਵਾਲੇਟ ਵਿੱਚ ਕਾਫ਼ੀ ਬਿਆਨਾ ਰਕਮ ਹੋਣ ਤੋਂ ਬਾਅਦ ਹੀ, ਵਿਆਜ ਬੋਲੀਕਾਰ ਈ-ਨਿਲਾਮੀ ਦੀ ਮਿਤੀ 'ਤੇ ਬੋਲੀ ਲਗਾਉਣ ਦੇ ਯੋਗ ਹੋਵੇਗਾ। 7. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25%, ਜਮਾ ਕੀਤੀ ਗਈ ਬਿਆਨਾ ਰਕਮ ਨੂੰ ਘਟਾ ਕੇ, ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਜਮ ?ਹਾ ਕਰਵਾਉਣਾ ਹੋਵੇਗਾ ਅਤੇ ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ। 8. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ ਜਾਂ ਸਾਡੇ ਦਫ਼ਤਰ ARMB ਜਲੰਧਰ, ਅਧਿਕਾਰਤ ਦਫ਼ਤਰ, ਈ-ਮੇਲ ਆਈਡੀ: cs8249@pnb.co.in ਨਾਲ ਸੰਪਰਕ ਕਰੋ।

ਸਰਫੇਸੀ ਐਕਟ ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਕਾਨੂੰਨੀ 15/30 ਦਿਨਾਂ ਦੀ ਵਿਕਰੀ ਨੋਟਿਸ।

ਮਿਤੀ : 10.02.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਮਿੱਠਾ ਖਾਣ ਦੇ ਹੋ ਸ਼ੌਕੀਨ, ਤਾਂ ਸ਼ੂਗਰ ਦੀ ਥਾਂ ਚੁਣੋ ਇਹ ਹੈਲਥੀ ਆਪਸ਼ਨ

ਚਿੱਟੀ ਖੰਡ, ਜਾਂ ਟੇਬਲ ਸ਼ੂਗਰ, ਹਰ ਘਰ ਦੀ ਰਸੋਈ ਵਿੱਚ ਇੱਕ ਮੁੱਖ ਚੀਜ਼ ਹੈ, ਚਿੱਟੀ ਖੰਡ ਸਿਹਤ ਲਈ ਬਹੁਤ ਖ਼ਤਰਨਾਕ ਹੈ ਕਿਉਂਕਿ ਇਸ ਵਿੱਚ 90% ਤੱਕ ਸੁਕਰੋਜ਼ ਹੁੰਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਤੇਜ਼ੀ ਨਾਲ ਵਧਾਉਂਦਾ ਹੈ ਅਤੇ ਜੇਕਰ ਲੰਬੇ ਸਮੇਂ ਤੱਕ ਇਸਦਾ ਸੇਵਨ ਕੀਤਾ ਜਾਵੇ, ਤਾਂ ਇਹ ਮੋਟਾਪਾ, ਸ਼ੂਗਰ ਅਤੇ ਕਈ ਹੋਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਜੇਕਰ ਤੁਸੀਂ ਮਿੱਠੇ ਖਾਣ ਦੇ ਸ਼ੌਕੀਨ ਹੋ ਅਤੇ ਆਪਣੀ ਖੁਰਾਕ ਵਿੱਚ ਚਿੱਟੀ ਖੰਡ ਦਾ ਸੇਵਨ ਕਰਦੇ ਹੋ, ਤਾਂ ਤੁਰੰਤ ਬੰਦ ਕਰੋ। ਇਸ ਦੀ ਬਜਾਏ, ਇਹਨਾਂ ਪੰਜ ਮਿੱਠੇ ਖਾਣ ਦੇ ਵਿਕਲਪਾਂ 'ਤੇ ਵਿਚਾਰ ਕਰੋ ਜੋ ਚਿੱਟੀ ਖੰਡ ਨਾਲੋਂ ਕਿਤੇ ਉੱਤਮ ਹਨ।



**ਗੁੜ:** ਗੁੜ, ਜਾਂ ਗੁੜ ਤੋਂ ਬਣੀ ਖੰਡ, ਬਾਜ਼ਾਰ ਵਿੱਚ ਆਸਾਨੀ ਨਾਲ ਉਪਲਬਧ ਹੈ। ਇਹ ਖੰਡ ਨਾਲੋਂ ਘੱਟ ਨੁਕਸਾਨਦੇਹ ਹੈ।

**ਮਿਸ਼ਰੀ** : ਥ੍ਰੈਡਡ ਸ਼ੂਗਰ ਕੈਂਡੀ ਮਿੱਠੀ ਹੁੰਦੀ ਹੈ, ਪਰ ਇਹ ਪੇਟ ਨੂੰ ਸ਼ਾਂਤ ਕਰਦੀ ਹੈ ਅਤੇ ਪਾਚਨ ਵਿੱਚ ਸਹਾਇਤਾ ਕਰਦੀ ਹੈ। ਇਸ ਤੋਂ ਇਲਾਵਾ, ਇਸ ਵਿੱਚ ਚਿੱਟੀ ਖੰਡ ਨਾਲੋਂ ਘੱਟ ਕੈਲੋਰੀ ਹੁੰਦੀ ਹੈ।

**ਸਟੀਵੀਆ** - ਸਟੀਵੀਆ, ਜਿਸਨੂੰ ਮਿੱਠੀ ਤੁਲਸੀ ਵੀ ਕਿਹਾ ਜਾਂਦਾ ਹੈ, ਇੱਕ ਖੰਡ-ਮੁਕਤ ਉਤਪਾਦ ਹੈ। ਇਸਦੇ ਉਤਪਾਦ ਜ਼ੀਰੋ-ਕੈਲੋਰੀ ਅਤੇ ਜ਼ੀਰੋ-ਖੰਡ ਹਨ, ਫਿਰ ਵੀ ਇਸਦਾ ਹਲਕਾ ਮਿੱਠਾ ਅਤੇ ਕੌੜਾ ਸੁਆਦ ਹੈ। ਮੁੱਖ ਗੱਲ ਇਹ ਹੈ ਕਿ ਸਟੀਵੀਆ ਦਾ ਸੇਵਨ ਕਰਨ ਨਾਲ ਖੰਡ ਦਾ ਪੱਧਰ ਨਹੀਂ ਵਧਦਾ।

**ਨਾਰੀਅਲ ਖੰਡ:** ਨਾਰੀਅਲ ਦੇ ਰਸ ਤੋਂ ਬਣੀ ਖੰਡ ਦਾ ਗਲਾਈਸੈਮਿਕ ਇੰਡੈਕਸ ਘੱਟ ਹੁੰਦਾ ਹੈ, ਜੋ ਬਲੱਡ ਸ਼ੂਗਰ ਦੇ ਤੇਜ਼ੀ ਨਾਲ ਵਧਣ ਤੋਂ ਰੋਕਦਾ ਹੈ। ਇਹ ਖਣਿਜਾਂ ਅਤੇ ਐਂਟੀਆਕਸੀਡੈਂਟਾਂ ਨਾਲ ਭਰਪੂਰ ਹੁੰਦਾ ਹੈ, ਪਰ ਇਸ ਵਿੱਚ ਕੈਲੋਰੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸਨੂੰ ਰੋਜ਼ਾਨਾ ਚਿੱਟੀ ਖੰਡ ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ।

**ਖਜੂਰ:** ਬਾਜ਼ਾਰ ਵਿੱਚ ਦੋ ਕਿਸਮਾਂ ਦੀਆਂ ਖਜੂਰ ਉਪਲਬਧ ਹਨ ਕੁਦਰਤੀ ਤੌਰ 'ਤੇ ਪੱਕੀਆਂ ਅਤੇ ਗੁੜ ਨਾਲ ਪੱਕੀਆਂ। ਦੋਵਾਂ ਖਜੂਰਾਂ ਦੇ ਆਪਣੇ ਫਾਇਦੇ ਹਨ, ਪਰ ਮਿੱਠੀ ਲਾਲਸਾ ਨੂੰ ਰੋਕਣ ਲਈ, ਕੁਦਰਤੀ ਤੌਰ 'ਤੇ ਪੱਕੀਆਂ ਖਜੂਰਾਂ ਦਾ ਸੇਵਨ ਲਾਭਦਾਇਕ ਹੈ।

# ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਟਿਆਲਾ ਵਿਖੇ 'ਸਾਡਾ ਪੰਜਾਬ, ਸਵੱਛ ਪੰਜਾਬ' ਦੇ ਤਹਿਤ ਸੈਮੀਨਾਰ ਦਾ ਆਯੋਜਨ





ਪਟਿਆਲਾ, 10 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਕ੍ਰਿਸ਼ਨ ਪਬਲਿਕ ਸਕੂਲ ਵਿਖੇ ਭਾਰਤੀ ਪ੍ਰਦੂਸ਼ਣ ਕੰਟਰੋਲ ਸੰਸਥਾ ਵੱਲੋਂ 'ਸਾਡਾ ਪੰਜਾਬ, ਸਵੱਛ ਪੰਜਾਬ' ਦੇ ਤਹਿਤ ਇੱਕ ਸੈਮੀਨਾਰ ਲਗਾਇਆ ਗਿਆ।

ਜਿਸ ਵਿੱਚ ਉਹਨਾਂ ਦੇ ਮੈਂਬਰਾਂ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਰਹਿੰਦ ਖੂੰਹਦ ਨੂੰ ਵੱਖ ਕਰਨਾ, ਗਿੱਲਾ ਕੂੜਾ ਹਰੇ ਕੂੜੇਦਾਨ ਵਿੱਚ ਅਤੇ ਸੁੱਕਾ ਕੂੜਾ ਨੀਲੇ ਕੂੜੇਦਾਨ ਵਿੱਚ ਪਾਉਣ ਬਾਰੇ ਹਦਾਇਤਾਂ ਦਿੱਤੀਆਂ ਗਈਆਂ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਇਧਰ-ਉਧਰ ਕੂੜਾ ਨਾ ਸੁੱਟਣ, ਗੰਦਗੀ ਨਾ ਫੈਲਾਉਣ ਬਾਰੇ ਸਮਝਾਇਆ ਗਿਆ ਅਤੇ ਇਸ ਤਰ੍ਹਾਂ ਥਾਂ-ਥਾਂ 'ਤੇ ਕੂੜਾ ਫੈਲਾਉਣ 'ਤੇ ਗੰਦਗੀ ਫੈਲਾਉਣ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਨੁਕਸਾਨ ਬਾਰੇ ਦੱਸਿਆ ਗਿਆ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਰਹਿੰਦ-ਖੂੰਹਦ ਤੋਂ ਬਣਨ ਵਾਲੀਆਂ ਚੀਜ਼ਾਂ ਨੂੰ ਦਿਖਾਇਆ ਗਿਆ ਤੇ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਪਟਿਆਲਾ ਦੇ ਵਿੱਚ ਹੀ ਰਹਿੰਦ-ਖੂੰਹਦ ਤੋਂ ਉਪਯੋਗੀ ਸਮਾਨ ਦੀ ਸੰਸਥਾ ਹੈ ਜਿਸ ਤੋਂ ਇਹ ਕੰਮ ਸਿੱਖਿਆ ਜਾ ਸਕਦਾ ਹੈ।

ਸਕੂਲ ਦੇ ਵਿਦਿਆਰਥੀਆਂ ਵੱਲੋਂ ਥਾਂ-ਥਾਂ 'ਤੇ ਕੂੜਾ ਨਾ ਫੈਲਾਉਣ, ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਕੂੜੇਦਾਨ ਵਿੱਚ ਪਾਉਣ ਦਾ ਵਾਅਦਾ ਕੀਤਾ ਗਿਆ ਅਤੇ ਆਪਣੇ ਪੰਜਾਬ ਨੂੰ ਸਵੱਛ ਬਣਾਉਣ ਵਿੱਚ ਪੂਰਾ ਸਹਿਯੋਗ ਦੇਣ ਦਾ ਪ੍ਰਣ ਲਿਆ ਗਿਆ।

ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਵੱਲੋਂ ਆਈ.ਪੀ.ਸੀ.ਏ. ਦੇ ਮੈਂਬਰਾਂ ਦਾ ਸਕੂਲ ਪਹੁੰਚ ਕੇ ਇੰਨੀ ਮਹੱਤਵਪੂਰਨ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕਰਨ 'ਤੇ ਧੰਨਵਾਦ ਕੀਤਾ ਗਿਆ ਅਤੇ ਇਸ ਕੰਮ ਵਿੱਚ ਆਪਣਾ ਭਰਪੂਰ ਯੋਗਦਾਨ ਦੇਣ ਦਾ ਵਾਅਦਾ ਕੀਤਾ ਗਿਆ।

# 'ਲਖਪਤੀ ਦੀਦੀ ਦਾ ਸਰਸ ਆਜੀਵਿਕਾ ਮੇਲਾ' ਦਾ ਵਿਸ਼ਾਲ ਕੁੰਭ ਅੱਜ

ਗੁਰੂਗ੍ਰਾਮ, 10 ਫਰਵਰੀ (ਚ.ਨ.ਸ.): ਹਰਿਆਣਾ ਦਾ ਸਾਈਬਰ ਸਿਟੀ, ਗੁਰੂਗ੍ਰਾਮ, ਇੱਕ ਵਾਰ ਫਿਰ ਦੇਸ਼ ਦੀਆਂ ਪੇਂਡੂ ਪਰੰਪਰਾਵਾਂ, ਲੋਕ ਕਲਾਵਾਂ ਅਤੇ ਮਹਿਲਾ ਉੱਦਮਤਾ ਦੇ ਰੰਗਾਂ ਨਾਲ ਰੰਗਿਆ ਹੋਇਆ ਹੈ। ਸ਼ਾਨਦਾਰ ਸਰਸ ਆਜੀਵਿਕਾ ਮੇਲਾ-2026 ਅੱਜ ਸੈਕਟਰ 29 ਦੇ ਲੀਜ਼ਰ ਵੈਲੀ ਪਾਰਕ ਗਰਾਊਂਡ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਰਾਸ਼ਟਰੀ ਪੱਧਰ ਦੇ ਮੇਲੇ ਦਾ ਉਦਘਾਟਨ ਕੇਂਦਰੀ ਪੇਂਡੂ ਵਿਕਾਸ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਕਰਨਗੇ। ਪੇਂਡੂ ਵਿਕਾਸ ਰਾਜ ਮੰਤਰੀ ਡਾ. ਚੰਦਰਸ਼ੇਖਰ ਪੇਮਾਸਾਨੀ ਅਤੇ ਕਮਲੇਸ਼ ਪਾਸਵਾਨ ਵਿਸ਼ੇਸ਼ ਮਹਿਮਾਨ ਹੋਣਗੇ। 10 ਤੋਂ 26 ਫਰਵਰੀ ਤੱਕ ਚੱਲਣ ਵਾਲਾ ਇਹ ਮੇਲਾ ਮਿੰਨੀ ਭਾਰਤ ਦੀ ਇੱਕ ਜੀਵੰਤ ਝਲਕ ਪੇਸ਼ ਕਰੇਗਾ। ਇਸ ਸਾਲ ਦੇ ਸਰਸ ਮੇਲੇ ਵਿੱਚ 28 ਰਾਜਾਂ ਦੀਆਂ 900 ਤੋਂ ਵੱਧ ਮਹਿਲਾ ਉੱਦਮੀਆਂ ਹਿੱਸਾ ਲੈ ਰਹੀਆਂ ਹਨ, ਜੋ ਵੱਖ-ਵੱਖ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਹੋਈਆਂ ਹਨ। ਮੇਲੇ ਦੇ ਮੈਦਾਨ ਵਿੱਚ 450 ਤੋਂ ਵੱਧ ਸਟਾਲ ਲਗਾਏ ਗਏ ਹਨ, ਜੋ ਉੱਤਰ ਵਿੱਚ ਕਸ਼ਮੀਰ ਦੀ ਪਸ਼ਮੀਨਾ ਤੋਂ ਲੈ ਕੇ ਦੱਖਣ ਵਿੱਚ ਤਾਮਿਲਨਾਡੂ ਦੇ ਰੇਸ਼ਮ ਤੱਕ, ਅਤੇ ਪੱਛਮ ਵਿੱਚ ਰਾਜਸਥਾਨ ਦੀ ਕਢਾਈ ਤੋਂ ਲੈ ਕੇ ਪੂਰਬ ਵਿੱਚ ਅਸਾਮ ਦੇ ਬਾਂਸ ਦੇ ਸ਼ਿਲਪਕਾਰੀ ਤੱਕ, ਸਾਰੇ ਇੱਕ ਛੱਤ ਹੇਠ ਕਈ ਤਰ੍ਹਾਂ ਦੇ ਉਤਪਾਦਾਂ ਦੀ ਪੇਸ਼ਕਸ਼ ਕਰਦੇ ਹਨ।



ਮੇਲੇ ਦੌਰਾਨ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ, ਪੇਂਡੂ ਵਿਕਾਸ ਮੰਤਰਾਲੇ ਦੀ ਸੰਯੁਕਤ ਸਕੱਤਰ, ਸ਼੍ਰੀਮਤੀ ਸਵਾਤੀ ਸ਼ਰਮਾ ਨੇ ਸਵੈ-ਸਹਾਇਤਾ ਸਮੂਹਾਂ ਦੀ ਪ੍ਰਗਤੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਇਸ ਸਮੇਂ 100 ਮਿਲੀਅਨ ਔਰਤਾਂ ਦੀਨਦਿਆਲ ਅੰਤਯੋਦਯ ਯੋਜਨਾ - ਰਾਸ਼ਟਰੀ ਪੇਂਡੂ ਆਜੀਵਿਕਾ ਮਿਸ਼ਨ ਦੇ ਤਹਿਤ ਸੰਗਠਿਤ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੇ 30 ਮਿਲੀਅਨ ਲਖਪਤੀ ਦੀਦੀਆਂ ਦਾ ਟੀਚਾ ਰੱਖਿਆ ਸੀ, ਜਿਨ੍ਹਾਂ ਵਿੱਚੋਂ 29 ਮਿਲੀਅਨ ਦੀਦੀਆਂ ਪਹਿਲਾਂ ਹੀ ਦਸੰਬਰ 2025 ਤੱਕ ਲਖਪਤੀ ਦੀਦੀਆਂ ਬਣ ਚੁੱਕੀਆਂ ਹਨ, ਅਤੇ ਇਹ ਟੀਚਾ ਨੇੜਲੇ ਭਵਿੱਖ ਵਿੱਚ ਪ੍ਰਾਪਤ ਕੀਤਾ ਜਾਵੇਗਾ।

ਪ੍ਰੈਸ ਕਾਨਫਰੰਸ ਦੌਰਾਨ, ਕਈ ਸਫਲ ਮਹਿਲਾ ਉੱਦਮੀਆਂ ਨੇ ਆਪਣੇ ਤਜ਼ਰਬੇ ਅਤੇ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਬਹੁਤ ਸਾਰੀਆਂ ਔਰਤਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਕੋਲ ਪਹਿਲਾਂ ਆਮਦਨ ਦਾ ਕੋਈ ਸਰੋਤ ਨਹੀਂ ਸੀ, ਪਰ ਸਵੈ-ਸਹਾਇਤਾ ਸਮੂਹਾਂ ਵਿੱਚ ਸ਼ਾਮਲ ਹੋਣ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਤੋਂ ਬਾਅਦ, ਉਹ ਹੁਣ ਨਾ ਸਿਰਫ਼ ਆਪਣੇ ਪਰਿਵਾਰਾਂ ਦਾ ਸਮਰਥਨ ਕਰ ਰਹੀਆਂ ਹਨ ਬਲਕਿ ਹੋਰ ਔਰਤਾਂ ਨੂੰ ਰੁਜ਼ਗਾਰ ਵੀ ਪ੍ਰਦਾਨ ਕਰ ਰਹੀਆਂ ਹਨ। ਮੇਲੇ ਵਿੱਚ ਲਖਪਤੀ ਦੀਦੀ ਪਵੇਲੀਅਨ ਅਜਿਹੀਆਂ ਸ਼ਸ਼ਕਤ ਔਰਤਾਂ ਦੀਆਂ ਕਹਾਣੀਆਂ ਨੂੰ ਦਰਸਾਉਂਦਾ ਹੈ।

# ਰਾਜਸਥਾਨ ਨੂੰ ਪੰਜਾਬ ਦੇ 1 ਲੱਖ ਕਰੋੜ ਰੁਪਏ ਦੇ ਪਾਣੀ ਦੇ ਬਕਾਏ ਦਾ ਭੁਗਤਾਨ ਕਰਨਾ ਚਾਹੀਦੈ: ਸਾਂਸਦ ਵਿਕਰਮਜੀਤ ਸਿੰਘ ਸਾਹਨੀ

ਨਵੀਂ ਦਿੱਲੀ, 10 ਫਰਵਰੀ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਸੰਸਦ ਵਿੱਚ ਪੰਜਾਬ ਦੇ ਤੇਜ਼ੀ ਨਾਲ ਵਿਗੜ ਰਹੇ ਪਾਣੀ ਸੰਕਟ ਦਾ ਮਹੱਤਵਪੂਰਨ ਮੁੱਦਾ ਉਠਾਇਆ। ਦਰਿਆਈ ਪਾਣੀਆਂ ਦੀ ਵੰਡ ਵਿੱਚ ਵੱਡੇ ਅਸੰਤੁਲਨ ਵੱਲ ਇਸ਼ਾਰਾ ਕਰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਪੰਜਾਬ ਦੇ ਕੁੱਲ 25 ਐਮਏਐਫ ਦਰਿਆਈ ਪਾਣੀ ਵਿੱਚੋਂ, ਲਗਭਗ 70 ਪ੍ਰਤੀਸ਼ਤ, ਜਾਂ ਲਗਭਗ 19 ਐਮਏਐਫ, ਦੂਜੇ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ, ਜਦੋਂ ਕਿ ਨਹਿਰ ਅਤੇ ਟਿਊਬਵੈੱਲ ਸਿੰਚਾਈ 'ਤੇ ਬਹੁਤ ਜ਼ਿਆਦਾ ਨਿਰਭਰਤਾ ਕਾਰਨ ਪੰਜਾਬ ਦੇ ਭੂਮੀਗਤ ਪਾਣੀ ਦਾ ਪੱਧਰ ਚਿੰਤਾਜਨਕ ਤੌਰ 'ਤੇ ਘਟ ਰਿਹਾ ਹੈ।



ਡਾ. ਸਾਹਨੀ ਨੇ ਰਾਜਸਥਾਨ ਵੱਲੋਂ ਪੰਜਾਬ ਨੂੰ ਦਰਿਆਈ ਪਾਣੀ ਦੀ ਵਰਤੋਂ ਲਈ ਬਕਾਇਆ 1 ਲੱਖ ਕਰੋੜ ਰੁਪਏ ਤੋਂ ਵੱਧ ਦੇ ਲੰਬੇ ਸਮੇਂ ਤੋਂ ਬਕਾਇਆ ਰਕਮ ਦੀ ਤੁਰੰਤ ਅਦਾਇਗੀ ਕਰਨ ਦੀ ਮੰਗ ਕੀਤੀ। ਪੰਜਾਬ ਦੇ ਕਾਨੂੰਨੀ ਅਤੇ ਇਤਿਹਾਸਕ ਅਧਿਕਾਰਾਂ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਰਾਵੀ, ਸਤਲੁਜ ਅਤੇ ਬਿਆਸ ਦਰਿਆਵਾਂ ਦੇ ਇੱਕ ਰਿਪੇਰੀਅਨ ਰਾਜ ਵਜੋਂ, ਪੰਜਾਬ 1927 ਦੇ ਗੰਗ ਨਹਿਰ ਸਮਝੌਤੇ ਤਹਿਤ ਰਾਇਲਟੀ (ਸੀਨਿਓਰੇਜ) ਦਾ ਹੱਕਦਾਰ ਹੈ। 1956 ਤੋਂ ਬਾਅਦ ਇਹ ਭੁਗਤਾਨ ਬੰਦ ਕਰ ਦਿੱਤੇ ਗਏ ਸਨ, ਜੋ ਕਿ ਪੂਰੀ ਤਰ੍ਹਾਂ ਬੇਇਨਸਾਫ਼ੀ ਅਤੇ ਅਨੁਚਿਤ ਹੈ। ਡਾ. ਸਾਹਨੀ ਨੇ ਇਹ ਵੀ ਦੱਸਿਆ ਕਿ ਰਾਜਸਥਾਨ ਨਾਲ 1981 ਦੇ ਪਾਣੀ ਦੀ ਵੰਡ ਸਮਝੌਤੇ ਨੂੰ ਪੰਜਾਬ ਵਿਧਾਨ ਸਭਾ ਨੇ ਕਦੇ ਵੀ ਪ੍ਰਵਾਨਗੀ ਨਹੀਂ ਦਿੱਤੀ ਅਤੇ ਇਸ @ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਜੇਕਰ ਇਨ੍ਹਾਂ ਅਸਮਾਨਤਾਵਾਂ ਨੂੰ ਜਲਦੀ ਹੱਲ ਨਹੀਂ ਕੀਤਾ ਗਿਆ, ਤਾਂ ਪੰਜਾਬ ਨੂੰ ਹੌਲੀ-ਹੌਲੀ ਮਾਰੂਥਲ ਬਣਨ ਦੇ ਗੰਭੀਰ ਜੋਖਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਨੀਦਰਲੈਂਡ ਨੇ ਨਾਮੀਬੀਆ ਨੂੰ 7 ਵਿਕਟਾਂ ਨਾਲ ਹਰਾਇਆ

ਨਵੀਂ ਦਿੱਲੀ , 10 ਫਰਵਰੀ (ਚ.ਨ.ਸ.) : ਟੀ-20 ਵਿਸ਼ਵ ਕੱਪ 2026 ਦੇ 10ਵੇਂ ਮੁਕਾਬਲੇ ਵਿੱਚ ਨੀਦਰਲੈਂਡ ਨੇ ਨਾਮੀਬੀਆ ਨੂੰ 7 ਵਿਕਟਾਂ ਨਾਲ ਕਰਾਰੀ ਮਾਤ ਦੇ ਕੇ ਟੂਰਨਾਮੈਂਟ ਵਿੱਚ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ। ਇਸ ਜਿੱਤ ਦੇ ਅਸਲੀ ਹੀਰੋ ਆਲਰਾਊਂਡਰ ਬਾਸ ਡਲੀਡੇ ਰਹੇ, ਜਿਨ੍ਹਾਂ ਨੇ ਪਹਿਲਾਂ ਗੇਂਦਬਾਜ਼ੀ ਵਿੱਚ 2 ਵਿਕਟਾਂ ਝਟਕਾਈਆਂ ਅਤੇ ਫਿਰ ਬੱਲੇ ਨਾਲ ਨਾਬਾਦ 72 ਦੌੜਾਂ ਦੀ ਤੂਫਾਨੀ ਪਾਰੀ ਖੇਡੀ।ਟੌਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਨਾਮੀਬੀਆ ਦੀ ਸ਼ੁਰੂਆਤ ਖ਼ਰਾਬ ਰਹੀ, ਪਰ ਨਿਕੋਲ ਲੌਫਟੀ-ਈਟਨ (42) ਅਤੇ ਯਾਨ ਫ੍ਰਾਇਲਿੰਕ (30) ਦੀਆਂ ਪਾਰੀਆਂ ਦੀ ਬਦੌਲਤ ਟੀਮ ਨੇ 20 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ 156 ਦੌੜਾਂ ਬਣਾਈਆਂ। ਨੀਦਰਲੈਂਡ ਵੱਲੋਂ ਲੋਗਨ ਵੈਨ ਬੀਕ ਅਤੇ ਬਾਸ ਡਲੀਡੇ ਨੇ 2-2 ਵਿਕਟਾਂ ਲੈ ਕੇ ਨਾਮੀਬੀਆ ਦੇ ਬੱਲੇਬਾਜ਼ਾਂ 'ਤੇ ਲਗਾਮ ਕਸੀ।157 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਨੀਦਰਲੈਂਡ ਦੀ ਸ਼ੁਰੂਆਤ ਵੀ ਚੰਗੀ ਨਹੀਂ ਰਹੀ ਅਤੇ ਤੀਜੇ ਓਵਰ ਵਿੱਚ ਹੀ ਪਹਿਲੀ ਵਿਕਟ ਡਿੱਗ ਗਈ। ਇਸ ਤੋਂ ਬਾਅਦ ਬਾਸ ਡਲੀਡੇ ਨੇ ਮੋਰਚਾ ਸੰਭਾਲਿਆ ਅਤੇ ਮਾਈਕਲ ਲੇਵਿਟ (28) ਤੇ ਕਾਲਿਨ ਐਕਰਮੈਨ (32) ਨਾਲ ਮਿਲ ਕੇ ਪਾਰੀ ਨੂੰ ਅੱਗੇ ਵਧਾਇਆ। ਡਲੀਡੇ ਨੇ ਮਹਿਜ਼ 48 ਗੇਂਦਾਂ ਵਿੱਚ 5 ਚੌਕਿਆਂ ਅਤੇ 4 ਛੱਕਿਆਂ ਦੀ ਮਦਦ ਨਾਲ ਨਾਬਾਦ 72 ਦੌੜਾਂ ਬਣਾਈਆਂ। ਨੀਦਰਲੈਂਡ ਨੇ 18ਵੇਂ ਓਵਰ ਵਿੱਚ ਹੀ 3 ਵਿਕਟਾਂ ਗੁਆ ਕੇ 159 ਦੌੜਾਂ ਬਣਾ ਕੇ ਜਿੱਤ ਹਾਸਲ ਕਰ ਲਈ। ਕਪਤਾਨ ਸਕੌਟ ਐਡਵਰਡਸ 18 ਦੌੜਾਂ ਬਣਾ ਕੇ ਨਾਬਾਦ ਰਹੇ।



# ਭਾਰਤ-ਪਾਕਿਸਤਾਨ ਟੀ-20: ਮੁੰਬਈ-ਕੋਲੰਬੋ ਉਡਾਣ ਦਾ ਰਾਊਂਡ-ਟ੍ਰਿਪ ਕਿਰਾਇਆ 60,000 ਰੁਪਏ ਤੱਕ ਪਹੁੰਚਿਆ

ਮੁੰਬਈ , 10 ਫਰਵਰੀ (ਚ.ਨ.ਸ.) : ਕੋਲੰਬੋ ਵਿੱਚ 15 ਫਰਵਰੀ ਨੂੰ ਭਾਰਤ-ਪਾਕਿਸਤਾਨ ਟੀ-20 ਵਿਸ਼ਵ ਕੱਪ ਮੁਕਾਬਲਾ ਹੋਵੇਗਾ। ਇਸ ਮੁਕਾਬਲੇ ਨੇ ਕ੍ਰਿਕਟ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਵੱਲੋਂ ਮੈਚ ਦੇ ਬਾਈਕਾਟ ਦਾ ਫੈਸਲਾ ਵਾਪਸ ਲੈਣ ਦੇ ਮਹਿਜ਼ ਕੁਝ ਮਿੰਟਾਂ ਦੇ ਅੰਦਰ ਹੀ ਹਵਾਈ ਕਿਰਾਇਆਂ ਵਿੱਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲਿਆ ਹੈ। ਮੁੰਬਈ ਤੋਂ ਕੋਲੰਬੋ ਦੀ ਆਉਣ-ਜਾਣ ਵਾਲੀ ਉਡਾਣ ਦਾ ਕਿਰਾਇਆ 10,000 ਰੁਪਏ ਤੱਕ ਵਧ ਗਿਆ ਹੈ ਅਤੇ ਹੁਣ ਪ੍ਰਤੀ ਵਿਅਕਤੀ ਰਾਊਂਡ ਟ੍ਰਿਪ ਦਾ ਖ਼ਰਚਾ ਲਗਪਗ 60,000 ਰੁਪਏ ਤੱਕ ਪਹੁੰਚ ਗਿਆ ਹੈ।ਕ੍ਰਿਕਟ ਪ੍ਰਸ਼ੰਸਕ ਇਸ ਹਾਈ-ਪ੍ਰੋਫਾਈਲ ਮੈਚ ਨੂੰ ਦੇਖਣ ਲਈ ਟਿਕਟਾਂ ਅਤੇ ਫਲਾਈਟਾਂ ਬੁੱਕ ਕਰਨ ਲਈ ਕਾਹਲੀ ਦਿਖਾ ਰਹੇ ਹਨ, ਜਿਸ ਕਾਰਨ ਮੰਗ ਵਧ ਗਈ ਹੈ। ਹਵਾਈ ਉਡਾਨਾਂ ਦੇ ਕਿਰਾਏ ਵਿਚ ਵਾਧਾ ਉਦੋਂ ਸ਼ੁਰੂ ਹੋਇਆ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਟੀਮ 15 ਫਰਵਰੀ ਨੂੰ ਭਾਰਤ ਖ਼ਿਲਾਫ਼ ਮੈਦਾਨ ਵਿੱਚ ਉਤਰੇਗੀ। ਪਾਕਿਸਤਾਨ ਨੇ ਇਹ ਫੈਸਲਾ ਬੰਗਲਾਦੇਸ਼, ਸ੍ਰੀਲੰਕਾ ਅਤੇ ਯੂਏਈ ਵਰਗੇ ਮਿੱਤਰ ਦੇਸ਼ਾਂ ਦੀ ਅਪੀਲ ਅਤੇ ਆਈਸੀਸੀ (933) ਨਾਲ ਹੋਈ ਗੱਲਬਾਤ ਤੋਂ ਬਾਅਦ ਲਿਆ ਹੈ।

# ਲੁਧਿਆਣਾ ਵਿੱਚ ਮਾਂ ਬਗਲਾਮੁਖੀ ਧਾਮ ਸਨਾਤਨ ਧਰਮ ਦੇ ਇੱਕ ਮਹਾਨ ਤੀਰਥ ਸਥਾਨ ਵਜੋਂ ਪ੍ਰਸਿੱਧ ਹੋ ਰਿਹੈ

## ਵਿਕੀਪੀਡੀਆ, ਜੋ ਕਿ ਦੁਨੀਆਂ ਦੇ ਇਤਿਹਾਸ ਨੂੰ ਸੰਭਾਲਦਾ ਹੈ, ਨੇ ਆਪਣੇ ਪਲੇਟਫਾਰਮ 'ਤੇ ਮਾਂ ਬਗਲਾਮੁਖੀ ਧਾਮ ਦੀ ਮਹਿਮਾ ਦਾ ਵਰਣਨ ਵੀ ਕੀਤਾ ਹੈ

ਲੁਧਿਆਣਾ, 10 ਫਰਵਰੀ (ਕਰਨੈਲ ਸਿੰਘ ਐੱਮ.ਏ.) : ਮਾਂ ਬਗਲਾਮੁਖੀ ਸਨਾਤਨ ਧਰਮ ਦੀਆਂ ਦਸ ਵਿਦਿਆਵਾਂ ਵਿੱਚੋਂ ਅੱਠਵੀਂ ਮਹਾਂਵਿਦਿਆ ਹੈ। ਸਨਾਤਨ ਧਰਮ ਵਿੱਚ, ਮਾਂ ਬਗਲਾਮੁਖੀ ਨੂੰ ਪੀਤਾਂਬਰ ਅਤੇ ਦੇਵੀ ਪਾਰਵਤੀ ਦੇਵੀ ਦਾ ਭਿਆਨਕ ਰੂਪ ਵੀ ਮੰਨਿਆ ਜਾਂਦਾ ਹੈ। ਲੁਧਿਆਣਾ ਦੀ ਪਵਿੱਤਰ ਧਰਤੀ 'ਤੇ ਦੇਵੀ ਮਾਂ ਬਗਲਾਮੁਖੀ ਦਾ ਪ੍ਰਗਟ ਹੋਣਾ ਉਨ੍ਹਾਂ ਸਾਰੇ ਸ਼ਰਧਾਲੂਆਂ ਦੇ ਪਿਆਰ, ਸ਼ਰਧਾ ਅਤੇ ਤਪੱਸਿਆ ਦਾ ਨਤੀਜਾ ਹੈ ਜਿਨ੍ਹਾਂ ਦੀ ਮਾਂ ਵਿੱਚ ਅਥਾਹ ਅਤੇ ਅਟੁੱਟ ਵਿਸ਼ਵਾਸ ਹੈ। ਭਾਰਤ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਸ਼ਰਧਾਲੂ ਮਾਂ ਬਗਲਾਮੁਖੀ ਨੂੰ ਆਪਣੀ ਸ਼ਰਧਾ ਭੇਟ ਕਰਨ ਲਈ ਲੁਧਿਆਣਾ ਦੀ ਪਵਿੱਤਰ ਧਰਤੀ 'ਤੇ ਆਉਂਦੇ ਹਨ। ਮਾਂ ਬਗਲਾਮੁਖੀ ਧਾਮ ਦੀ ਮਹਿਮਾ ਨੂੰ ਮਾਨਤਾ ਦਿੰਦੇ ਹੋਏ, ਵਿਕੀਪੀਡੀਆ, ਜੋ ਕਿ ਆਪਣੇ ਪਲੇਟਫਾਰਮ 'ਤੇ ਦੁਨੀਆ ਭਰ ਦੇ ਇਤਿਹਾਸਕ ਸਥਾਨਾਂ ਨੂੰ ਸੁਰੱਖਿਅਤ ਰੱਖਦਾ ਹੈ, ਨੇ ਮਾਂ ਬਗਲਾਮੁਖੀ ਧਾਮ ਦੀ ਮਹਿਮਾ ਨੂੰ ਸਨਾਤਨ ਧਰਮ ਦੇ ਇੱਕ ਮਹਾਨ ਤੀਰਥ ਸਥਾਨ ਵਜੋਂ ਵੀ ਦਰਸਾਇਆ ਹੈ ਅਤੇ ਇਸਨੂੰ ਦੁਨੀਆ ਭਰ ਦੇ ਲੋਕਾਂ ਲਈ ਪਹੁੰਚਯੋਗ ਬਣਾਇਆ ਹੈ। ਮਾਂ ਬਗਲਾਮੁਖੀ ਦੇ ਲੁਧਿਆਣਾ ਵਿੱਚ ਪ੍ਰਗਟ ਹੋਣ ਦੇ ਇਤਿਹਾਸ ਨੂੰ ਯਾਦ ਕਰਦੇ ਹੋਏ, ਜਗਤ-ਜਨਨੀ ਦੇ ਪਿਆਰੇ ਭਗਤਾਂ ਵਿੱਚੋਂ ਛੱਤਵਾਲ-ਚੌਧਰੀ ਪਰਿਵਾਰਾਂ ਨੇ 2014 ਵਿੱਚ ਪੱਖੋਵਾਲ ਰੋਡ 'ਤੇ ਸਿੰਗਲਾ ਐਨਕਲੇਵ ਦੀ ਪਵਿੱਤਰ ਧਰਤੀ 'ਤੇ 72 ਘੰਟੇ ਨਿਰੰਤਰ ਮਹਾਂਯੱਗ ਕੀਤਾ ਅਤੇ ਮਾਂ ਬਗਲਾਮੁਖੀ ਨੂੰ ਯੱਗ ਸਥਾਨ @ਤੇ ਰਹਿਣ ਲਈ ਬੇਨਤੀ ਕੀਤੀ। ਯੱਗ ਦੀਆਂ ਭੇਟਾਂ ਨਾਲ, ਮਾਂ ਬਗਲਾਮੁਖੀ ਨੇ ਪਵਿੱਤਰ ਧਰਤੀ 'ਤੇ ਬੈਠ ਕੇ ਸ਼ਰਧਾਲੂਆਂ ਨੂੰ ਅਸ਼ੀਰਵਾਦ ਦਿੱਤਾ। ਜਗਤ-ਜਨਨੀ ਦੀ ਕਿਰਪਾ ਨਾਲ, ਮਾਂ ਬਗਲਾਮੁਖੀ ਧਾਮ ਦੀ ਨੀਂਹ ਰੱਖੀ ਗਈ। ਹਵਨ ਯੱਗ 2014 ਵਿੱਚ ਸ਼ੁਰੂ ਹੋਇਆ ਸੀ, ਅਤੇ ਇਸ ਤੋਂ ਬਾਅਦ 2015 ਵਿੱਚ 108 ਘੰਟੇ, 2016 ਵਿੱਚ 156 ਘੰਟੇ, 2017 ਵਿੱਚ 181 ਘੰਟੇ, 2018 ਵਿੱਚ 192 ਘੰਟੇ, 2019 ਵਿੱਚ 201 ਘੰਟੇ, 2020 ਵਿੱਚ 205 ਘੰਟੇ, 2023 ਵਿੱਚ 207 ਘੰਟੇ, 2024 ਵਿੱਚ 216 ਘੰਟੇ ਅਤੇ 2025 ਵਿੱਚ 225 ਘੰਟੇ ਦਾ ਵਿਸ਼ਾਲ ਮਹਾਂ ਯੱਗ ਹੋਇਆ। ਪਿਛਲੇ 12 ਸਾਲਾਂ ਤੋਂ ਚੱਲ ਰਹੀ ਨਿਰੰਤਰ ਅਖੰਡ ਯੱਗ ਦੀ ਪਰੰਪਰਾ ਨੂੰ 2026 ਵਿੱਚ ਵਧਾਇਆ ਜਾ ਰਿਹਾ ਹੈ, ਜਿਸ ਵਿੱਚ 11 ਫਰਵਰੀ ਤੋਂ 21 ਫਰਵਰੀ, 2026 ਤੱਕ 243 ਘੰਟੇ ਦਾ ਯੱਗ ਆਯੋਜਿਤ ਕੀਤਾ ਜਾ ਰਿਹਾ ਹੈ। ਲੁਧਿਆਣਾ ਦੇ ਪਵਿੱਤਰ ਮਾਂ ਬਗਲਾਮੁਖੀ ਧਾਮ ਵਿਖੇ ਹੋਣ ਵਾਲਾ ਇਹ ਯੱਗ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਨ, ਸਾਰੇ ਜੀਵਾਂ ਦੀ ਰੱਖਿਆ ਕਰਨ ਅਤੇ ਵਾਤਾਵਰਣ ਸ਼ੁੱਧਤਾ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਹੈ। ਧਾਮ ਵਿਖੇ ਮੱਥਾ ਟੇਕਣ ਵਾਲੇ ਸ਼ਰਧਾਲੂਆਂ ਦਾ ਮੰਨਣਾ ਹੈ ਕਿ ਇਸ ਪਵਿੱਤਰ ਧਰਤੀ 'ਤੇ ਬੈਠੀ ਮਾਂ ਬਗਲਾਮੁਖੀ ਦੇ ਦਰਸ਼ਨ ਕਰਨ ਨਾਲ ਹੀ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ, ਜੋ ਕਿ ਵਿਸ਼ਵਾਸ ਦਾ ਪ੍ਰਤੀਕ ਹੈ। ਸੰਸਾਰਿਕ ਦੁੱਖ ਦੂਰ ਹੋ ਜਾਂਦੇ ਹਨ ਅਤੇ ਘਰ ਵਿੱਚ ਖੁਸ਼ਹਾਲੀ ਆਉਂਦੀ ਹੈ। ਮਾਂ ਬਗਲਾਮੁਖੀ ਧਾਮ ਪਰਿਸਰ ਵਿੱਚ ਹਰ ਵੀਰਵਾਰ ਸ਼ਾਮ ਨੂੰ ਭੇਟਾਂ ਚੜ੍ਹਾਈਆਂ ਜਾਂਦੀਆਂ ਹਨ। ਯੱਗ ਦੀ ਸੁਆਹ ਲਗਾਉਣ ਨਾਲ ਸਰੀਰਕ ਦੁੱਖ ਦੂਰ ਹੁੰਦੇ ਹਨ।



**ਮਨੁੱਖਤਾ ਦੀ ਸੇਵਾ ਲਈ ਤਿੰਨ ਸਾਲਾਂ ਵਿੱਚ 4700 ਯੂਨਿਟ ਖੂਨ ਦਾਨ ਕੀਤਾ ਗਿਆ:** ਮਾਂ ਬਗਲਾਮੁਖੀ ਧਾਮ ਵਿਖੇ, ਜਿੱਥੇ ਅਧਿਆਤਮਿਕਤਾ ਅਤੇ ਮਾਂ ਬਗਲਾਮੁਖੀ ਦਾ ਨਾਮ ਸੰਸਾਰਿਕ ਦੁੱਖਾਂ ਨੂੰ ਦੂਰ ਕਰਦਾ ਹੈ, ਮਹੰਤ ਪ੍ਰਵੀਨ ਚੌਧਰੀ ਦੁਆਰਾ ਪ੍ਰੇਰਿਤ ਖੂਨਦਾਨ, ਅੰਗਦਾਨ, ਅੱਖਾਂ ਦਾਨ ਅਤੇ ਸਰੀਰ ਦਾਨ ਕੈਂਪ ਸਮੇਂ-ਸਮੇਂ 'ਤੇ ਆਯੋਜਿਤ ਕੀਤੇ ਜਾਂਦੇ ਹਨ। 2023 ਕੈਂਪ ਵਿੱਚ 800 ਯੂਨਿਟ, 2024 ਵਿੱਚ 1500 ਯੂਨਿਟ ਅਤੇ 2025 ਵਿੱਚ 2400 ਯੂਨਿਟ ਖੂਨ ਇਕੱਠਾ ਕੀਤਾ ਗਿਆ ਸੀ, ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਕੀਤਾ ਗਿਆ ਸੀ। ਮਨੁੱਖਤਾ ਦੀ ਸੇਵਾ ਦੀ ਇਹ ਭਾਵਨਾ ਸਮੇਂ ਦੇ ਨਾਲ ਮਜ਼ਬੂਤ ਹੁੰਦੀ ਜਾ ਰਹੀ ਹੈ।

ਸੰਸਕ੍ਰਿਤ ਸਕੂਲ ਖੋਲ੍ਹ ਕੇ ਵੇਦਾਂ ਅਤੇ ਧਾਰਮਿਕ ਗ੍ਰੰਥਾਂ ਦਾ ਗਿਆਨ ਦਿੱਤਾ ਜਾਵੇਗਾ।

ਪੱਛਮੀ ਸੱਭਿਅਤਾ ਦੇ ਪ੍ਰਭਾਵ ਤੋਂ ਦੂਰ ਰਹਿ ਕੇ ਨੌਜਵਾਨ ਪੀੜ੍ਹੀ ਨੂੰ ਧਾਰਮਿਕ ਵਿਰਾਸਤ ਨਾਲ ਜੋੜਨ ਲਈ ਸੰਸਕ੍ਰਿਤ ਸਕੂਲ ਸਥਾਪਿਤ ਕਰਨ ਦੀ ਯੋਜਨਾ ਆਪਣੇ ਅੰਤਿਮ ਪੜਾਅ 'ਤੇ ਹੈ। ਵੇਦਾਂ ਅਤੇ ਧਾਰਮਿਕ ਗ੍ਰੰਥਾਂ ਦੇ ਜਾਣਕਾਰ ਵਿਦਵਾਨ ਅਤੇ ਅਧਿਆਪਕ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਬਾਰੇ ਧਾਰਮਿਕ ਗਿਆਨ ਦੇਣਗੇ।

ਮਹਿੰਗੇ ਡਾਕਟਰੀ ਇਲਾਜ ਨੂੰ ਘਟਾਉਣ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਹਸਪਤਾਲ ਬਣਾਇਆ ਜਾਵੇਗਾ।

ਬਗਲਾਮੁਖੀ ਧਾਮ ਵਿਖੇ, ਜਿੱਥੇ ਯੱਗ ਰਾਹੀਂ ਸ਼ਰਧਾਲੂਆਂ ਦੇ ਦੁੱਖ ਦੂਰ ਕੀਤੇ ਜਾਂਦੇ ਹਨ, ਪ੍ਰਬੰਧਨ ਨੇ ਲੋਕਾਂ ਨੂੰ ਮਹਿੰਗੇ ਡਾਕਟਰੀ ਇਲਾਜ ਤੋਂ ਬਚਾਉਣ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਹਸਪਤਾਲ ਬਣਾਉਣ ਦੀ ਯੋਜਨਾ ਤਿਆਰ ਕੀਤੀ ਹੈ। ਵੱਖ-ਵੱਖ ਖੇਤਰਾਂ ਦੇ ਮਾਹਰ ਡਾਕਟਰ ਓਪੀਡੀ ਵਿੱਚ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨਗੇ। ਇਸ ਤੋਂ ਇਲਾਵਾ, ਛੋਟ ਵਾਲੀਆਂ ਦਰਾਂ 'ਤੇ ਕਈ ਟੈਸਟ ਦਿੱਤੇ ਜਾਣਗੇ। ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦਾ ਮੁਫ਼ਤ ਇਲਾਜ ਹੋਵੇਗਾ।

ਮਹੰਤ ਪ੍ਰਵੀਨ ਚੌਧਰੀ ਅਤੇ ਮਨਪ੍ਰੀਤ ਸਿੰਘ ਛੱਤਵਾਲ ਨੂੰ ਬਗਲਾਮੁਖੀ ਧਾਮ ਦੀ ਸਥਾਪਨਾ ਨਾਲ ਸਨਮਾਨਿਤ ਕੀਤਾ ਗਿਆ। ਮਾਂ ਬਗਲਾਮੁਖੀ ਧਾਮ ਟਰੱਸਟ ਦੀ ਸਥਾਪਨਾ 2014 ਵਿੱਚ ਮਹੰਤ ਪ੍ਰਵੀਨ ਚੌਧਰੀ ਅਤੇ ਸੇਵਾਮੁਕਤ ਆਈਏਐਸ ਅਧਿਕਾਰੀ ਮਨਪ੍ਰੀਤ ਸਿੰਘ ਛੱਤਵਾਲ ਦੁਆਰਾ 72 ਘੰਟੇ ਦੇ ਇੱਕ ਵਿਸ਼ਾਲ ਯੱਗ ਰਾਹੀਂ ਕੀਤੀ ਗਈ ਸੀ। ਇਹ ਟਰੱਸਟ ਨਾ ਸਿਰਫ਼ ਧਾਰਮਿਕ ਆਸਥਾ ਦੇ ਕੇਂਦਰ ਵਜੋਂ ਉੱਭਰਿਆ ਹੈ, ਸਗੋਂ ਸੇਵਾ, ਦਇਆ ਅਤੇ ਮਾਨਵਤਾਵਾਦੀ ਭਾਵਨਾਵਾਂ ਲਈ ਇੱਕ ਮਜ਼ਬੂਤ ਪਲੇਟਫਾਰਮ ਵਜੋਂ ਵੀ ਉੱਭਰਿਆ ਹੈ। ਬਗਲਾਮੁਖੀ ਧਾਮ ਵਿੱਚ ਦਾਖਲ ਹੋਣ 'ਤੇ, ਧਰਮ ਦੀਆਂ ਸੀਮਾਵਾਂ ਸੇਵਾ ਦੀ ਇੱਕ ਵੱਡੀ ਭਾਵਨਾ ਵਿੱਚ ਅਭੇਦ ਹੋ ਜਾਂਦੀਆਂ ਹਨ। ਮਨੁੱਖਤਾ ਨੂੰ ਸਭ ਤੋਂ ਉੱਚਾ ਮੁੱਲ ਮੰਨਿਆ ਜਾਂਦਾ ਹੈ। ਇਹ ਧਾਮ ਨਾ ਸਿਰਫ਼ ਅਧਿਆਤਮਿਕ ਚੇਤਨਾ ਨੂੰ ਜਗਾਉਂਦਾ ਹੈ ਬਲਕਿ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## ਜਨਮ ਦਿਨ ਮੁਬਾਰਕ



ਅਵਿਤਾਜ ਸਿੰਘ



# ਮਾਝਾ-ਦੁਆਬਾ
ਆਸ ਪਾਸ

## ਰਾਮਪੁਰ ਖੇੜਾ ਸਾਹਿਬ ਵਿਖੇ ਹੋਈ ਵਿਸ਼ਾਲ ਮੀਟਿੰਗ

ਗੜਦੀਵਾਲਾ 10 ਫਰਵਰੀ (ਗੌਰਵ)ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਦੀ ਇਕੱਤਰਤਾ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਚਾਰੋ ਸਰਪ੍ਰਸਤਾ ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਸੰਤ ਬਾਬਾ ਸਰਬਜੋਤ ਸਿੰਘ ਬੇਦੀ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਅਤੇ ਰਵੀ ਇੰਦਰ ਸਿੰਘ ਦੀ ਸਰਪ੍ਰਸਤੀ ਹੇਠ ਹੋਈ।

ਮੀਟਿੰਗ ਵਿੱਚ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਹਾਜ਼ਰ ਰਹੀ। ਪਾਰਟੀ ਦੀਆਂ ਗਤੀਵਿਧੀਆ ਨੂੰ ਅੱਗੇ ਤੋਰਨ, ਪੰਜਾਬ ਅਤੇ ਪੰਥ ਨੂੰ ਦਰਪੇਸ਼ ਚੁਣੌਤੀਆ ਅਤੇ ਹੋਲੇ ਮਹੱਲੇ ਮੌਕੇ ਵਿਸ਼ਾਲ ਪੰਥਕ ਕਾਨਫਰੰਸ ਕਰਵਾਉਣ ਸਬੰਧੀ ਵਿਚਾਰ-ਵਟਾਦਰਾ ਕੀਤਾ ਗਿਆ। ਸਰਬਸੰਮਤੀ ਨਾਲ ਪਾਸ ਕੀਤੇ ਗਏ ਪਹਿਲੇ ਮਤੇ ਵਿੱਚ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕਿਸੇ ਵੀ ਸਥਿਤੀ ਵਿੱਚ ਸਮਝੌਤਾ ਨਹੀ ਕੀਤਾ ਜਾਵੇਗਾ। ਆਗੂਆ ਨੇ ਕਿਹਾ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋ ਜਾਰੀ ਹੁਕਮਨਾਮੇ ਦੀ ਪਾਲਣਾ ਕਰਨਾ ਲਾਜ਼ਮੀ ਹੈ ਅਤੇ ਜਦ ਤੱਕ ਸੁਖਬੀਰ ਬਾਦਲ ਤਿਆਗ ਦੀ ਭਾਵਨਾ ਨਹੀ ਦਿਖਾਉਂਦੇ, ਕੋਈ ਸਮਝੌਤਾ ਸੰਭਵ ਨਹੀਂ।

ਦੂਜੇ ਮਤੇ ਅਨੁਸਾਰ ਮਾਰਚ ਮਹੀਨੇ ਵਿੱਚ ਹੋਲੇ ਮਹੱਲੇ ਦੇ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਥਕ ਕਾਨਫਰੰਸ ਕੀਤੀ ਜਾਵੇਗੀ, ਜਿਸ ਵਿੱਚ ਅਕਾਲੀ ਦਲ ਦਾ ਵਿਧੀ-ਵਿਧਾਨ ਪੱਤਰ ਜਾਰੀ ਕੀਤਾ ਜਾਵੇਗਾ ਅਤੇ ਭਵਿੱਖ ਦੇ ਵੱਡੇ ਪ੍ਰੋਗਰਾਮਾ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ। ਤੀਜੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਵਿਸ਼ਾਲ ਅਕਾਲੀ ਕਾਨਫਰੰਸ ਮਤੇ ਵਿੱਚ ਸ਼੍ਰੋਮਣੀ ਕਮੇਟੀ ਦੀਆ ਜਰਨਲ ਚੋਣਾਂ ਕਰਵਾਉਣ ਲਈ ਸਰਕਾਰਾ ਵਿਰੁੱਧ ਸੰਘਰਸ਼ ਸ਼ੁਰੂ ਕਰਨ ਅਤੇ ਐਸਜੀਪੀਸੀ ਵਿੱਚ ਹੋ ਰਹੇ ਕਥਿਤ ਘਪਲਿਆ ਖ਼ਿਲਾਫ਼ ਸਰਗਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੋ. ਪ੍ਰੇਮ ਸਿੰਘ ਚੰਦੂ ਮਾਜਰਾ, ਸੁੱਚਾ ਸਿੰਘ ਛੋਟੇਪੁਰ, ਸੁਰਜੀਤ ਸਿੰਘ ਰੱਖੜਾ, ਗੋਬਿੰਦ ਸਿੰਘ ਲੌਂਗੋਵਾਲ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਦੇਪੁਰੀ, ਇਕਬਾਲ ਸਿੰਘ ਝੂੰਦਾ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਸਰਵਨ ਸਿੰਘ ਫਿਲੌਰ, ਅਜੇ ਪਾਲ ਸਿੰਘ ਬਰਾੜ, ਰਣਜੀਤ ਸਿੰਘ ਸੱਜਲ, ਜਸਟਿਸ ਨਿਰਮਲ ਸਿੰਘ, ਹਰਜੀਤ ਕੌਰ ਤਲਵੰਡੀ, ਜਸਵੀਰ ਸਿੰਘ ਘੁੰਮਣ, ਰਘਵੀਰ ਸਿੰਘ ਰਾਜਾਸਾਂਸੀ, ਕਰਨੈਲ ਪੀਰ ਮੁਹੰਮਦ, ਮਨਜੀਤ ਆਦਿ ਸਨ।

## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਫੈਬਰਿਕ ਪੇਂਟਿੰਗ ਵਰਕਸ਼ਾਪ ਦਾ ਆਯੋਜਨ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਹੁਨਰ ਸਿੱਖਣ 'ਤੇ ਦਿੱਤਾ ਜ਼ੋਰ

ਅੰਮ੍ਰਿਤਸਰ, 10 ਫਰਵਰੀ (ਬਬਲੂ ਮਹਾਜਨ): ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਅੱਜ ਇੱਕ ਰੋਜ਼ਾ 'ਫੈਬਰਿਕ ਪੇਂਟਿੰਗ ਵਰਕਸ਼ਾਪ' ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਪ੍ਰੋ. ਮਨਪ੍ਰੀਤ ਕੌਰ ਦੀ ਯੋਗ ਅਗਵਾਈ ਵਿੱਚ ਲਗਾਈ ਗਈ।ਵਰਕਸ਼ਾਪ ਦੌਰਾਨ ਫੈਵੀਕਰਿਲ ਕੰਪਨੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਡਮ ਕਰੁਨਾ ਨੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਉਨ੍ਹਾਂ ਨੂੰ ਫੈਬਰਿਕ ਪੇਂਟਿੰਗ ਦੀਆਂ ਵੱਖ-ਵੱਖ ਆਧੁਨਿਕ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕੱਪੜਿਆਂ ਉੱਤੇ ਰੰਗਾਂ ਦੀ ਵਰਤੋਂ ਅਤੇ ਡਿਜ਼ਾਈਨ ਤਿਆਰ ਕਰਨ ਦੇ ਪ੍ਰੈਕਟੀਕਲ ਨੁਕਤੇ ਸਾਂਝੇ ਕੀਤੇ। ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਅਤੇ ਦਿਲਚਸਪੀ ਨਾਲ ਇਨ੍ਹਾਂ ਤਕਨੀਕਾਂ ਨੂੰ ਸਿੱਖਿਆ ਅਤੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੇ ਰੁਝਾਨ ਨੂੰ ਦੇਖਦੇ ਹੋਏ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਮੁਕਾਬਲੇਬਾਜ਼ੀ ਵਾਲੇ ਯੁੱਗ ਵਿੱਚ ਹਰ ਵਿਦਿਆਰਥੀ ਨੂੰ ਕੋਈ ਨਾ ਕੋਈ ਹੁਨਰ (Skill) ਜ਼ਰੂਰ ਸਿੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹੁਨਰ ਸਿੱਖ ਕੇ ਵਿਦਿਆਰਥੀ ਆਪਣੇ ਘਰ ਬੈਠੇ ਹੀ ਸਵੈ-ਰੁਜ਼ਗਾਰ ਦੇ ਸਾਧਨ ਪੈਦਾ ਕਰ ਸਕਦੇ ਹਨ ਅਤੇ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣ ਸਕਦੇ ਹਨ।

## ਜੀ.ਐਨ.ਡੀ.ਯੂ 'ਚ ਸਸਟੇਨੇਬਲ ਅਪ੍ਰੋਚਿਜ਼ ਇਨ ਮਾਈਕ੍ਰੋਬਾਇਲ ਐਂਡ ਨੈਚੁਰਲ ਪ੍ਰੋਡਕਟ-ਬੇਸਡ ਥੈਰੇਪਿਊਟਿਕਸ ਵਿਸ਼ੇ 'ਤੇ ਕਾਨਫਰੰਸ

ਅੰਮ੍ਰਿਤਸਰ, 10 ਫਰਵਰੀ - (ਗੁਰਦਿਆਲ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਈਕ੍ਰੋਬਾਇਓਲੋਜੀ ਵਿਭਾਗ ਨੇ ਤਿੰਨ ਦਿਨਾ ਅੰਤਰਰਾਸ਼ਟਰੀ ਕਾਨਫਰੰਸ ਸਸਟੇਨੇਬਲ ਅਪ੍ਰੋਚਿਜ਼ ਇਨ ਮਾਈਕ੍ਰੋਬਾਇਲ ਐਂਡ ਨੈਚੁਰਲ ਪ੍ਰੋਡਕਟ-ਬੇਸਡ ਥੈਰੇਪਿਊਟਿਕਸ ਸਫਲਤਾਪੂਰਵਕ ਆਯੋਜਿਤ ਕੀਤੀ। ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ (ਰੂਸਾ) 2.0 ਦੀ ਵਿਸ਼ੇਸ਼ ਸਹਾਇਤਾ ਕਰਵਾਈ ਗਈ ਇਸ ਕਾਨਫਰੰਸ ਦਾ ਮੁੱਖ ਉਦੇਸ਼ ਕੁਦਰਤੀ ਤੇ ਮਾਈਕ੍ਰੋਬਾਇਲ ਆਧਾਰਿਤ ਨਵੇਂ ਇਲਾਜਾਂ 'ਤੇ ਚਾਨਣਾ ਪਾਉਣਾ ਸੀ। ਇਸ ਮੌਕੇ ਭਾਰਤ ਤੇ ਵਿਦੇਸ਼ਾਂ ਤੋਂ ਮਸ਼ਹੂਰ ਵਿਗਿਆਨੀ, ਡਾਕਟਰ, ਪ੍ਰੋਫੈਸਰ ਤੇ ਖੋਜ ਵਿਦਿਆਰਥੀ ਇਕੱਠੇ ਹੋਏ। ਚਰਚਾਵਾਂ ਵਿਚ ਪ੍ਰੋਬਾਇਓਟਿਕਸ, ਬੈਕਟੀਰੀਓਫੇਜ ਥੈਰੇਪੀ, ਫੀਕਲ ਮਾਈਕ੍ਰੋਬਾਇਓਟਾ ਟ੍ਰਾਂਸਪਲਾਂਟੇਸ਼ਨ, ਐਂਟੀਮਾਈਕ੍ਰੋਬਾਇਲ ਪੈਪਟਾਈਡਸ, ਗੁਟ ਮਾਈਕ੍ਰੋਬਾਇਓਮ ਨੂੰ ਸੰਤੁਲਿਤ ਕਰਨ ਤੇ ਕੁਦਰਤੀ ਉਤਪਾਦਾਂ ਤੋਂ ਨਵੀਆਂ ਦਵਾਈਆਂ ਬਣਾਉਣ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਡੂੰਘਾਈ ਨਾਲ ਗੱਲਬਾਤ ਹੋਈ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਅਕੈਡਮਿਕ ਮਾਮਲਿਆਂ ਦੇ ਡੀਨ ਪ੍ਰੋ. ਹਰਵਿੰਦਰ ਸਿੰਘ ਸੈਣੀ ਨੇ ਕੀਤੀ। ਉਨ੍ਹਾਂ ਨੇ ਆਯੋਜਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਵਿਚ ਨਵਾਂ ਉਤਸ਼ਾਹ ਭਰਦੇ ਹਨ ਤੇ ਗਿਆਨ ਦੀ ਵੰਡ ਨੂੰ ਤੇਜ਼ ਕਰਦੇ ਹਨ। ਵਿਭਾਗ ਮੁਖੀ ਤੇ ਕਾਨਫਰੰਸ ਕੋਆਰਡੀਨੇਟਰ ਡਾ. ਸੁਖਰਾਜ ਕੌਰ ਨੇ ਸਵਾਗਤ ਸੰਬੋਧਨ ਵਿਚ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਦੀ ਸ਼ੁਕਰਾਨਾ ਅਦਾ ਕੀਤਾ। ਰੂਸਾ ਦੀ ਫੰਡਿੰਗ ਕਾਰਨ ਸਾਰੇ ਵਿਦਿਆਰਥੀਆਂ ਲਈ ਮੁਫਤ ਰਜਿਸਟ੍ਰੇਸ਼ਨ ਸੀ, ਜਿਸ ਨਾਲ ਵੱਧ ਤੋਂ ਵੱਧ ਨੌਜਵਾਨ ਖੋਜੀ ਸ਼ਾਮਲ ਹੋ ਸਕੇ। ਮੁਖ ਸਪੀਕਰਾਂ ਵਿਚ ਪ੍ਰੋ. ਅਰਜਨ ਨਰਬਦ (ਕੁਆਡਰਮ ਇੰਸਟੀਚਿਊਟ, ਯੂਕੇ), ਪ੍ਰੋ. ਪਿਨਾਕੀ ਪਨੀਗ੍ਰਾਹੀ (ਜਾਰਜਟਾਊਨ ਯੂਨੀਵਰਸਿਟੀ, ਅਮਰੀਕਾ), ਪ੍ਰੋ. ਰਮਾ ਚੌਧਰੀ (ਸਾਬਕਾ ਹੈੱਡ, ਏਮਜ਼, ਦਿੱਲੀ), ਡਾ. ਰੁਪੇਸ਼ ਸ੍ਰੀਵਾਸਤਵ (ਏਮਜ਼), ਡਾ. ਅਸਿਫ ਅਲੀ (ਸੀਡੀਆਰਆਈ, ਲਖਨਊ) ਤੇ ਹੋਰ ਮਾਹਿਰ ਸ਼ਾਮਲ ਸਨ। ਦੂਜੇ ਦਿਨ ਡਾ. ਰੁਪੇਸ਼ ਸ੍ਰੀਵਾਸਤਵ ਨੇ ÷ਗੁਟ-ਇਮਿਊਨ-ਬੋਨ ਐਕਸਿਸ÷ ਨੂੰ ਨਿਸ਼ਾਨਾ ਬਣਾ ਕੇ ਆਸਟੀਓਪੋਰੋਸਿਸ ਵਿਚ ਹੱਡੀਆਂ ਦੇ ਨੁਕਸਾਨ ਨੂੰ ਰੋਕਣ ਦੀ ਨਵੀਂ ਰਣਨੀਤੀ ਸਾਂਝੀ ਕੀਤੀ ਤੇ 'ਇਮਿਊਨੋਪੋਰੋਸਿਸ' ਸ਼ਬਦ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਪ੍ਰੋਬਾਇਓਟਿਕ ਬੈਕਟੀਰੀਆ ਨੇ ਚੂਹਿਆਂ ਵਿਚ ਆਸਟੀਓਪੋਰੋਸਿਸ ਨੂੰ ਘੱਟ ਕੀਤਾ।



ਪ੍ਰੋ. ਪਿਨਾਕੀ ਪਨੀਗ੍ਰਾਹੀ ਨੇ 25 ਸਾਲਾਂ ਦੀ ਖੋਜ ਦੀ ਯਾਤਰਾ ਸਾਂਝੀ ਕਰਦਿਆਂ ਨਵਜੰਮੇ ਬੱਚਿਆਂ ਵਿਚ ਨਿਊਨੇਟਲ ਸੈਪਸਿਸ ਤੇ ਨੈਕਰੋਟਾਈਜ਼ਿੰਗ ਐਂਟਰੋਕੋਲਾਈਟਿਸ ਲਈ ਪ੍ਰੋਬਾਇਓਟਿਕ ਦੀ ਫੇਜ਼-3 ਕਲੀਨੀਕਲ ਟ੍ਰਾਇਲ ਸਫਲਤਾ ਬਾਰੇ ਦੱਸਿਆ। ਉਨ੍ਹਾਂ ਨੇ ਆਯੁਰਵੇਦ ਤੇ ਯੋਗ ਨੂੰ ਮੁੜ ਜਗਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਕੁਦਰਤੀ ਉਤਪਾਦ ਤੇ ਪ੍ਰੋਬਾਇਓਟਿਕਸ ਨੂੰ ਐਲੋਪੈਥੀ ਦਵਾਈਆਂ ਨਾਲ ਮਿਲਾ ਕੇ ਵਰਤਣਾ ਚਾਹੀਦਾ ਹੈ।

## ਡੀ.ਏ.ਵੀ. ਸਕੂਲ ਖੇਡ ਮੇਲਾ ਨਵੇਕਲੀਆਂ ਯਾਦ ਨਾਲ ਸਮਾਪਤ

ਨਵਾਂਸ਼ਹਿਰ, 10 ਫਰਵਰੀ ( ਸੁਖਦੇਵ ਸਿੰਘ ਉੜਾਪੜ) : ਆਰ.ਐਮ.ਬੀ. ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ ਨਵਾਂਸਹਿਰ ਵਿੱਚ ਪ੍ਰਾਇਮਰੀ ਵਿੰਗ (ਨਰਸਰੀ ਤੋਂ ਪੰਜਵੀਂ ਜਮਾਤ ਤੱਕ) ਦੇ ਵਿਦਿਆਰਥੀਆਂ ਲਈ ਸਾਲਾਨਾ ਖੇਡ ਮੇਲਾ ਦਿਵਸ ਪ੍ਰਿੰਸੀਪਲ ਆਰ ਕੇ ਵਰਮਾ ਦੀ ਅਗਵਾਈ ਹੇਠ ਬੜੇ ਉਤਸ਼ਾਹ, ਜੋਸ਼ ਅਤੇ ਖੇਡ-ਭਾਵਨਾ ਨਾਲ ਖੇਡ ਮੇਲਾ ਕਰਵਾਇਆ ਗਿਆ।ਇਸ ਖੇਡ ਮੇਲੇ ਦੇ ਮੁੱਖ ਮਹਿਮਾਨ ਸ਼੍ਰੀ ਲਲਿਤ ਮੋਹਨ ਪਾਠਕ (ਹਲਕਾ ਇੰਚਾਰਜ, ਆਮ ਪਾਰਟੀ), ਵਿਸ਼ੇਸ਼ ਮਹਿਮਾਨ ਸ਼੍ਰੀ ਮਨਮੋਹਨ ਸਿੰਘ ਗੁਲਾਟੀ ਅਰੋੜਾ ਖੱਤਰੀ ਸਭਾ, ਵਲੋ ਜੇਤੂ ਬੱਚਿਆਂ ਨੂੰ ਇਨਾਮ ਵੰਡੇ ਗਏ। ਸੀਨੀਅਰ ਕੌਂਸਲਰ ਚੇਤ ਰਾਮ ਰਤਨ ਚੇਅਰਮੈਨ ਆਲ ਇੰਡੀਆ ਹਿਊਮਨ ਰਾਇਟਸ ਭਾਰਤ,, ਚੇਅਰਮੈਨ ਗੁਲਾਟੀ ਅਤੇ ਆਪ ਆਗੂ ਪਾਠਕ ਨੇ ਖੇਡਾਰੀ ਬੱਚਿਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ ਸਰੀਰ ਦੇ ਵਿਕਾਸ ਲਈ ਖੇਡਾਂ ਵੀ ਜਰੂਰੀ ਹਨ।ਉਨ੍ਹਾਂ ਖਿਡਾਰੀ ਬੱਚਿਆਂ ਨੂੰ ਅਪੀਲ ਕੀਤੀ ਕਿ ਖੇਡ ਨੂੰ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ ਨਾ ਕਿ ਬਦਲੇ ਦੀ ਭਾਵਨਾ ਨਾਲ ਨਹੀਂ ਖੇਡਾ ਚਾਹੀਦਾ ਹੈ। ਤੋਂ ਇਲਾਵਾ ਸ਼੍ਰੀ ਦਰਦੀ ਪੰਜਾਬ ਸਾਹਿਤ ਸਭਾ,ਪ੍ਰਧਾਨ, ਬੀਨਾ ਸ਼ਰਮਾ (ਸਮਾਜ ਸੇਵਿਕਾ) ਅਤੇ ਸ਼੍ਰੀਮਤੀ ਸ਼ਾਮਾ ਮੁੱਖ ਅਧਿਆਪਿਕਾ, ਅਰਸਦੀਪ ਕੌਰ ਰਤਨ ਵੱਲੋਂ ਕਬੂਤਰ ਉਡਾ ਕੇ ਅਤੇ ਹਰੀ ਝੰਡੀ ਦਿਖਾ ਕੇ ਅਤੇ ਗੁਬਾਰਿਆਂ ਦੇ ਗੁੱਛੇ ਛੱਡ ਕੇ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਗਈ।ਸਕੂਲ ਪ੍ਰਿੰਸੀਪਲ ਆਰ ਕੇ ਵਰਮਾ ਵੱਲੋਂ ਆਏ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ! ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ।ਉਨ੍ਹਾਂ ਕਿਹਾ



ਕਿ ਨਰਸਰੀ, ਐਲ.ਕੇ.ਜੀ. ਅਤੇ ਯੂ.ਕੇ.ਜੀ. ਜਮਾਤਾਂ ਦੇ ਵਿਦਿਆਰਥੀਆਂ ਲਈ ਸਿੰਪਲ ਰੇਸ, ਫਰੌਗ ਰੇਸ ਅਤੇ ਹਰਡਲ ਰੇਸ ਵਰਗੀਆਂ ਮਨੋਰੰਜਕ ਪ੍ਰਤੀਯੋਗਿਤਾਵਾਂ ਵਿੱਚ ਭਾਗ ਲਿਆ। ਪ੍ਰਿੰਸੀਪਲ ਵਰਮਾ ਨੇ ਕਿਹਾ ਕਿ ਖੇਡ ਮੇਲੇ ਵਿੱਚ ਪਹਿਲੀ ਅਤੇ ਦੂਜੀ ਜਮਾਤ ਲਈ 100 ਮੀਟਰ ਦੌੜ, ਲੈਮਨ ਰੇਸ ਅਤੇ ਹਰਡਲ ਰੇਸ ਕਰਵਾਈ ਗਈ, ਜਦਕਿ ਤੀਜੀ ਅਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਲਈ ਸੈਕ ਰੇਸ, ਪਿਰਾਮਿਡ ਰੇਸ ਅਤੇ ਲੈਮਨ-ਸਪੂਨ ਰੇਸ ਵਰਗੀਆਂ ਰੁਚਿਕਰ ਪ੍ਰਤੀਯੋਗਿਤਾਵਾਂ ਤੋਂ ਇਲਾਵਾ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੀ ਪੂਰੇ ਉਤਸ਼ਾਹ ਨਾਲ ਖੇਡ ਗਤੀਵਿਧੀਆਂ ਵਿੱਚ ਭਾਗ ਲਿਆ ਸਮਾਰੋਹ ਦੌਰਾਨ ਵਿਸ਼ੇਸ਼ ਖੇਡ ਮੁਕਾਬਲਿਆਂ ਵਿੱਚ ਜੇਤੂ ਖੇਡਾਰੀਆ ਨੂੰ ਤਮਗੇ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਰਾਸ਼ਟਰੀ ਗੀਤ ਨਾਲ ਸਮਾਰੋਹ ਦਾ ਸਮਾਪਨ ਕੀਤਾ ਗਿਆ।ਸਕੂਲ ਬੱਚਿਆਂ ਵੱਲੋਂ ਰੰਗ-ਬਿਰੰਗੀ ਸਜਾਵਟ ਨਾਲ ਸੁਸ਼ੋਭਿਤ ਕੀਤਾ ਹੋਇਆ ਸੀ। ਨੰਨੇ-ਮੁੰਨੇ ਵਿਦਿਆਰਥੀਆਂ ਵੱਲੋਂ ਗਿੱਧਾ -ਭੰਗੜਾ ਪੇਸ਼ ਕੀਤਾ ਗਿਆ।ਸਵਾਗਤੀ ਪ੍ਰੋਗਰਾਮ ਵਿੱਚ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਅਨੁਸ਼ਾਸਿਤ ਮਾਰਚ ਪਾਸਟ ਪੇਸ਼ ਕੀਤਾ ਗਿਆ। ਬੱਚਿਆਂ ਦੇ ਮਾਪਿਆਂ ਨੇ ਬੜੇ ਉਤਸਾਹ ਨਾਲ ਖੇਡ ਸਮਾਗਮ ਵਿੱਚ ਸਮੂਲੀਆਤ ਕੀਤੀ। ਇਸ ਮੌਕੇ ਸਮੁੱਚਾ ਸਟਾਫ਼ ਵੀ ਮੌਜੂਦ ਸੀ। ਇਹ ਪ੍ਰੋਗਰਾਮ ਡੀਏਵੀ ਕਾਲਜ ਮੈਨੇਜਿੰਗ ਕਮੇਟੀ, ਨਵੀਂ ਦਿੱਲੀ ਦੇ ਚੇਅਰਮੈਨ ਅਤੇ ਸਕੱਤਰ ਸ੍ਰੀ ਅਰਵਿੰਦ ਘਈ ਦੀ ਪ੍ਰੇਰਨਾ ਅਤੇ ਮਾਰਗਦਰਸ਼ਨ ਨਾਲ ਸੰਪੂਰਨ ਹੋਇਆ। ਸ੍ਰੀ ਯੋਗੇਸ਼ ਗੰਭੀਰ (ਏਆਰਓ) ਅਤੇ ਮੈਨੇਜਰ ਸ੍ਰੀ ਵਿਨੋਦ ਚੁੱਘ ਨੇ ਸਕੂਲ ਪਰਿਵਾਰ ਨੂੰ ਪ੍ਰੋਗਰਾਮ ਦੀ ਸਫਲਤਾ 'ਤੇ ਵਧਾਈ ਦਿੱਤੀ ਅਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਘੇਰੇ 'ਚ ਪਾਬੰਦੀ

ਗੁਰਦਾਸਪੁਰ, 10 ਫਰਵਰੀ (ਜਗੀਰ ਸਿੰਘ ਮੰਡ/ਨਾਹਰ): ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਾਪਿਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਵਿੱਚ ਲੋਕਾਂ ਦੇ ਇਕੱਠੇ ਹੋਣ 'ਤੇ ਮਿਤੀ 17 ਫਰਵਰੀ 2026 ਤੋਂ 04 ਅਪ੍ਰੈਲ 2026 ਤੱਕ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਪਰ ਇਹ ਹੁਕਮ ਉਹਨਾਂ ਵਿਅਕਤੀਆਂ 'ਤੇ ਲਾਗੂ ਨਹੀਂ ਹੋਵੇਗਾ ਜੋ ਇਹਨਾਂ ਪ੍ਰੀਖਿਆਵਾਂ ਵਿਚ ਡਿਊਟੀ 'ਤੇ ਹੋਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਰਾਹੀਂ ਇਸ ਸੂਚਿਤ ਕੀਤਾ ਗਿਆ ਹੈ ਕਿ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ-2026 ਦੀਆਂ ਸਾਲਾਨਾ ਪਰੀਖਿਆਵਾਂ (ਸਮੇਤ ਓਪਨ ਸਕੂਲ) ਮਿਤੀ 17-02-2026 ਤੋਂ 04-04-2026 ਤੱਕ ਸਵੇਰੇ 11:00 ਵਜੇ ਤੋਂ ਦੁਪਿਹਰ 02:15 ਵਜੇ ਤੱਕ ਬੋਰਡ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿੱਚ ਵਿੱਚ ਕਰਵਾਈਆਂ ਜਾ ਰਹੀਆਂ ਹਨ।
ਇਸ ਦੌਰਾਨ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਵਿਘਨ ਪਾਉਣ ਵਾਲੇ ਅਨਸਰ ਇਕੱਠੇ ਹੋ ਜਾਂਦੇ ਹਨ । ਇਸ ਲਈ ਪ੍ਰੀਖਿਆ ਵਿਚ ਵਿਘਨ ਪਾਉਣ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਟਰੈਫਿਕ ਦੀ ਵਿਵਸਥਾ ਨੂੰ ਸੁਚਾਰੂ



ਬਣਾਈ ਰੱਖਣ ਤੇ ਸਮਾਜਿਕ ਦੂਰੀ ਬਣਾਏ ਰੱਖਣ ਲਈ ਇਹਨਾਂ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਅੰਦਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ ਅਤੇ ਸਾਰੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ ਦੀ ਮਨਾਹੀ ਕਰਨਾ ਅਤਿ ਜਰੂਰੀ ਹੈ, ਤਾਂ ਜੋ ਅਜਿਹੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

## ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਬਲਾਕਾਂ ਵਿਚ ਕੰਪਿਊਟਰ ਅਪਰੇਟਰ ਰੱਖੇ ਜਾਣ ਸਮੇਤ ਮੈਨੇਜਰ, ਇਲੈਕਟ੍ਰੀਸ਼ਨ ਆਦਿ ਦੀ ਭਰਤੀ ਕੀਤੀ ਜਾਵੇਗੀ

ਗੁਰਦਾਸਪੁਰ, 10 ਫਰਵਰੀ (ਜਗੀਰ ਸਿੰਘ ਮੰਡ): ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵੱਲੋਂ 11 ਫਰਵਰੀ ਦਿਨ ਬੁੱਧਵਾਰ ਨੂੰ ਇੱਕ ਰੋਜ਼ਗਾਰ ਕੈਂਪ ਦਾ ਲਗਾਇਆ ਜਾ ਰਿਹਾ ਹੈ। ਇਹ ਕੈਂਪ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀ.ਸੀ ਦਫਤਰ ਕੰਪਲੈਕਸ ਗੁਰਦਾਸਪੁਰ ਦੇ ਕਮਰਾ ਨੰ: 217 ਬਲਾਕ-ਬੀ ਵਿੱਚ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ ਦੇ 2:30 ਵਜੇ ਤੱਕ ਲੱਗੇਗਾ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸ਼ੋਤਮ ਸਿੰਘ, ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆਂ ਕਿ ਇਸ ਕੈਂਪ ਵਿਚ ਜ਼ਿਲ੍ਹਾ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਕੰਪਿਊਟਰ ਅਪਰੇਟਰ ਰੱਖੇ ਜਾਣੇ ਹਨ, ਜਿਸ ਦੀ ਲਾਜ਼ਮੀ ਯੋਗਤਾ ਬਾਰਵੀ ਹੈ। ਮਾਰੂਤੀ ਸਜ਼ੂਕੀ ਬਟਾਲਾ ਤੇ ਗੁਰਦਾਸਪੁਰ ਲਈ ਵੱਖ-ਵੱਖ ਆਸਾਮੀਆਂ ਮੈਨੇਜਰ, ਇਲੈਕਟ੍ਰੀਸ਼ਨ, ਗੰਨਮੈਨ, ਸਕਿਊਰਟੀ ਗਾਰਡ, ਮਕੈਨਿਕ, ਸਪੇਅਰ ਪਾਰਟ ਮਕੈਨਿਕ, ਸਰਵਿਸ ਐਡਵਾਇਜਰ ਟੈਕਨੀਕਲ ਐਡਵਾਇਜਰ ਅਤ ਵਾਸ਼ਰਮੈਨ ਆਦਿ ਦੀ ਭਰਤੀ ਕੀਤੀ ਜਾਵੇਗੀ। ਜਿਸ ਲਈ ਯੋਗਤਾ ਬਾਰਵੀਂ, ਰਜੂਏਸ਼ਨ, ਆਈ.ਟੀ.ਆਈ, ਡਿਪਲੋਮਾ ਮਕੈਨਿਕਲ ਯੋਗਤਾ ਲੋੜੀਦੀ ਹੈ। ਇਸੇ ਤਰ੍ਹਾਂ ਐਕਸਿਸ ਬੈਂਕ ਵਲੋਂ ਅਸਿਸਟੈਂਟ ਮੈਨੇਜਰ ਦੀ ਭਰਤੀ ਕੀਤੀ ਜਾਵੇਗੀ, ਜਿਸ ਦੀ ਲੋੜੀਦੀ ਯੋਗਤਾ ਰਜੂਏਸ਼ਨ ਹੋਵੇਗੀ।

ਸ੍ਰੀਰਾਮ ਫਾਇਨਾਸ ਵੱਲੋਂ ਸੇਲਜ ਮੈਨੇਜਰ ਵਾਸਤੇ ਅਪਲਾਈ ਕਰਨ ਲਈ ਯੋਗਤਾ ਗਰੇਜੂਏਸ਼ਨ ਹੋਵੇਗੀ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਚੜ੍ਹ ਕੇ ਰੋਜ਼ਗਾਰ ਕੈਂਪ ਵਿੱਚ ਹਿੱਸਾ ਲੈਣ ਅਤੇ ਆਪਣਾ ਰੋਜ਼ਗਾਰ ਸੁਨਿਸ਼ਚਿਤ ਕਰਨ ਲਈ ਆਪਣੇ ਸਾਰੇ ਅਸਲੀ ਦਸਤਾਵੇਜ਼ (ਸਰਟੀਫਿਕੇਟ, ਆਧਾਰ ਕਾਰਡ, ਰੈਜ਼ਿਊਮ ਆਦਿ) ਨਾਲ ਸਮੇਂ ਸਿਰ ਪਹੁੰਚਣ।

## ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡ ਮਰੀਜ਼ਾਂ ਲਈ ਬਣੇ ਵਰਦਾਨ- ਐਡਵੋਕੇਟ ਜਗਰੂਪ ਸਿੰਘ ਸੇਖਵਾਂ

ਕਾਦੀਆਂ/ਕਾਹਨੂੰਵਾਨ, 10 ਫਰਵਰੀ( ਸਿਕੰਦਰ ਸੰਧੂ/ ਕੁਲਜੀਤ ਖੋਖਰ ): ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡ ਮਰੀਜ਼ਾਂ ਲਈ ਬਣੇ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਹਲਕੇ ਦੇ ਪਿੰਡ ਗੁਰਦਾਸ ਨੰਗਲ ਦੇ ਸੁਲੱਖਣ ਸਿੰਘ ਨੇ ਦਿਲ ਦੀ ਬਿਮਾਰੀ ਦਾ ਸਫ਼ਲ ਇਲਾਜ ਕਰਵਾਇਆ ਹੈ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ ਆਪਣੇ ਇਲਾਜ ਸਰਕਾਰੀ ਹਸਪਤਾਲਾਂ ਦੇ ਨਾਲ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਕਰਵਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਗੁਰਦਾਸਪੁਰ ਨੰਗਲ ਦੇ ਵਸਨੀਕ ਸੁਲੱਖਣ ਸਿੰਘ ਨੂੰ ਦਿਲ ਦੀ ਬਿਮਾਰੀ ਸੀ। ਉਸ ਵਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਇਆ ਗਿਆ ਅਤੇ ਰੰਧਾਵਾ ਹਸਪਤਾਲ ਸ੍ਰੀ ਅੰਮ੍ਰਿਤਸਰ ਤੋਂ ਆਪਣਾ ਇਲਾਜ ਕਰਵਾਇਆ। ਸੁਲੱਖਣ ਸਿੰਘ ਦੇ ਤਿੰਨ ਸਟੰਟ ਪਏ ਅਤੇ ਕਰੀਬ ਤਿੰਨ ਲੱਖ ਰੁਪਏ ਦੀ ਰਾਹਤ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡ ਨਾਲ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਕੈਸ਼ਲੈਸ ਬੀਮਾ ਦੇਣ ਲਈ ਲਗਾਏ ਗਏ ਕੈਂਪਾਂ ਵਿੱਚ ਲੋਕ ਹੈਲਥ ਕਾਰਡ ਬਣਾ ਰਹੇ ਹਨ ਤਾਂ ਜੋ ਲੋੜ ਪੈਣ 'ਤੇ ਉਨ੍ਹਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਲੋਕਾਂ ਨਾਲ



ਕੀਤੀ ਗਰੰਟੀ ਪੂਰੀ ਕਰਦਿਆਂ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਉਨ੍ਹਾਂ ਨੇ ਕਿਹਾ, ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ।

## ਮੁੱਖ ਮੰਤਰੀ ਪੰਜਾਬ ਵੱਲੋਂ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਖਿਲਾਫ ਕੀਤੀ ਟਿੱਪਣੀ ਦੀ ਕੀਤੀ ਨਿੰਦਾ

ਘੁਮਾਣ, ਬਟਾਲਾ, 10 ਫਰਵਰੀ (ਸੁਖਵਿੰਦਰ ਸਿੰਘ ਗੋਰਾਇਆ): ਐਡਵੋਕੇਟ ਸਤਬੀਰ ਸਿੰਘ ਘੁਮਾਣ ਅਤੇ ਸਾਬਕਾ ਸਰਪੰਚ ਹਰਬੰਸ ਸਿੰਘ ਘੁਮਾਣ ਵੱਲੋਂ ਸਾਥੀਆਂ ਸਮੇਤ ਬੀਤੇ ਦਿਨੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਆਪ ਆਗੂ ਬਲਤੇਜ ਸਿੰਘ ਪੰਨੂ ਵੱਲੋਂ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਵਿਰੁੱਧ ਵਰਤੀ ਗਈ ਘਟੀਆ ਸ਼ਬਦਾਵਲੀ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਸਿਰਫ ਇੱਕ ਮੁਲਾਕਾਤ ਨੂੰ ਲੈਕੇ ਇੱਕ ਮਾਨਯੋਗ ਮਹਾਨ ਸ਼ਖਸੀਅਤ ਉੱਤੇ ਘਟੀਆ ਰਾਜਨੀਤਿਕ ਤੰਜ ਕੱਸਿਆ ਹੈਂ। ਉਨ੍ਹਾਂ ਕਿਹਾ ਕਿ ਧਾਰਮਿਕ ਅਤੇ ਅਧਿਆਤਮਿਕ ਆਗੂ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮਿਲਦੇ ਹਨ ਅਤੇ ਅਜਿਹੀਆਂ ਮੁਲਾਕਾਤਾਂ ਨੂੰ ਸਿਆਸੀ ਰੰਗ ਦੇਣਾ ਮੁੱਖ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਘਟਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਨਿਸ਼ਾਨਾ ਬਣਾਉਣਾ ਅਤੇ ਉਨ੍ਹਾਂ ਦੀ ਨੀਅਤ ਜਾ ਇਮਾਨਦਾਰੀ 'ਤੇ ਟਿੱਪਣੀ ਕਰਨ ਨਾਲ ਮੇਰੇ ਪਰਿਵਾਰ ਸਮੇਤ ਲੱਖਾਂ ਸੰਗਤਾਂ ਨੂੰ ਠੇਸ ਪਹੁੰਚਾਈ ਹੈ, ਜੋ ਕਿ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਵੇਖਦਿਆਂ ਹਨ। ਉਕਤ ਆਗੂਆਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਿਕ ਤੋਂ ਉੱਪਰ ਉੱਠ ਕੇ ਆਪਣੇ ਸੰਵਿਧਾਨਕ ਅਹੁਦੇ ਦੀ ਮਰਿਆਦਾ ਕਾਇਮ ਰੱਖਣ। ਇਸ ਮੌਕੇ ਉਨ੍ਹਾਂ ਨਾਲ ਮੈਂਬਰ ਪੰਚਾਇਤ ਹੀਰਾਂ ਸਿੰਘ, ਅਜਮੇਰ ਸਿੰਘ, ਮੰਗਲ ਸਿੰਘ, ਦਿਲਬਾਗ ਸਿੰਘ ਘੁਮਾਣ, ਸ਼ਮਸ਼ੇਰ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਸਿੰਘ, ਜਰਨੈਲ ਸਿੰਘ ਆਦਿ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀਕੇਯੂ ਉਗਰਾਹਾਂ ਵੱਲੋਂ ਕਸਬਾ ਖਾਸਾ 'ਚ ਮੋਦੀ ਟਰੰਪ ਦੇ ਪੁਤਲੇ ਫੂਕੇ

ਚੌਕ ਮਹਿਤਾ,10 ਫਰਵਰੀ (ਬਲਜਿੰਦਰ ਸਿੰਘ ਰੰਧਾਵਾ): ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਟਾਰੀ ਬਲਾਕ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਸਬਾ ਖਾਸਾ ਵਿਖੇ ਅਮਰੀਕਾ ਭਾਰਤ ਵਿਚਕਾਰ ਹੋ ਰਹੀ ਟਰੇਡ ਡੀਲ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ, ਉਪਰੰਤ ਮੋਦੀ ਤੇ ਟਰੰਪ ਦੇ ਪੁਤਲੇ ਫੂਕੇ ਗਏ।ਇਸ ਦੌਰਾਨ ਪ੍ਰਧਾਨ ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਜੋ ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਵਪਾਰ ਸਮਝੌਤੇ ਕੀਤੇ ਜਾ ਰਹੇ ਹਨ ਉਹ ਬਿਲਕੁਲ ਮੋਦੀ ਸਰਕਾਰ ਦਬਾਅ 'ਚ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਕਈ ਮਸਲੇ ਐਸੇ ਉਜਾਗਰ ਕੀਤੇ ਜਾ ਰਹੇ ਹਨ ਜਿਸ ਵਿੱਚ ਸਿੱਧੇ ਤੌਰ 'ਤੇ ਪ੍ਰਸਿੱਧ ਉਦਯੋਗਪਤੀ ਅੰਡਾਨੀ ਸਵਾਲਾਂ ਦੇ ਘੇਰੇ ਵਿੱਚ ਆਉਂਦੇ ਹਨ। ਆਗੂਆਂ ਕਿਹਾ ਕਿ ਇਨ੍ਹਾਂ ਮਸਲਿਆਂ 'ਤੇ ਪਰਦਾ ਪਾਉਣ ਲਈ ਕਿਸਾਨਾਂ,ਡੇਅਰੀ ਫ਼ਾਰਮਰਾਂ,ਮਛੇਰਿਆਂ ਛੋਟੇ ਉਦਯੋਗਾਂ ਦੀ ਬਲੀ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਸਮਝੌਤਾ ਕਿਸਾਨੀ ਦੀ ਪਿੱਠ 'ਚ ਛੁਰਾ ਮਾਰਨ ਵਾਲਾ ਹੋਵੇਗਾ। ਉਨ੍ਹਾਂ ਕਿਹਾ ਭਾਰਤ ਸਰਕਾਰ ਨੂੰ ਅਮਰੀਕਾ ਦੇ ਨਾਲ ਵਾਰਤਾ ਰੱਦ ਕਰਕੇ ਸਮਝੌਤੇ ਖਾਰਜ ਕਰਨੇ ਚਾਹੀਦੇ ਹਨ, ਨਹੀਂ ਤਾਂ ਦੇਸ਼ ਦਾ ਕਿਸਾਨ ਤੇ ਪ੍ਰਭਾਵਿਤ ਵਰਗ ਸੜਕਾਂ 'ਤੇ ਉਤਰੇਗਾ।ਉਨ੍ਹਾਂ ਕਿਹਾ ਕਿ



ਮੋਦੀ ਸਰਕਾਰ ਲੰਮੇ ਸਮੇਂ ਤੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਗੱਲ ਕਰਦੀ ਹੈ, ਪਰ ਇਸ ਫ਼ੈਸਲੇ ਨਾਲ ਅਮਰੀਕਾ ਦੇ ਕਿਸਾਨਾਂ ਦੀ ਆਰਥਿਕ ਸਥਿਤੀ ਹੋਰ ਸੁਧਰੇਗੀ ਤੇ ਭਾਰਤ ਦੇ ਕਿਸਾਨ ਦੀ ਹਾਲਤ ਮੰਦਹਾਲੀ ਵੱਲ ਚਲੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਮਰੀਕੀ ਦੀ ਕਿਸਾਨੀ ਤੇ ਭਾਰਤ ਦੀ ਕਿਸਾਨੀ 'ਚ ਬਹੁਤ ਫ਼ਰਕ ਹੈ। ਉੱਥੇ ਕਿਸਾਨਾਂ ਨੂੰ ਬਹੁਤ ਜ਼ਿਆਦਾ ਸਬਸਿਡੀ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ, ਪਰ ਇੱਥੇ ਨਾ ਦੇ ਬਰਾਬਰ ਰਾਹਤ ਮਿਲਦੀ ਹੈ। ਉਨ੍ਹਾਂ ਕਿਹਾ ਸਮਝੌਤਾ ਲੱਗਭੱਗ ਤੈਅ ਹੋ ਚੁੱਕਾ ਹੈ, ਸਾਈਨ 15 ਮਾਰਚ ਨੂੰ ਹੋਣਗੇ। ਉਨ੍ਹਾਂ ਭਾਰਤ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਇਹ ਸਮਝੌਤਾ ਹੋ ਗਿਆ ਤਾਂ ਭਾਰਤ ਦੇ ਕਿਸਾਨਾਂ ,ਡੇਅਰੀ ਫਾਰਮਿੰਗ,ਛੋਟੇ ਵਪਾਰੀਆਂ ਦੀ ਮੌਤ ਦੇ ਸਾਈਨ ਹੋਣਗੇ। ਇਸ ਦੌਰਾਨ ਕਿਸਾਨਾਂ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕੁਲਬੀਰ ਜੇਠੂਵਾਲ ,ਸਤਨਾਮ ਸਿੰਘ ਭਕਨਾ,ਗੁਰਭੇਜ ਸਿੰਘ ਕਠਾਣੀਆ ,ਮੰਗਲ ਸਿੰਘ ਸਾਘਣਾ ,ਹਰਜੀਤ ਸਿੰਘ ਰਣਗੜ ,ਨਿਰਵੈਰ ਸਿੰਘ ਨੱਥੂਪੁਰਾ ,ਇੰਦਰਜੀਤ ਸਿੰਘ ਭਕਨਾ ,ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸੰਤ ਬਾਬਾ ਸੱਜਣ ਸਿੰਘ ਨੇ ਰਸਮੀ ਉਦਘਾਟਨ ਕਰਦੇ ਹੋਏ ਖੇਡ ਮੁਕਾਬਲਿਆਂ ਨੂੰ ਦਿੱਤੀ ਹਰੀ ਝੰਡੀ

ਚੌਕ ਮਹਿਤਾ,10 ਫਰਵਰੀ (ਬਲਜਿੰਦਰ ਸਿੰਘ ਰੰਧਾਵਾ): ਮਾਝੇ ਦੇ ਸਿਰਮੌਰ ਤੇ ਨਾਮਵਰ ਸਾਲਾਨਾ ਚਾਰ ਰੋਜ਼ਾ ਖੇਡ ਮੇਲੇ 'ਖੇਡਾਂ ਉਦੋਨੰਗਲ ਦੀਆਂ' ਦੀ ਅੱਜ ਬਰੇਵ ਕੈ.ਮਨਜਿੰਦਰ ਸਿੰਘ ਭਿੰਡਰ ਸਟੇਡੀਅਮ ਵਿਖੇ ਬੜੀ ਧੂਮ ਧਾਮ ਨਾਲ ਆਰੰਭਤਾ ਕੀਤੀ ਗਈ। ਮੁੱਖ ਮਹਿਮਾਨ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁ.ਛੇਵੀ ਪਾਤਸ਼ਾਹੀ ਗੁਰੂ ਕੀ ਬੇਰ ਸਾਹਿਬ ਨੇ ਰੀਬਨ ਕੱਟ ਕੇ ਰਸਮੀ ਤੌਰ 'ਤੇ ਇਸ ਖੇਡ ਮੇਲੇ ਦਾ ਉਦਘਾਟਨ ਕੀਤਾ।ਉਪਰੰਤ ਉਨ੍ਹਾਂ ਦੇ ਨਾਲ ਸਰਪੰਚ ਗੁਰਮੇਜ਼ ਸਿੰਘ ਉਦੋਨੰਗਲ,ਇੰਸਪੈਕਟਰ ਗੁਰਮੇਜ਼ ਸਿੰਘ ਰੰਧਾਵਾ,ਜਥੇਦਾਰ ਰਾਜਬੀਰ ਸਿੰਘ ਤੇ 'ਆਪ' ਆਗੂ ਬਲਜੀਤ ਸਿੰਘ ਚਾਹਲ ਜੁਆਇੰਟ ਸੈਕਟਰੀ ਪੰਜਾਬ, ਜਗਮੇਲ ਸਿੰਘ ਰੰਧਾਵਾ,ਸਰਪੰਚ ਅਜੇ ਗਾਂਧੀ ਤੇ ਮਨੋਜ ਤਨੇਜਾ ਨੇ ਸਾਂਝੇ ਤੌਰ 'ਤੇ ਹਵਾ 'ਚ ਗੁਬਾਰੇ ਛੱਡਦੇ ਹੋਏ ਹਾਕੀ ਤੇ ਫੁੱਟਬਾਲ ਦੇ ਖੇਡ ਮੁਕਾਬਲਿਆਂ ਨੂੰ ਹਰੀ ਝੰਡੀ ਦਿੱਤੀ।ਕਲੱਬ ਵੱਲੋਂ ਰਘਬੀਰ ਸਿੰਘ ਛੋਟਾ ਇਟਲੀ ਤੇ ਆਤਮਬੀਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਖੇਡ ਮੇਲੇ 'ਚ ਹਾਕੀ ਓਪਨ 16 ,ਜੂਨੀਅਰ ਦੀਆਂ 12 ਤੇ ਫੁੱਟਬਾਲ ਦੀਆਂ 22 ਟੀਮਾਂ ਭਾਗ ਲੈ ਰਹੀਆਂ ਹਨ।ਫੁੱਟਬਾਲ ਓਪਨ ਦਾ ਫਾਈਨਲ 12 ਤੇ ਹਾਕੀ ਓਪਨ-ਜੂਨੀਅਰ ਦੇ ਫਾਈਨਲ 13 ਫਰਵਰੀ ਨੂੰ ਖੇਡੇ ਜਾਣਗੇ।ਇਸ ਦਿਨ ਹੀ ਕੱਬਡੀ ਕੱਪ ਹੋਵੇਗਾ ਤੇ ਸੱਭਿਆਚਾਰਕ ਮੇਲੇ 'ਚ ਲੋਕ ਪ੍ਰਸਿੱਧ ਕਲਾਕਾਰ ਜ਼ੀ ਖਾਨ ਤੇ ਸਰਗੀ ਮਾਨ ਦੀ ਜ਼ੋਰਦਾਰ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗੇਗਾ।ਕੁੜੀਆਂ ਦਾ ਕਬੱਡੀ ਸ਼ੋ ਮੈਚ ਤੇ ਮਸ਼ਹੂਰ ਅਥਲੀਟ ਪਿੰਕਾ



ਜ਼ਰਗ ਇਸ ਖੇਡ ਮੇਲੇ ਦਾ ਮੁੱਖ ਆਕਰਸ਼ਣ ਰਹਿਣਗੇ।ਇਸ ਮੌਕੇ ਕਲੱਬ ਦੇ ਵਿਸ਼ੇਸ਼ ਸੱਦੇ 'ਤੇ ਖੇਡ ਮੇਲੇ ਦਾ ਆਨੰਦ ਮਾਨਣ ਲਈ ਉਚੇਚੇ ਤੌਰ 'ਤੇ ਇੱਥੇ ਪੁੱਜੇ ਆਸਟ੍ਰੇਲੀਆ ਤੋਂ ਮਨਪ੍ਰੀਤ ਸਿੰਘ ਰਾਜਾ,ਯੂ.ਐੱਸ.ਏ. ਤੋਂ ਸੁਖਜ਼ਿੰਦਰ ਸਿੰਘ ਪਟਵਾਰੀ,ਹਰਸ਼ਰਨ ਸਿੰਘ ਪ੍ਰਿੰਸ ਤੇ ਅਮਨਦੀਪ ਸਿੰਘ ਸੇਠੀ, ਇਟਲੀ ਤੋਂ ਰਘਬੀਰ ਸਿੰਘ ਛੋਟਾ,ਹਰਿੰਦਰ ਹਿੰਦਾ ਰੰਧਾਵਾ ਤੇ ਰਾਜਵਿੰਦਰ ਸਿੰਘ ਬਿੰਦ ,ਕੈਨੇਡਾ ਤੋਂ ਨਵਪ੍ਰੀਤ ਸਿੰਘ ਨੌਬੀ,ਹਰਪ੍ਰੀਤ ਸਿੰਘ ਸੋਨੂੰ,ਗੁਰਵਿੰਦਰ ਸਿੰਘ ਧਰਮਾ,ਜਸਕਰਨ ਸਿੰਘ ਰੰਧਾਵਾ,ਸਿਮਰਨਜੀਤ ਸਿੰਘ ਸਿੰਮੀ,ਹਰਪ੍ਰੀਤ ਸਿੰਘ ਡੋਲ,ਜਸਬੀਰ ਸਿੰਘ ਰੰਧਾਵਾ ਤੇ ਸਿਮਰ ਰੰਧਾਵਾ,ਜਰਮਨੀ ਤੋਂ ਮਨਦੀਪ ਸਿੰਘ ਬੱਗਾ ਜਰਮਨੀ ਤੇ ਸਵੀਡਨ ਤੋਂ ਨਵ ਆਦਿ ਤੋਂ ਇਲਾਵੇ ਇਲਾਕੇ ਤੋਂ ਪ੍ਰਧਾਨ ਭੁਪਿੰਦਰ ਸਿੰਘ,ਜਸਬੀਰ ਸਿੰਘ ਡੋਲ,ਇਸ. ਕੁਲਦੀਪ ਸਿੰਘ ਰੰਧਾਵਾ,ਕਰਨਲ ਅਜੀਤ ਸਿੰਘ,ਸਰਪੰਚ ਲਖਵਿੰਦਰ ਸਿੰਘ ਉਸਮਾਂ,ਮਾ.ਮਨਜੀਤ ਸਿੰਘ,ਚੇਅਰਮੈਨ ਬਲਵਿੰਦਰ ਸਿੰਘ ਬਬਲੀ,ਸੁਖਮਿੰਦਰ ਸਿੰਘ ਭੱਪ,ਬਲਦੇਵ ਸਿੰਘ ਰਾਇਲ ਪੈਲੇਸ,ਹਾਕੀ ਕੋਚ ਬਲਜ਼ਿੰਦਰ ਸਿੰਘ,ਪਰਮਿੰਦਰ ਸਿੰਘ ਬੱਬਾ,ਜੋਗਿੰਦਰ ਸਿੰਘ,ਹੈਪੀ ਖੂਹ ਵਾਲੇ,ਪ੍ਰਧਾਨ ਸਰਵਨ ਸਿੰਘ,ਸਤਮੇਲ ਸਿੰਘ,ਮਲਕੀਤ ਸਿੰਘ ਚੈਂਚਲ ਸਿੰਘ,ਗੋਪਾਲ ਸਿੰਘ ਕੋਹਾਟਵਿੰਡ ਤੇ ਜਸਪਾਲ ਸਿੰਘ ਸੂਰੋਪੱਡਾ ਆਦਿ ਸ਼ਖਸ਼ੀਅਤਾਂ ਮੌਜੂਦ ਸਨ।

## ਬੀਬੀ ਕੌਲਾਂ ਜੀ ਪਬਲਿਕ ਸਕੂਲ 'ਚ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ : ਭਾਈ ਗੁਰਇਕਬਾਲ ਸਿੰਘ

ਅੰਮ੍ਰਿਤਸਰ, 10 ਫਰਵਰੀ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਪਬਲਿਕ ਸਕੂਲ ਤਰਨ ਤਾਰਨ ਰੋਡ ਵਿਖੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਭਾਈ ਗੁਰਇਕਬਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸਤਿਗੁਰੂ ਦਾ ਓਟ ਆਸਰਾ ਅਤੇ ਸ਼ੁਕਰਾਨਾ ਕਰਦੇ ਹੋਏ ਸਕੂਲ ਦੇ ਬੱਚਿਆਂ ਨੇ ਇੱਕ ਸ਼ਬਦ ਨਾਲ ਕੀਤੀ ਅਤੇ ਵੈਲਕਮ ਗੀਤ ਗਾਇਆ ਗਿਆ। ਬੱਚਿਆਂ ਵੱਲੋਂ ਮਾਤਾ ਪਿਤਾ ਦੀ ਕਦਰ ਕਰਨ ਦਾ ਸੰਦੇਸ਼ ਦਿੰਦਿਆਂ ਨਾਟਕ ਪੇਸ਼ ਕੀਤਾ ਗਿਆ। ਬੱਚਿਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਕੁੜੀਆਂ ਨੂੰ ਪੜ੍ਹਾਉਣ ਬਾਰੇ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਸੰਦੇਸ਼ ਦਿੰਦਿਆਂ ਪੈਰੋਡੀ ਪੇਸ਼ ਕੀਤੀ ਗਈ। ਬਦਲਦੇ ਸਮੇਂ ਨਾਲ ਕੁੜੀਆਂ ਦੇ ਜਨਮ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਬਦਲਦੀ ਸੋਚ ਦਾ ਸੰਦੇਸ਼ ਦਿੰਦਿਆਂ ਗਿੱਧੇ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ 'ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਪ੍ਰਿੰਸੀਪਲ ਮੈਡਮ ਅਤੇ ਮੈਨੇਜਮੈਂਟ ਦੇ ਮੈਂਬਰਾਂ ਦੁਆਰਾ ਹਰ ਖੇਤਰ ਵਿੱਚ ਅਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸ਼ੀਲਡਾਂ ਤੇ ਮੈਡਲ ਦਿੱਤੇ ਗਏ। ਟਰੱਸਟੀ ਮੈਂਬਰ ਸਰਦਾਰ ਰਜਿੰਦਰ ਸਿੰਘ ਜੀ ਨੇ ਆਏ ਹੋਏ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਸਕੂਲ ਵਿੱਚ ਹਰ ਸੈਕਸ਼ਨ ਵਿੱਚ ਸਮਾਰਟ



ਕਲਾਸ ਦੇ ਦਿੱਤੀ ਗਈ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ 11 ਹੋਰ ਸਮਾਰਟ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ ਤਾਂ ਜੋ ਆਪਣੇ ਸਕੂਲ ਦੇ ਬੱਚੇ ਸਿਵਲ ਦੇ ਸਕੂਲਾਂ ਦਾ ਮੁਕਾਬਲਾ ਕਰ ਸਕਣ। ਅੱਜ ਕੱਲ੍ਹ ਏ ਆਈ ਦਾ ਯੁੱਗ ਹੈ ਉਸਨੂੰ ਧਿਆਨ ਵਿੱਚ ਰੱਖਦੇ ਹੋਏ ਮੈਨੇਜਮੈਂਟ ਦਾ ਫੈਸਲਾ ਹੈ ਕਿ ਪਹਿਲੀ ਤੋਂ ਅਠਵੀਂ ਕਲਾਸ ਤੱਕ ਏ ਆਈ ਦੀ ਪੜ੍ਹਾਈ ਕਰਾਈ ਜਾਵੇਗੀ। ਪਰ ਸਕੂਲ ਦੀ ਫੀਸ ਵਿੱਚ ਏ ਆਈ ਦੀ ਪੜ੍ਹਾਈ ਕਰਾਉਣ ਲਈ ਕੋਈ ਵਾਧਾ ਨਹੀਂ ਕੀਤਾ ਜਾਵੇਗਾ, ਰੋਬੋਟਿੰਗ ਲੈਬਸ ਵਿੱਚ ਬੱਚੇ ਆਪ ਐਕਸਪੈਰੀਮੈਂਟ ਕਰਨਗੇ ਕਿ ਰਿਬੋਟ ਕਿਵੇਂ ਚਲਦਾ ਹੈ, ਉਸਨੂੰ ਕਿਵੇਂ ਬਣਾਉਣਾ ਹੈ ਪਰ ਉਸਦੀ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਸਾਲ ਤੋਂ ਭੁਪਿੰਦਰ ਸਿੰਘ ਗਰਚਾ ਸਰ ਦੀ ) ਦੀ ਐਡਵਾਈਜਰੀ ਨਾਲ ਸਕਿਲ ਐਜੂਕੇਸ਼ਨ ਨੂੰ ਛੇਵੀਂ ਕਲਾਸ ਤੋਂ ਸ਼ੁਰੂ ਕੀਤਾ ਜਾਏਗਾ, ਸ. ਭੁਪਿੰਦਰ ਸਿੰਘ ਜੀ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਪੜ੍ਹ ਲਿਖ ਕੇ ਬਾਹਰ ਜਾਣ ਵੱਲ ਧਿਆਨ ਨਾ ਦੇਣ ਬਲਕਿ ਆਈ ਏ ਐਸ ਪੀ ਸੀ ਐਸ ਅਤੇ ਫੌਜ ਵਿੱਚ ਜਾਣ ਵਲ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਭਾਈ ਗੁਰਇਕਬਾਲ ਸਿੰਘ ਜੀ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਬੱਚਿਆਂ ਨੂੰ ਅਜਿਹੀ ਵਿੱਦਿਆ ਮਿਲੇ ਜੋ ਬੱਚਿਆਂ ਨੂੰ ਪਰਉਪਕਾਰੀ ਬਣਾਵੇ ਅਤੇ ਬੱਚੇ ਪਰਉਪਕਾਰ ਦੀ ਭਾਵਨਾ ਨਾਲ ਆਉਣ ਵਾਲੀ ਜ਼ਿੰਦਗੀ ਵਿੱਚ ਵਿਚਰਨ ਪ੍ਰਿੰਸੀਪਲ ਮੈਡਮ ਜਸਲੀਨ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸਰਦਾਰ ਰਜਿੰਦਰ ਸਿੰਘ ਜੀ ਰਾਣਾ ਵੀਰ ਜੀ, ਸਰਦਾਰ ਭੁਪਿੰਦਰ ਸਿੰਘ ਜੀ ਗਰਚਾ, ਮਨਦੀਪ ਸਿੰਘ ਭੋਲੂ ਸ੍ਰੀਮਤੀ ਇੰਦਰਪ੍ਰੀਤ ਕੌਰ (ਪ੍ਰਿੰਸੀਪਲ ਬ੍ਰਾਂਚ 2) ਬੀਬੀ ਜਸਵਿੰਦਰ ਕੌਰ ਜੀ ਬੀਬੀ ਜਤਿੰਦਰ ਕੌਰ ਜੀ ਪਰਮਜੀਤ ਕੌਰ ਪੰਮਾ ਭੈਣ ਜੀ, ਮੁੱਖ ਤੌਰ 'ਤੇ ਹਾਜ਼ਰ ਹੋਏ।

## ਵਾਰਡ 43 ਤੋਂ ਕੌਂਸਲਰ ਇੰਦਰਜੀਤ ਪੰਡੋਰੀ ਦੀ ਅਗਵਾਈ ਹੇਠ ਮਜੀਠੀਆ ਦੰਪਤੀ ਦਾ ਸ਼ਾਨਦਾਰ ਸਵਾਗਤ ਜਨ ਸੈਲਾਬ ਨੇ 2027 ਵਿੱਚ ਅਕਾਲੀ ਸਰਕਾਰ ਦੀ ਨੀਂਹ ਰੱਖ ਦਿੱਤੀ: ਇੰਦਰਜੀਤ ਪੰਡੋਰੀ

ਅੰਮਿਤਸਰ, 10 ਫਰਵਰੀ (ਬਬਲੂ ਮਹਾਜਨ):ਵਾਰਡ ਨੰਬਰ 43 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਇੰਦਰਜੀਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਅਕਾਲੀ ਵਰਕਰਾਂ ਵੱਲੋਂ ਸੀਨੀਅਰ ਅਕਾਲੀ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਵਿਧਾਇਕ ਗੁਰਲੀਨ ਕੌਰ ਮਜੀਠੀਆ ਦਾ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਨਿੱਘਾ ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਅਕਾਲੀ ਦਲ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਗਈ।ਕੌਂਸਲਰ ਇੰਦਰਜੀਤ ਸਿੰਘ ਪੰਡੋਰੀ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜੀਠੀਆ ਸਾਹਿਬ ਦੇ ਸਵਾਗਤ ਲਈ ਉਮੜਿਆ ਜਨ ਸੈਲਾਬ ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ 2027 ਵਿੱਚ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੋਧੀ ਧਿਰ ਦੇ ਆਗੂਆਂ ਨਾਲ ਰਾਜਨੀਤਿਕ ਰੰਜ਼ਿਸ਼ਾਂ ਨਿਭਾਉਣ ਵਿੱਚ ਹੀ ਲੱਗੀ ਹੋਈ ਹੈ ਅਤੇ ਜਨਤਾ ਦੇ ਮੁੱਦਿਆਂ ਤੋਂ ਪੂਰੀ ਤਰ੍ਹਾਂ ਬੇਮੁਖ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਇਹ ਸਰਕਾਰ ਹੁਣ ਤੱਕ ਦੀ ਸਭ ਤੋਂ ਨਿਕੰਮੀ ਸਰਕਾਰ ਸਾਬਤ ਹੋਈ ਹੈ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਇਸਦੇ ਉਮੀਦਵਾਰਾਂ ਲਈ ਆਪਣੀਆਂ ਜ਼ਮਾਨਤਾਂ ਬਚਾਉਣੀਆਂ ਵੀ ਮੁਸ਼ਕਲ ਹੋ ਜਾਣਗੀਆਂ।ਇਸ ਮੌਕੇ ਗੁਰਦਿਆਲ ਸਿੰਘ ਭੁੱਲਰ, ਸੁਰਜੀਤ ਸਿੰਘ ਕੰਡਾ, ਕੁਲਦੀਪ ਸਿੰਘ ਦਾਸੂਵਾਲ, ਗੁਰਮੀਤ ਸਿੰਘ, ਹਰਮਿੰਦਰ ਸਿੰਘ, ਅਮਰਪ੍ਰੀਤ ਸਿੰਘ ਪੰਡੋਰੀ, ਜਸਵਿੰਦਰ ਸਿੰਘ ਬੀਕਾ, ਰਾਜਾ ਪ੍ਰਧਾਨ, ਮੈਡਮ ਰਜਨੀ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

## ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ 'ਲੀਕ' ਹੋਣ ਦੇ ਮਾਮਲੇ 'ਚ ਐਫ.ਆਈ.ਆਰ. ਦਰਜ

ਨਵੀਂ ਦਿੱਲੀ, 10 ਫਰਵਰੀ (ਚ.ਨ.ਸ): ਸਾਬਕਾ ਥਲ ਸੈਨਾ ਮੁਖੀ ਜਨਰਲ ਐਮ.ਐਮ. ਨਰਵਣੇ ਦੀ ਅਣਪ੍ਰਕਾਸ਼ਿਤ ਸਵੈ-ਜੀਵਨੀ 'ਫੋਰ



ਸਟਾਰਜ਼ ਆਫ ਡੈਸਟਨੀ' (Four Stars of Destiny) ਦੇ ਕੁਝ ਹਿੱਸੇ ਸੋਸ਼ਲ ਮੀਡੀਆ 'ਤੇ ਲੀਕ ਹੋਣ ਤੋਂ ਬਾਅਦ ਦਿੱਲੀ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ।ਪੁਲਿਸ ਦੇ ਸਪੈਸ਼ਲ ਸੈੱਲ ਨੇ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀਆਂ ਵਿਰੁੱਧ ਐਫ.ਆਈ.ਆਰ. ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਦੱਸਿਆ ਜਾ ਰਿਹਾ ਹੈ ਕਿ ਇਸ ਕਿਤਾਬ ਦੇ ਅਜੇ ਤੱਕ ਪ੍ਰਕਾਸ਼ਿਤ ਨਾ ਹੋਣ ਦੇ ਬਾਵਜੂਦ ਇਸ ਦੀ ਪੀ.ਡੀ.ਐਫ. ਕਾਪੀ ਤੇ ਕੁਝ ਅਹਿਮ ਅੰਸ਼ ਆਨਲਾਈਨ ਪਲੇਟਫਾਰਮਾਂ 'ਤੇ ਵਾਇਰਲ ਹੋ ਰਹੇ ਹਨ।ਪੁਲਿਸ ਮੁਤਾਬਿਕ ਇਹ ਰਾਸ਼ਟਰੀ ਸੁਰੱਖਿਆ ਤੇ ਸਰਕਾਰੀ ਗੁਪਤ ਐਕਟ ਦੇ ਨਿਯਮਾਂ ਦੀ ਉਲੰਘਣਾ ਹੋ ਸਕਦੀ ਹੈ, ਕਿਉਂਕਿ ਕਿਤਾਬ ਵਿੱਚ 2020 ਦੇ ਭਾਰਤ-ਚੀਨ ਐਲ.ਏ.ਸੀ. ਟਕਰਾਅ ਵਰਗੇ ਸੰਵੇਦਨਸ਼ੀਲ ਮੁੱਦਿਆਂ ਦਾ ਜ਼ਿਕਰ ਹੈ।ਰਾਹੁਲ ਗਾਂਧੀ ਨੇ ਇਸੇ ਕਿਤਾਬ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਸੀ ਤੇ ਇਹ ਕਿਹਾ ਸੀ ਕਿ ਸਰਕਾਰ ਚੀਨ ਦੇ ਮੁੱਦੇ 'ਤੇ ਚਰਚਾ ਤੋਂ ਡਰ ਰਹੀ ਹੈ।ਪਬਲਿਸ਼ਿੰਗ ਹਾਊਸ ਪੈਂਗੁਇਨ ਰੈਂਡਮ ਹਾਊਸ ਨੇ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਵੱਲੋਂ ਅਜੇ ਕੋਈ ਵੀ ਡਿਜੀਟਲ ਜਾਂ ਪ੍ਰਿੰਟ ਕਾਪੀ ਜਾਰੀ ਨਹੀਂ ਕੀਤੀ ਗਈ ਹੈ।ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਡਰਾਫਟ ਕਿੱਥੋਂ ਤੇ ਕਿਸ ਰਾਹੀਂ ਲੀਕ ਹੋਇਆ।

## 2 ਦਸੰਬਰ ਦੇ ਹੁਕਮਨਾਮੇ ਤਹਿਤ ਹੀ ਪੰਥਕ ਏਕਤਾ ਹੋਵੇਗੀ ਸੰਭਵ

ਹੁਸ਼ਿਆਰਪੁਰ/ਗੜ੍ਹਦੀਵਾਲਾ, 10 ਫਰਵਰੀ (ਚ.ਨ.ਸ): ਸ਼੍ਰੋਮਣੀ ਅਕਾਲੀ ਦਲ (ਪੁਨਰ/ਸੁਰਜੀਤੀ) ਦੀ ਇਕੱਤਰਤਾ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਧਾਰਮਿਕ ਸਰਪ੍ਰਸਤੀ ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਸੰਤ ਬਾਬਾ ਸਰਬਜੋਤ ਸਿੰਘ ਬੇਦੀ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਤੇ ਰਵੀ ਇੰਦਰ ਸਿੰਘ ਦੀ ਸਰਪ੍ਰਸਤੀ ਹੇਠ ਹੋਈ। ਮੀਟਿੰਗ ਵਿੱਚ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਹਾਜ਼ਰ ਰਹੀ। ਪਾਰਟੀ ਦੀਆਂ ਗਤੀਵਿਧੀਆਂ ਨੂੰ ਅੱਗੇ ਤੋਰਨ, ਪੰਜਾਬ ਤੇ ਪੰਥ ਨੂੰ ਦਰਪੇਸ਼ ਚੁਣੌਤੀਆਂ ਤੇ ਹੋਲੇ ਮਹੱਲੇ ਮੌਕੇ ਵਿਸ਼ਾਲ ਪੰਥਕ ਕਾਨਫਰੰਸ ਕਰਵਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਸਰਬਸੰਮਤੀ ਨਾਲ ਪਾਸ ਕੀਤੇ ਗਏ ਪਹਿਲੇ ਮਤੇ ਵਿੱਚ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕਿਸੇ ਵੀ ਸਥਿਤੀ ਵਿੱਚ ਸਮਝੌਤਾ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਪਾਲਣਾ ਕਰਨਾ ਲਾਜ਼ਮੀ ਹੈ ਤੇ ਜਦ ਤੱਕ ਸੁਖਬੀਰ ਬਾਦਲ ਤਿਆਗ ਦੀ ਭਾਵਨਾ ਨਹੀਂ ਦਿਖਾਉਂਦੇ, ਕੋਈ ਸਮਝੌਤਾ ਸੰਭਵ ਨਹੀਂ। ਦੂਜੇ ਮਤੇ ਅਨੁਸਾਰ ਮਾਰਚ ਮਹੀਨੇ ਵਿੱਚ ਹੋਲੇ ਮਹੱਲੇ ਦੇ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਥਕ ਕਾਨਫਰੰਸ ਕੀਤੀ ਜਾਵੇਗੀ, ਜਿਸ ਵਿੱਚ ਅਕਾਲੀ ਦਲ ਦਾ ਵਿਧੀ-ਵਿਧਾਨ ਪੱਤਰ ਜਾਰੀ ਕੀਤਾ ਜਾਵੇਗਾ ਤੇ ਭਵਿੱਖ ਦੇ ਵੱਡੇ ਪ੍ਰੋਗਰਾਮਾਂ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ। ਤੀਜੇ ਮਤੇ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਵਾਉਣ ਲਈ ਸਰਕਾਰਾਂ ਵਿਰੁੱਧ ਸੰਘਰਸ਼ ਸ਼ੁਰੂ ਕਰਨ ਤੇ ਐਸਜੀਪੀਸੀ ਵਿੱਚ ਹੋ ਰਹੇ ਕਥਿਤ ਘਪਲਿਆਂ ਖ਼ਿਲਾਫ਼ ਸਰਗਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ।ਚੌਥੇ ਮਤੇ ਤਹਿਤ ਜ਼ਿਲ੍ਹਾ ਜਥੇਦਾਰਾਂ ਤੇ ਹੋਰ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਕੇ ਜ਼ਿਲ੍ਹਾ ਪੱਧਰੀ ਵੱਡੇ ਪ੍ਰੋਗਰਾਮ ਕਰਨ ਦਾ ਐਲਾਨ ਕੀਤਾ ਗਿਆ।ਮੀਟਿੰਗ ਵਿੱਚ ਪੰਜਵਾਂ ਤੇ ਅੰਤਿਮ ਮਤਾ ਪਾਸ ਕਰਦੇ ਹੋਏ ਫੈਸਲਾ ਕੀਤਾ ਗਿਆ ਕਿ ਇੱਕ ਵਿਅਕਤੀ ਸਿਰਫ਼ ਇੱਕ ਹੀ ਅਹੁਦਾ ਰੱਖੇਗਾ।ਜਿਨ੍ਹਾਂ ਕੋਲ ਇੱਕ ਤੋਂ ਵੱਧ ਅਹੁਦੇ ਹਨ, ਉਹ ਇੱਕ ਅਹੁਦਾ ਰੱਖ ਕੇ ਬਾਕੀਆਂ ਤੋਂ ਅਸਤੀਫਾ ਦੇਣਗੇ। ਇਹ ਮਤੇ ਹੋਲੇ ਮਹੱਲੇ ਤੋਂ ਪਹਿਲਾਂ ਅਮਲੀ ਰੂਪ ਵਿੱਚ ਲਾਗੂ ਕਰਕੇ ਸੰਗਤਾਂ ਦੇ ਇਕੱਠ ਵਿੱਚ ਐਲਾਨੇ ਜਾਣਗੇ।ਇਸ ਮੌਕੇ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਸੁਰਜੀਤ ਸਿੰਘ ਰੱਖੜਾ, ਗੋਬਿੰਦ ਸਿੰਘ ਲੌਂਗੋਵਾਲ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਦੇਪੁਰੀ, ਇਕਬਾਲ ਸਿੰਘ ਝੂੰਦਾ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਸਰਵਨ ਸਿੰਘ ਫਿਲੌਰ, ਅਜੇਪਾਲ ਸਿੰਘ ਬਰਾੜ, ਰਣਜੀਤ ਸਿੰਘ ਸੱਜਲ, ਜਸਟਿਸ ਨਿਰਮਲ ਸਿੰਘ, ਹਰਜੀਤ ਕੌਰ ਤਲਵੰਡੀ, ਜਸਵੀਰ ਸਿੰਘ ਘੁੰਮਣ, ਰਘਵੀਰ ਸਿੰਘ ਰਾਜਾਸਾਂਸੀ, ਕਰਨੈਲ ਪੀਰ ਮੁਹੰਮਦ, ਮਨਜੀਤ ਸਿੰਘ ਹਾਜ਼ਰ ਸਨ।

## ਪੀਐਫ ਕਢਵਾਉਣਾ ਹੋਇਆ ਆਸਾਨ

### ਯੂਪੀਆਈ ਐਪ ਰਾਹੀਂ ਹੁਣ ਮਿੰਟਾਂ 'ਚ ਖਾਤੇ 'ਚ ਆਉਣਗੇ ਪੈਸੇ!

ਨਵੀਂ ਦਿੱਲੀ, 10 ਫਰਵਰੀ (ਚ.ਨ.ਸ): ਕਰਮਚਾਰੀ ਪ੍ਰਾਵੀਡੈਂਟ ਫੰਡ ਸੰਗਠਨ (ਈਪੀਐਫਓ) ਆਪਣੀਆਂ ਆਨਲਾਈਨ ਸੇਵਾਵਾਂ ਦੇ ਆਧੁਨਿਕੀਕਰਨ ਲਈ ਵੱਡਾ ਕਦਮ ਚੁੱਕਣ ਜਾ ਰਿਹਾ ਹੈ।ਈਪੀਐਫ ਖਾਤਾਧਾਰਕ ਮੁਲਾਜ਼ਮਾਂ ਨੂੰ ਛੇਤੀ ਹੀ ਯੂਪੀਆਈ ਪੇਮੈਂਟ ਗੇਟਵੇ ਰਾਹੀਂ ਆਪਣੇ ਪੀਐਫ ਖਾਤੇ ਤੋਂ ਤੁਰੰਤ ਨਿਕਾਸੀ ਦੀ ਸਹੂਲਤ ਮਿਲੇਗੀ।ਕਿਰਤ ਮੰਤਰਾਲੇ ਦੇ ਸੂਤਰਾਂ ਮੁਤਾਬਿਕ ਇਸ ਲਈ ਨਵੀਂ ਮੋਬਾਈਲ ਐਪ ਅਪ੍ਰੈਲ ਵਿੱਚ ਲਾਂਚ ਕੀਤੀ ਜਾਵੇਗੀ, ਜਿਸ ਦੇ ਜ਼ਰੀਏ ਮੈਂਬਰ ਆਪਣੇ ਬੈਂਕ ਖਾਤੇ ਵਿੱਚ ਸਿੱਧੇ ਯੂਪੀਆਈ ਰਾਹੀਂ ਰਾਸ਼ੀ ਟਰਾਂਸਫਰ ਕਰ ਸਕਣਗੇ।ਇਹ ਸਹੂਲਤ ਈਪੀਐਫਓ 3.0 ਦੇ ਤੀਜੇ ਪੜਾਅ ਦੇ ਤਹਿਤ ਸ਼ੁਰੂ ਕੀਤੀ ਜਾ ਰਹੀ ਹੈ।ਮੰਤਰਾਲੇ ਦੇ ਉਚ ਪੱਧਰੀ ਸੂਤਰਾਂ ਨੇ ਕਿਹਾ ਕਿ ਇਸ ਨਵੀਂ ਸੇਵਾ ਦਾ ਤਜਰਬਾ ਸ਼ੁਰੂ ਹੋ ਚੁੱਕਾ ਹੈ ਤੇ ਫਿਲਹਾਲ 100 ਤੋਂ ਜ਼ਿਆਦਾ ਡਮੀ ਖਾਤਿਆਂ 'ਤੇ ਪਰਖ ਕੀਤੀ ਜਾ ਰਹੀ ਹੈ ਤਾਂ ਜੋ ਤਕਨੀਕੀ ਖਾਮੀਆਂ ਦੂਰ ਕੀਤੀਆਂ ਜਾ ਸਕਣ। ਐਪ ਦੇ ਜ਼ਰੀਏ ਨਾਲ ਮੈਂਬਰ ਪਾਸਬੁੱਕ ਬੈਲੇਂਸ ਦੇਖ ਸਕਣਗੇ ਤੇ ਨਿਕਾਸੀ ਯੋਗ ਰਾਸ਼ੀ ਦੀ ਜਾਣਕਾਰੀ ਲੈ ਸਕਣਗੇ ਤੇ ਆਪਣੇ ਲਿੰਕਡ ਬੈਂਕ ਖਾਤੇ 'ਚ ਯੂਪੀਆਈ ਪਿੰਨ



ਰਾਹੀਂ ਸੁਰੱਖਿਅਤ ਲੈਣ-ਦੇਣ ਕਰ ਸਕਣਗੇ।ਫਰੀਜ਼ ਰਹੇਗੀ 25 ਫ਼ੀਸਦੀ ਰਕਮ: ਨਵੇਂ ਨਿਯਮਾਂ ਤਹਿਤ ਪੀਐਫ ਖਾਤੇ ਦੀ ਘੱਟੋ-ਘੱਟ 25 ਫ਼ੀਸਦੀ ਰਾਸ਼ੀ ਫਰੀਜ਼ ਰਹੇਗੀ, ਜਦਕਿ ਬਾਕੀ ਰਕਮ ਵਿੱਚੋਂ ਖਾਤਾਧਾਰਕ ਤੈਅ ਹੱਦ ਤੱਕ ਜ਼ਰੂਰਤ ਮੁਤਾਬਿਕ ਨਿਕਾਸੀ ਕਰ ਸਕਣਗੇ।ਇਸ ਸਮੇਂ ਮੈਂਬਰ ਯੂਏਐਨ ਪੋਰਟਲ ਜਾਂ ਉਮੰਗ ਐਪ ਰਾਹੀਂ ਸੇਵਾਵਾਂ ਲੈਂਦੇ ਹਨ, ਜਿਹੜੀ ਅੱਗੇ ਵੀ ਮੁਹੱਈਆ ਰਹੇਗੀ।ਪਰ ਨਵੀਂ ਐਪ ਸੇਵਾਵਾਂ ਦੀ ਪਹੁੰਚ ਤੇ ਰਫ਼ਤਾਰ ਨੂੰ ਹੋਰ ਬਿਹਤਰ ਕਰੇਗੀ।ਆਟੋ ਸੈਟਲਮੈਂਟ ਵਿਵਸਥਾ ਵੀ ਹੋਵੇਗੀ ਐਕਟਿਵ: ਫਿਲਹਾਲ ਪੀਐਫ ਨਿਕਾਸੀ ਲਈ ਅਪਲਾਈ ਕਰਨਾ ਪੈਂਦਾ ਹੈ, ਜਿਸ ਵਿੱਚ ਸਮਾਂ ਲੱਗਦਾ ਹੈ। ਹਾਲਾਂਕਿ ਆਟੋ-ਸੈਟਲਮੈਂਟ ਮੋਡ ਵਿੱਚ ਦਾਅਵੇ ਤਿੰਨ ਦਿਨਾਂ ਦੇ ਅੰਦਰ ਨਿਪਟਾਏ ਜਾਂਦੇ ਹਨ ਤੇ ਇਸ ਦੀ ਹੱਦ ਹਾਲੀਆ ਇਕ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰ ਦਿੱਤੀ ਗਈ ਹੈ। ਈਪੀਐਫਓ ਦੇ ਲਗਭਗ 8 ਕਰੋੜ ਮੈਂਬਰ ਹਨ ਤੇ ਸੰਗਠਨ ਹਰ ਸਾਲ ਪੰਜ ਕਰੋੜ ਤੋਂ ਜ਼ਿਆਦਾ ਦਾਅਵਿਆਂ ਦਾ ਨਿਪਟਾਰਾ ਕਰਦਾ ਹੈ।ਕੋਵਿਡ ਕਾਲ ਵਿੱਚ ਸ਼ੁਰੂ ਹੋਈ ਆਨਲਾਈਨ ਆਟੋ-ਸੈਟਲਮੈਂਟ ਵਿਵਸਥਾ ਨੂੰ ਹੁਣ ਹੋਰ ਉਨਤ ਬਣਾਇਆ ਜਾ ਰਿਹਾ ਹੈ ਤਾਂ ਜੋ ਬੈਲੇਂਸ ਵਰਗੀ ਤੁਰੰਤ ਸਹੂਲਤ ਪੀਐਫ ਮੈਂਬਰਾਂ ਨੂੰ ਵੀ ਮਿਲ ਸਕੇ।

## ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਵਿਰੋਧੀ ਧਿਰ ਵੱਲੋਂ ਅਵਿਸ਼ਵਾਸ ਮਤਾ, ਪੱਖਪਾਤ ਤੇ ਆਵਾਜ਼ ਦਬਾਉਣ ਦੇ ਲਗਾਏ ਗੰਭੀਰ ਦੋਸ਼

ਨਵੀਂ ਦਿੱਲੀ, 10 ਫਰਵਰੀ (ਚ.ਨ.ਸ): ਦੇਸ਼ ਦੀ ਸਿਆਸਤ ਵਿੱਚ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਹੁਦੇ ਤੋਂ ਹਟਾਉਣ ਲਈ ਨੋਟਿਸ ਦਿੱਤਾ। ਵਿਰੋਧੀ ਧਿਰ ਨੇ ਸਪੀਕਰ 'ਤੇ ਸਦਨ ਦੀ ਕਾਰਵਾਈ ਦੌਰਾਨ ਪੱਖਪਾਤ ਕਰਨ ਤੇ ਵਿਰੋਧੀ ਮੈਂਬਰਾਂ ਦੀ ਆਵਾਜ਼ ਨੂੰ ਜ਼ਬਰਦਸਤੀ ਦਬਾਉਣ ਦੇ ਗੰਭੀਰ ਦੋਸ਼ ਲਗਾਏ ਹਨ। ਕਾਂਗਰਸ ਦੇ ਸੰਸਦ ਮੈਂਬਰ ਕੇ. ਸੁਰੇਸ਼ ਵੱਲੋਂ ਕਈ ਵਿਰੋਧੀ ਪਾਰਟੀਆਂ ਦੇ ਦਸਤਖਤਾਂ ਵਾਲਾ ਇਹ ਨੋਟਿਸ ਲੋਕ ਸਭਾ ਸਕੱਤਰੇਤ ਨੂੰ ਸੌਂਪਿਆ ਗਿਆ ਹੈ। ਵਿਰੋਧੀ ਧਿਰ ਦਾ ਮੁੱਖ ਇਤਰਾਜ਼ ਇਹ ਹੈ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੌਰਾਨ ਬੋਲਣ ਤੋਂ ਰੋਕਿਆ ਗਿਆ।ਖਾਸ ਕਰਕੇ ਜਦੋਂ ਉਹ



ਸਾਬਕਾ ਫੌਜ ਮੁਖੀ ਜਨਰਲ ਐਮ.ਐਮ. ਨਰਵਣੇ ਦੀ ਕਿਤਾਬ ਵਿੱਚੋਂ ਭਾਰਤ-ਚੀਨ ਸਰਹੱਦੀ ਵਿਵਾਦ ਬਾਰੇ ਹਵਾਲੇ ਦੇ ਰਹੇ ਸਨ।ਇਸ ਤੋਂ ਇਲਾਵਾ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਤੇ ਮਹਿਲਾ ਮੈਂਬਰਾਂ ਵਿਰੁੱਧ ਸਪੀਕਰ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਵੀ ਇਸ ਨੋਟਿਸ ਦਾ ਅਧਾਰ ਬਣਾਇਆ ਗਿਆ ਹੈ।ਦੂਜੇ ਪਾਸੇ, ਕੇਂਦਰ ਸਰਕਾਰ ਨੇ ਇਸ ਕਦਮ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ।ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਵਿਰੋਧੀ ਧਿਰ ਕੋਲ ਇਸ ਮਤੇ ਨੂੰ ਪਾਸ ਕਰਵਾਉਣ ਲਈ ਲੋੜੀਂਦੀ ਗਿਣਤੀ (ਨੰਬਰ) ਨਹੀਂ ਹੈ। ਸਪੀਕਰ ਓਮ ਬਿਰਲਾ ਨੇ ਵੀ ਆਪਣਾ ਪੱਖ ਰੱਖਦਿਆਂ ਕਿਹਾ ਕਿ ਉਨ੍ਹਾਂ ਕੋਲ ਪੁਖ਼ਤਾ ਜਾਣਕਾਰੀ ਸੀ ਕਿ ਕੁਝ ਸੰਸਦ ਮੈਂਬਰ ਸਦਨ ਵਿੱਚ ਮਰਿਯਾਦਾ ਭੰਗ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਸਖ਼ਤ ਕਦਮ ਚੁੱਕਣੇ ਪਏ।ਫਿਲਹਾਲ, ਸੰਵਿਧਾਨ ਤਹਿਤ ਇਸ ਪ੍ਰਕਿਰਿਆ ਲਈ 14 ਦਿਨਾਂ ਦਾ ਨੋਟਿਸ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਸਦਨ ਵਿੱਚ ਅਗਲੀ ਕਾਰਵਾਈ ਹੋਵੇਗੀ।

## ਬੇਦੀ ਮੈਡੀਕਲ ਸਟੋਰ ਮਾਲਕ ਦੇ ਕਤਲ ਮਾਮਲੇ 'ਚ ਲੋੜੀਂਦੇ ਸ਼ੂਟਰ ਦਾ ਬਟਾਲਾ ਪੁਲਿਸ ਨੇ ਕੀਤਾ ਐਨਕਾਊਂਟਰ



ਡੇਰਾ ਬਾਬਾ ਨਾਨਕ, 10 ਫਰਵਰੀ (ਹੈਪੀ ਕੋਟਲੀ): ਬੀਤੇ ਦਿਨ ਡੇਰਾ ਬਾਬਾ ਨਾਨਕ ਵਿੱਚ ਬੇਦੀ ਮੈਡੀਕਲ ਸਟੋਰ ਦੇ ਮਾਲਕ ਦੇ ਕਤਲ ਮਾਮਲੇ ਦੇ ਵਿੱਚ ਅੱਜ ਪੁਲਿਸ ਜ਼ਿਲ੍ਹਾ ਬਟਾਲਾ ਵੱਲੋਂ ਇਸ ਮਾਮਲੇ ਵਿੱਚ ਲੋੜੀਂਦੇ ਚਾਰ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਨਿਸ਼ਾਨ ਸਿੰਘ ਨਾਮਕ ਇੱਕ ਗੈਂਗਸਟਰ ਦਾ ਪਿੰਡ ਖੰਨਾ ਚਮਾਰਾ ਦੇ ਨਜ਼ਦੀਕ ਐਨਕਾਊਂਟਰ ਕੀਤਾ ਗਿਆ ਹੈ। ਜਿਸ ਵਿੱਚ ਗੈਂਗਸਟਰ ਦੇ ਲੱਤ ਵਿੱਚ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਮੌਕੇ 'ਤੇ ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਤੇ ਐਸਐਸਪੀ ਬਟਾਲਾ ਮਹਿਤਾਬ ਸਿੰਘ ਐਨਕਾਊਂਟਰ ਵਾਲੀ ਜਗ੍ਹਾ ਉਪਰ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਬੀਤੇ ਕੁਝ ਦਿਨ ਪਹਿਲਾਂ ਡੇਰਾ ਬਾਬਾ ਨਾਨਕ ਦੇ ਬਾਜ਼ਾਰ ਜੋੜੀਆਂ ਵਿੱਚ ਬੇਦੀ ਮੈਡੀਕਲ ਸਟੋਰ ਦੇ ਮਾਲਕ ਰਣਦੀਪ ਸਿੰਘ ਦਾ ਅਨਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਤੇ ਉਸ ਦਿਨ ਤੋਂ ਹੀ ਪੰਜਾਬ ਪੁਲਿਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਇਸ ਕਤਲ ਕੇਸ ਦੀ ਗੁੱਥੀ ਨੂੰ ਸੁਲਝਾਉਣ ਲਈ ਟੈਕਨੀਕਲ ਤਰੀਕੇ ਨਾਲ ਜਾਂਚ ਕੀਤੀ ਜਾ ਰਹੀ ਸੀ। ਜਿਸ ਦੌਰਾਨ ਇਸ ਮਾਮਲੇ ਵਿੱਚ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਦੋ ਪੁਲਿਸ ਥਾਣਾ ਕੋਟਲੀ ਸੂਰਤ ਮਲੀ ਅਧੀਨ ਆਉਂਦੇ ਦੋ ਸਕੇ ਭਰਾਵਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਇਸ ਮਾਮਲੇ ਦੇ ਮੁੱਖ ਸ਼ੂਟਰ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਅੱਜ ਜਦੋਂ ਉਸ ਨੂੰ ਹਥਿਆਰਾਂ ਦੀ ਰਿਕਵਰੀ ਦੀ ਲਿਆਂਦਾ ਗਿਆ ਤਾਂ ਉਸ ਵੱਲੋਂ ਪੁਲਿਸ ਉੱਪਰ ਤਾਬੜਤੋੜ ਫਾਇਰਿੰਗ ਕਰ ਦਿੱਤੀ ਗਈ, ਜਿਸ ਵਿੱਚ ਨਿਸ਼ਾਨ ਸਿੰਘ ਨਾਮਕ ਜੋ ਕਿ ਥਾਣਾ ਅਜਨਾਲਾ ਦਾ ਰਹਿਣ ਵਾਲਾ ਹੈ, ਪੁਲਿਸ ਦੀ ਜਵਾਬੀ ਫਾਇਰਿੰਗ ਵਿੱਚ ਜ਼ਖਮੀ ਹੋ ਗਿਆ ਜਿਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ।

## ਡੀ.ਐਸ.ਪੀ. ਮਾਨ ਦੀ ਅਗਵਾਈ ਹੇਠ ਕਾਸੋ ਆਪ੍ਰੇਸ਼ਨ ਤਹਿਤ ਚੈਕਿੰਗ



ਧਾਰੀਵਾਲ, 10 ਫਰਵਰੀ (ਅਸ਼ੋਕ): ਐਸਐਸਪੀ ਗੁਰਦਾਸਪੁਰ ਆਦਿੱਤਿਯ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖਣ ਤੇ ਅਪਰਾਧਿਕ ਅਨਸਰਾਂ 'ਤੇ ਨਕੇਲ ਕੱਸਣ ਲਈ ਡੀਐਸਪੀ ਕੁਲਵੰਤ ਸਿੰਘ ਮਾਨ ਵੱਲੋਂ ਭਾਰੀ ਪੁਲਿਸ ਫੋਰਸ ਦੇ ਨਾਲ ਕਾਸੋ ਆਪ੍ਰੇਸ਼ਨ ਤਹਿਤ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਇਸ ਦੌਰਾਨ ਤਰੀਜਾ ਨਗਰ ਮੋੜ ਬਾਈਪਾਸ ਧਾਰੀਵਾਲ ਵਿਖੇ ਜ਼ਬਰਦਸਤ ਨਾਕਾਬੰਦੀ ਕਰਕੇ ਸ਼ੱਕੀ ਵਿਅਕਤੀਆਂ ਤੇ ਅਧੂਰੇ ਕਾਗਜ਼ਾਤ ਵਾਲੇ ਵਾਹਨਾਂ ਦੀ ਬੜੀ ਗੰਭੀਰਤਾ ਨਾਲ ਜਾਂਚ ਕੀਤੀ ਗਈ।ਇਸ ਤੋਂ ਇਲਾਵਾ ਬੱਸ ਸਟੈਂਡ ਧਾਰੀਵਾਲ, ਰੇਲਵੇ ਸਟੇਸ਼ਨ, ਲੁਧਿਆਣਾ ਮੁਹੱਲਾ ਤੇ ਮਿੱਲ ਗਰਾਊਂਡ ਧਾਰੀਵਾਲ ਵਿਖੇ ਵੀ ਕਾਸੋ ਆਪ੍ਰੇਸ਼ਨ ਤਹਿਤ ਚੈਕਿੰਗ ਕੀਤੀ ਗਈ।ਪੁਲਿਸ ਟੀਮਾਂ ਵੱਲੋਂ ਆਉਣ-ਜਾਣ ਵਾਲੇ ਲੋਕਾਂ ਨਾਲ ਪੁੱਛਗਿੱਛ ਕੀਤੀ ਗਈ ਤੇ ਵਾਹਨਾਂ ਦੇ ਦਸਤਾਵੇਜ਼ ਧਿਆਨ ਨਾਲ ਚੈਕ ਕੀਤੇ ਗਏ ਤਾਂ ਜੋ ਕਿਸੇ ਵੀ ਕਿਸਮ ਦੀ ਗ਼ੈਰਕਾਨੂੰਨੀ ਸਰਗਰਮੀ ਨੂੰ ਸਮੇਂ ਸਿਰ ਰੋਕਿਆ ਜਾ ਸਕੇ।ਡੀਐਸਪੀ ਕੁਲਵੰਤ ਸਿੰਘ ਮਾਨ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਅਜਿਹੀਆਂ ਚੈਕਿੰਗ ਮੁਹਿੰਮਾਂ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ।

## ਬਲਬੀਰ ਸਿੰਘ ਪੰਨੂੰ ਦੀ ਅਗਵਾਈ ਹੇਠ 'ਆਪ' ਹਲਕਾ ਫਤਹਿਗੜ੍ਹ ਚੂੜੀਆਂ 'ਚ ਵੱਡੀ ਤਾਕਤ ਬਣ ਚੁੱਕੀ ਹੈ: ਆਪ ਆਗੂ

ਫਤਹਿਗੜ੍ਹ ਚੂੜੀਆਂ, 10 ਫਰਵਰੀ (ਰਾਜਨ ਸ਼ਰਮਾ): ਫ਼ਤਹਿਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਤੇ ਸਾਬਕਾ ਪਨਸਪ ਚੇਅਰਮੈਨ ਦੀ ਅਗਵਾਈ ਹੇਠ ਹਲਕਾ



ਫਤਹਿਗੜ੍ਹ ਚੂੜੀਆਂ ਅੰਦਰ ਆਮ ਆਦਮੀ ਪਾਰਟੀ ਵੱਡੀ ਤਾਕਤ ਬਣ ਚੁੱਕੀ ਹੈ।ਕਿਉਂਕਿ ਸਰਕਾਰ ਤੇ ਹਲਕਾ ਇੰਚਾਰਜ ਦੀਆਂ ਨੀਤੀਆਂ ਤੇ ਕੰਮਾਂ ਤੋਂ ਖੁਸ਼ ਹੋ ਕੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਫਤਹਿਗੜ੍ਹ ਚੂੜੀਆਂ ਦੇ ਸੀਨੀਅਰ ਵਰਕਰ ਨਵੀਸ਼ ਨੰਦਾ ਸ਼ਹਿਰੀ ਯੂਥ ਪ੍ਰਧਾਨ ਤੇ ਮਾਧਵ ਬੇਦੀ ਵਪਾਰੀ ਕਮਿਸ਼ਨ ਦੇ ਮੈਂਬਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ।ਨਵੀਸ਼ ਨੰਦਾ ਤੇ ਮਾਧਵ ਬੇਦੀ ਨੇ ਕਿਹਾ ਕਿ ਵਿਰੋਧੀਆਂ ਦੇ ਭੁਲੇਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਦੂਰ ਕਰ ਦਿੱਤੇ ਹਨ ਤੇ ਬਹੁਤ ਸਾਰੇ ਪਿੰਡਾਂ ਵਿੱਚ ਲੱਖਾਂ ਰੁਪਏ ਦੇ ਵਿਕਾਸ ਕਾਰਜ ਚੱਲ ਰਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਅੱਜ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ ਕਿਉਂਕਿ ਆਮ ਆਦਮੀ ਪਾਰਟੀ ਇੱਕ ਅਜਿਹੀ ਪਾਰਟੀ ਹੈ ਜਿਸ ਨੇ ਹਰ ਵਿਅਕਤੀ ਨੂੰ ਪਾਰਟੀ ਵਿੱਚ ਪੂਰਾ ਮਾਣ-ਸਨਮਾਨ ਦਿੱਤਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਬਲਬੀਰ ਸਿੰਘ ਪੰਨੂੰ ਦੀ ਰਹਿਨੁਮਾਈ ਹੇਠ 2027 ਵਿੱਚ ਹਲਕਾ ਫਤਹਿਗੜ੍ਹ ਚੂੜੀਆਂ ਵੱਡੀ ਲੀਡ ਦੇ ਨਾਲ ਜਿੱਤ ਪ੍ਰਾਪਤ ਕਰਕੇ ਭਗਵੰਤ ਸਿੰਘ ਮਾਨ ਦੀ ਝੋਲੀ ਵਿੱਚ ਪਾਉਣਗੇ ਤੇ ਵਿਰੋਧੀ ਪਾਰਟੀਆਂ ਦੇ ਭੁਲੇਖੇ ਦੂਰ ਕਰਨਗੇ।

## ਯਾਦਗਾਰੀ ਹੋ ਨਿੱਬੜਿਆ ਹਰਚੋਵਾਲ ਦਾ ਆਮ ਇਜਲਾਸ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਕਾਦੀਆਂ, 10 ਫਰਵਰੀ (ਸੁਖਅੰਮ੍ਰਿਤ ਘੁਮਾਣ/ਸਿਕੰਦਰ ਸੰਧੂ): ਬੀਤੇ ਦਿਨ ਨਜ਼ਦੀਕੀ ਕਸਬਾ ਹਰਚੋਵਾਲ ਵਿੱਚ ਗ੍ਰਾਮ ਸਭਾ ਦਾ ਆਮ ਇਜਲਾਸ ਹੋਇਆ ਜੋ ਪਿੰਡ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ।ਇਸ ਇਜਲਾਸ ਵਿੱਚ ਨਗਰ ਦਾ ਹੇਤ ਰੱਖਣ ਵਾਲੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਤੇ ਆਪਣੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ।ਇਸ ਮੌਕੇ ਬਹੁਤ ਹੀ ਸ਼ਾਂਤੀ ਭਰੇ ਮਾਹੌਲ ਵਿੱਚ ਪਿੰਡ ਦੇ ਲੋਕਾਂ ਨੇ ਆਪਣੀ ਗੱਲ ਰੱਖੀ ਤੇ ਬੈਠੀ ਗ੍ਰਾਮ ਸਭਾ ਨੇ ਉਸ 'ਤੇ ਸੋਚ ਵਿਚਾਰ ਕਰਕੇ ਹਾਂ-ਪੱਖੀ ਮੋਹਰ ਲਗਾਈ।ਇਸ ਮੌਕੇ 'ਤੇ ਸੰਬੋਧਨ ਕਰਦਿਆਂ ਸਰਪੰਚ ਕੈਪਟਨ ਧਰਮਿੰਦਰ ਸਿੰਘ ਹਰਚੋਵਾਲ ਨੇ ਕਿਹਾ ਕਿ ਬਹੁਤ ਸਾਰੇ ਕੰਮ ਅਜਿਹੇ ਵੀ ਹੁੰਦੇ ਹਨ ਜੋ ਪੈਸੇ ਤੋਂ ਬਿਨਾਂ ਆਪਸੀ ਇਕੱਤਰਤਾ ਦੇ ਨਾਲ ਹੁੰਦੇ ਹਨ।ਉਨ੍ਹਾਂ ਅਪੀਲ ਕੀਤੀ ਕਿ ਆਓ ਰਲ ਮਿਲ ਕੇ ਪਿੰਡ ਨੂੰ ਸਵਾਰੀਏ ਤੇ ਸ਼ਿੰਗਾਰੀਏ ਤੇ ਰਲ ਮਿਲ ਕੇ ਕੰਮ ਕਰਨ ਦੀ ਭਾਵਨਾ ਨੂੰ ਉਜਾਗਰ ਕਰੀਏ। ਇਸ ਮੌਕੇ 'ਤੇ ਕੁਝ ਇੱਕ ਕੈਦੇ ਕਾਨੂੰਨ ਪਿੰਡ ਵਾਸਤੇ ਬਣਾਏ ਗਏ, ਜਿਨ੍ਹਾਂ ਨੂੰ ਮੰਨਣਾ ਤੇ ਮਨਵਾਉਣਾ ਹਰ ਨਗਰ ਨਿਵਾਸੀ ਦੀ



ਡਿਊਟੀ ਬਣਦੀ ਹੈ ਤਾਂ ਕਿ ਪਿੰਡ ਦੀ ਸੁਰੱਖਿਆ ਤੇ ਪਿੰਡ ਦਾ ਮਾਹੌਲ ਵਧੀਆ ਬਣਿਆ ਰਹੇ।ਇਸ ਮੌਕੇ 'ਤੇ ਸਮੂਹ ਗ੍ਰਾਮ ਪੰਚਾਇਤ ਹਰਚੋਵਾਲ ਵੱਲੋਂ ਪਹੁੰਚੇ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਦੇ ਵੀ ਪਿੰਡ ਦੇ ਕਿਸੇ ਵੀ ਆਦਮੀ ਦੇ ਮਾਣ-ਸਤਿਕਾਰ ਵਿੱਚ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਸ਼ਰਤ ਇਹ ਹੈ ਕਿ ਉਹ ਆਦਮੀ ਖੁਦ ਪਿੰਡ ਦਾ ਹਿੱਤ ਰੱਖਦਾ ਹੋਵੇ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ ਜਿਨ੍ਹਾਂ ਵਿੱਚ ਮੈਂਬਰ ਪੰਚਾਇਤ ਬਲਬੀਰ ਸਿੰਘ, ਮੈਂਬਰ ਮਿੱਤਰ ਸਿੰਘ, ਮੈਂਬਰ ਹਰਪਾਲ ਸਿੰਘ, ਮੈਂਬਰ ਰਜਿੰਦਰ ਸਿੰਘ, ਮੈਂਬਰ ਰਜੀਵ ਕੁਮਾਰ, ਮੈਂਬਰ ਅਮਰਵੀਰ ਸਿੰਘ, ਮੈਂਬਰ ਬਲਦੇਵ ਸਿੰਘ, ਮੈਂਬਰ ਮੇਜਰ ਸਿੰਘ, ਸੈਕਟਰੀ ਅਮਰੀਕ ਸਿੰਘ ਚਾਹਲ, ਸੈਕਟਰੀ ਪਲਵਿੰਦਰ ਸਿੰਘ, ਜਗੀਰ ਸਿੰਘ, ਕਰਤਾਰ ਸਿੰਘ, ਵਸੀਕਾ ਨਵੀਸ ਡਾ. ਮਲਕੀਤ ਸਿੰਘ, ਤਰਲੋਕ ਸਿੰਘ, ਦਿਆਲ, ਗਗਨਦੀਪ ਸਿੰਘ ਰਿਆੜ, ਅਮਨਦੀਪ ਸਿੰਘ ਰਿਆੜ, ਰਾਜ ਤੌਂਦਰ ਸਿੰਘ, ਸਾਬਕਾ ਮੈਂਬਰ ਨਰਿੰਦਰ ਸਿੰਘ, ਸਤਨਾਮ ਸਿੰਘ ਨੰਬਰਦਾਰ, ਕਰਮ ਸਿੰਘ ਸਾਬਕਾ ਸਰਪੰਚ, ਡਾ. ਗੁਰਨੇਕ ਸਿੰਘ, ਨੰਬਰਦਾਰ ਗੁਰਦਿਆਲ ਸਿੰਘ, ਗੁਰਮੁਖ ਸਿੰਘ ਕਾਲਾ, ਸੁਖਚੈਨ ਸਿੰਘ ਸੈਕਟਰੀ, ਕੁਲਵੰਤ ਸਿੰਘ, ਸੁਖਵੰਤ ਸਿੰਘ, ਸਲਵੰਤ ਸਿੰਘ, ਸਰਪੰਚ ਦਲਵੀਰ ਮਸੀਹ, ਕਸ਼ਮੀਰ ਮਸੀਹ, ਪ੍ਰੀਤਮ ਸਿੰਘ ਚਾਹਲ, ਮਹਿੰਦਰ ਸਿੰਘ ਚਾਹਲ, ਮਨਜੀਤ ਸਿੰਘ ਚਾਹਲ, ਰਣਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।

## ਗੁਰਦੁਆਰਾ ਦਸ਼ਮੇਸ਼ ਦਰਬਾਰ ਪੀਰੋਵਾਲੀ ਕਰਨਾਮਾ ਵਿਖੇ 26ਵਾਂ ਗੁਰਮਤਿ ਸਮਾਗਮ

ਬਟਾਲਾ, 10 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ ਦੇ ਲਾਗਲੇ ਗੁਰਦੁਆਰਾ ਦਸ਼ਮੇਸ਼ ਦਰਬਾਰ ਪੀਰੋਵਾਲੀ ਕਿਰਨਾਮਾ ਵਿਖੇ 26ਵਾਂ ਇੰਟਰਨੈਸ਼ਨਲ ਗੁਰਮਤਿ ਸਮਾਗਮ, ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।ਇਸ ਮਹਾਨ ਗੁਰਮਤਿ ਸਮਾਗਮ ਵਿੱਚ ਪੰਥ ਦੀਆਂ ਮਾਇਨਾਜ ਹਸਤੀਆਂ, ਉਚ ਕੋਟੀ ਦੇ



ਵਿਦਵਾਨ, ਨਿਹੰਗ ਸਿੰਘ ਜਥੇਬੰਦੀਆਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।ਪ੍ਰਬੰਧਕਾਂ ਦੇ ਉਚੇਚੇ ਸੱਧੇ ਉਪਰ ਪਹੁੰਚੀ ਬੀਬੀ ਮੈਥਲੀ ਠਾਕੁਰ ਨੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੀ ਘਾਟ ਨੂੰ ਪੂਰਿਆਂ ਕਰਨ ਦਾ ਯਤਨ ਕੀਤਾ।ਸਿੱਖ ਪੰਥ ਦੀ ਸਤਿਕਾਰ ਸ਼ਖਸੀਅਤ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਪਵਿੱਤਰ ਗੁਰਬਾਣੀ ਦੇ ਸ਼ਬਦਾਂ ਵਿੱਚੋਂ ਕਥਾ ਵਿਚਾਰਾਂ ਕੀਤੀਆਂ ਤੇ ਸੰਗਤਾਂ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿੱਚ ਗਹਿਰ ਗੰਭੀਰ ਸ਼ਬਦਾਂ ਨੂੰ ਵੀ ਸੌਖੇ ਤੇ ਸਰਲ ਲਫਜ਼ਾਂ ਨਾਲ ਨਿਵਾਜਦਿਆਂ ਸੰਗਤਾਂ ਨੂੰ ਮੰਤਰ ਮੁਗਧ ਕਰੀ ਰੱਖਿਆ।ਇੰਟਰਨੈਸ਼ਨਲ ਪੱਧਰ ਦੇ ਕੀਰਤਨੀਏ, ਗੁਰਬਾਣੀ ਦੇ ਰਸੀਏ, ਗੁਰੂ ਦੇ ਭੈਅ ਵਿੱਚ ਰਹਿਣ ਵਾਲੇ ਭਾਈ ਗੁਰਦੇਵ ਸਿੰਘ ਐਮਏ (ਆਸਟਰੇਲੀਆ ਵਾਲਿਆਂ) ਨੇ ਆਪਣੀ ਸੋਹਜ ਭਰੀ ਤੇ ਰਸ ਭਿੰਨੀ ਆਵਾਜ਼ ਰਾਹੀਂ ਇਸ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ।ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਿੰਦਰ ਪਾਲ ਸਿੰਘ ਗੋਰਾ ਭਾਟੀਆ, ਨਿਸ਼ਾਨ ਸਿੰਘ ਕਾਹਲੋਂ, ਡਾ. ਕਮਲਜੀਤ ਸਿੰਘ ਕੇਜੇ, ਸਰਪੰਚ ਗੁਰਦੀਪ ਸਿੰਘ ਪੰਜਗਰਾਈਂ, ਸਾਬਕਾ ਸਰਪੰਚ ਸਿਕੰਦਰ ਸਿੰਘ ਖਹਿਰਾ, ਸਰਪੰਚ ਗੁਰਮੀਤ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ ਰਧਾਨ, ਸਾਬਕਾ ਐਸਡੀਓ ਹਰਪਾਲ ਸਿੰਘ, ਸਰਪੰਚ ਕਰਮ ਸਿੰਘ ਪੀਰੋਵਾਲੀ, ਮਨਜੀਤ ਸਿੰਘ ਘਸ, ਚੇਅਰਮੈਨ ਹਰਭਜਨ ਸਿੰਘ ਪੰਜਗਰਾਈਆਂ, ਸੁਖਰਾਜ ਸਿੰਘ ਲਾਲੀ, ਜਗੀਰ ਸਿੰਘ ਪੰਜਗਰਾਈਆਂ, ਸਰਪੰਚ ਸੁਲੱਖਣ ਸਿੰਘ ਬਹਾਦਰ ਹੁਸੈਨ, ਸਰਪੰਚ ਗੁਰਮੀਤ ਸਿੰਘ ਰਧਾਨ, ਸਾਬਕਾ ਸਰਪੰਚ ਪ੍ਰੀਤਮ ਸਿੰਘ, ਸਰਪੰਚ ਸਿਕੰਦਰ ਸਿੰਘ ਸਗਰਾਵਾਂ, ਥਾਣੇਦਾਰ ਗੁਰਜੀਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮਿੱਤਰਪਾਲ ਸਿੰਘ, ਬਲਾਕ ਸੰਮਤੀ ਮੈਂਬਰ ਪਰਮਜੀਤ ਸਿੰਘ ਟੀਟਾ ਬਾਜਵਾ, ਸਰਪੰਚ ਅੰਮ੍ਰਿਤਪਾਲ ਸਿੰਘ ਕਲੇਰ, ਸਰਪੰਚ ਸਾਹਿਬ ਸਿੰਘ ਘਸ, ਸਰਪੰਚ ਜਤਿੰਦਰ ਸਿੰਘ ਭੰਬੋਈ, ਸੁਖਵਿੰਦਰ ਸਿੰਘ ਸੁੱਖ, ਜ਼ੋਨ ਪ੍ਰਧਾਨ ਕਮਲਜੀਤ ਸਿੰਘ ਲੱਲੀ, ਪ੍ਰਧਾਨ ਬਲਵੰਤ ਸਿੰਘ, ਮਾ. ਜੋਗਾ ਸਿੰਘ, ਜਥੇ. ਦਲੀਪ ਸਿੰਘ, ਸਤਨਾਮ ਸਿੰਘ, ਬਲਵਿੰਦਰ ਸਿੰਘ, ਪ੍ਰਧਾਨ ਬਲਵੰਤ ਸਿੰਘ ਆਦਿ ਨੇ ਹਾਜ਼ਰੀ ਲਗਵਾਈ।

## ਰਮਨ ਬਹਿਲ ਨੇ ਪੀ.ਐਮ. ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਦੇ ਵਿੱਦਿਅਕ ਟੂਰ ਨੂੰ ਕੀਤਾ ਰਵਾਨਾ



ਗੁਰਦਾਸਪੁਰ, 10 ਫਰਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਵੱਲੋਂ ਅੱਜ ਪੀ.ਐਮ. ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਗੁਰਦਾਸਪੁਰ ਦੀਆਂ 11ਵੀਂ ਜਮਾਤ ਦੀਆਂ ਵਿਦਿਆਰਥਣਾਂ ਦੇ ਵਿੱਦਿਅਕ ਟੂਰ ਨੂੰ ਰਵਾਨਾ ਕੀਤਾ ਗਿਆ।ਵਿਦਿਆਰਥੀ ਵਿੱਦਿਅਕ ਟੂਰ ਰਾਹੀਂ 'ਜੰਗ-ਏ-ਆਜ਼ਾਦੀ ਮੈਮੋਰੀਅਲ, ਕਰਤਾਰਪੁਰ' ਗਏ ਹਨ। ਇਸ ਮੌਕੇ ਪ੍ਰਿੰਸੀਪਲ ਅਰਚਨਾ ਜੋਸ਼ੀ, ਹਲਕਾ ਕੋਆਰਡੀਨੇਟਰ ਸਿੱਖਿਆ ਅਸ਼ਵਨੀ ਕੁਮਾਰ, ਟਰੱਸਟੀ ਹਿਤੇਸ਼ ਮਹਾਜਨ, ਰਘੁਬੀਰ ਸਿੰਘ, ਲੈਕਚਰਾਰ ਵਿਪਨ ਕੁਮਾਰ, ਪੰਕਜ ਸ਼ਰਮਾ ਤੇ ਸਕੂਲ ਸਟਾਫ਼ ਮੌਜੂਦ ਸੀ। ਇਸ ਮੌਕੇ ਗੱਲ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਇਹ ਸਿਰਫ਼ ਇੱਕ ਟੂਰ ਨਹੀਂ, ਸਗੋਂ ਸਾਡੇ ਸ਼ਾਨਾਮੱਤੇ ਇਤਿਹਾਸ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਨੇੜਿਓਂ ਦੇਖਣ ਤੇ ਸਮਝਣ ਦਾ ਇੱਕ ਸੁਨਹਿਰੀ ਮੌਕਾ ਹੈ ਤੇ ਮੈਨੂੰ ਖੁਸ਼ੀ ਹੈ ਕਿ ਸਾਡੇ ਵਿਦਿਆਰਥੀ ਆਪਣੀ ਵਿਰਾਸਤ ਨਾਲ ਜੁੜ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਸ਼ਾਨਦਾਰ ਵਾਤਾਵਰਨ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸਿੱਖਿਆ ਵਿਭਾਗ ਵੱਲੋਂ ਵੱਡੀ ਪਹਿਲਕਦਮੀ ਕਰਦਿਆਂ ਸਕੂਲੀ ਅਧਿਆਪਕਾਂ ਦੀ ਪੜ੍ਹਾਉਣ ਸ਼ੈਲੀ ਵਿੱਚ ਸੁਧਾਰ ਕਰਨ ਲਈ ਵਿਦੇਸ਼ਾਂ ਦੇ ਵਿੱਦਿਅਕ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਸਾਡੇ ਅਧਿਆਪਕ ਬੱਚਿਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਦੇ ਸਕਣ।ਸਕੂਲਾਂ ਵਿੱਚ ਵਾਈ ਫਾਈ ਸੁਵਿਧਾ, ਸ਼ਾਨਦਾਰ ਹਵਾਦਾਰ ਕਲਾਸ ਰੂਮ, ਲਾਇਬ੍ਰੇਰੀ, ਖੇਡ ਮੈਦਾਨ, ਸਕਿਊਰਟੀ ਗਾਰਡ ਤੇ ਅਧਿਆਪਕਾਂ ਦੀ ਨਿਯਮਤ ਭਰਤੀ ਕਰਨ ਦੇ ਨਾਲ-ਨਾਲ ਹਰ ਲੋੜ ਨੂੰ ਪੂਰਾ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

## ਨਸ਼ਾਖੋਰੀ, ਮਾਨਸਿਕ ਸਿਹਤ ਤੇ ਇਲਾਜ ਨੂੰ ਲੈ ਕੇ ਜਾਗਰੂਕਤਾ ਤੇ ਕਾਊਂਸਲਿੰਗ ਲਈ ਹੈਲਪ ਡੈਸਕ ਸਾਬਿਤ ਹੋਵੇਗਾ ਵਰਦਾਨ: ਡੀ.ਸੀ. ਆਸ਼ਿਕਾ



ਹੁਸ਼ਿਆਰਪੁਰ, 10 ਫਰਵਰੀ (ਦੀਪਕ ਅਗਨੀਹੋਤਰੀ): ਜ਼ਿਲ੍ਹਾ ਨਸ਼ਾ ਮੁਕਤੀ ਤੇ ਪੁਨਰਵਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਿਸ਼ਨ ਸਮਾਇਲ 3.0 ਤਹਿਤ ਜਨਤਕ ਥਾਵਾਂ 'ਤੇ ਹੈਲਪ ਡੈਸਕ ਦੀ ਜ਼ਿਲ੍ਹਾ ਪੱਧਰੀ ਰਸਮੀ ਸ਼ੁਰੂਆਤ ਕੀਤੀ ਗਈ।ਇਸ ਪ੍ਰੋਗਰਾਮ ਦਾ ਸ਼ੁਭ ਆਰੰਭ ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ ਜ਼ਿਲ੍ਹਾ ਨਸ਼ਾ ਮੁਕਤੀ ਤੇ ਪੁਨਰਵਾਸ ਸੁਸਾਇਟੀ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਸ਼ੀਮਾਰ ਦੀ ਮੌਜੂਦਗੀ ਵਿੱਚ ਕੀਤਾ।ਇਸ ਮੌਕੇ ਮੈਡੀਕਲ ਅਫ਼ਸਰ ਇੰਚਾਰਜ ਜ਼ਿਲ੍ਹਾ ਨਸ਼ਾ ਮੁਕਤੀ ਤੇ ਪੁਨਰਵਾਸ ਕੇਂਦਰ ਹੁਸ਼ਿਆਰਪੁਰ ਡਾ. ਜਸਲੀਨ ਕੌਰ, ਕਾਊਂਸਲਰ ਪ੍ਰਸ਼ਾਂਤ ਆਦੀਆ, ਕਾਊਂਸਲਰ ਸੰਦੀਪ ਕੁਮਾਰੀ, ਸਾਈਕੈਟ੍ਰਿਕ ਸੋਸ਼ਲ ਵਰਕਰ ਸੁਖਪ੍ਰੀਤ ਕੌਰ, ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ ਮਨਜਿੰਦਰ ਕੌਰ, ਜ਼ਿਲ੍ਹਾ ਆਈ.ਟੀ. ਮੈਨੇਜਰ ਕਰਮਜੀਤ ਸਿੰਘ ਤੇ ਜ਼ਿਲ੍ਹਾ ਮੈਨੇਜਰ ਸੇਵਾ ਕੇਂਦਰ ਹੁਸ਼ਿਆਰਪੁਰ ਗੁਰਸੇਵਕ ਸਿੰਘ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਮਿਸ਼ਨ ਸਮਾਇਲ 3.0 ਤਹਿਤ ਸ਼ੁਰੂ ਕੀਤੇ ਗਏ ਇਹ ਹੈਲਪ ਡੈਸਕ ਨਸ਼ਾਖੋਰੀ ਤੋਂ ਪੀੜਤ ਵਿਅਕਤੀਆਂ ਨੂੰ ਸਮੇਂ ਸਿਰ ਇਲਾਜ ਨਾਲ ਜੋੜਨ, ਆਮ ਜਨਤਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਮਾਨਸਿਕ ਸਿਹਤ ਤੇ ਉਪਲਬੱਧ ਇਲਾਜ ਪ੍ਰਤੀ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡਾਂ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਤੇ ਸ਼ਹਿਰੀ ਖੇਤਰਾਂ ਵਿੱਚ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਸਮੂਹਿਕ ਯਤਨ ਕੀਤੇ ਜਾ ਸਕਣ।ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਸ਼ੀਮਾਰ ਨੇ ਦੱਸਿਆ ਕਿ ਮਿਸ਼ਨ ਸਮਾਇਲ ਪੰਜਾਬ ਸਰਕਾਰ ਦਾ ਇੱਕ ਮਹੱਤਵਪੂਰਨ ਪ੍ਰੋਜੈਕਟ ਹੈ ਜਿਸ ਤਹਿਤ ਜ਼ਿਲ੍ਹਾ, ਉਪ ਮੰਡਲ, ਨਗਰ ਨਿਗਮ, ਜ਼ਿਲ੍ਹਾ ਤੇ ਉਪ ਮੰਡਲ ਅਦਾਲਤ ਪ੍ਰੀਸ਼ਦ, ਬੱਸ ਸਟੈਂਡ, ਜ਼ਿਲ੍ਹਾ ਹਸਪਤਾਲ, ਉਪ ਮੰਡਲ ਹਸਪਤਾਲ, ਓ.ਓ.ਏ.ਟੀ ਕਲੀਨਿਕ, ਸਮੂਹ ਸਿਹਤ ਕੇਂਦਰ, ਥਾਣਿਆਂ ਤੇ ਸਰਕਾਰੀ ਕਾਲਜਾਂ ਵਿਚ ਹੈਲਪ ਡੈਸਕ ਸਥਾਪਤ ਕੀਤੇ ਜਾ ਰਹੇ ਹਨ।

## ਸਰਕਾਰੀ ਐਲੀਮੈਂਟਰੀ ਸਕੂਲ ਡੱਫਰ ਵਿਖੇ ਵਰਕਸ਼ਾਪ ਕਰਵਾਈ



ਦਸੂਹਾ, 10 ਫਰਵਰੀ (ਰਾਜਿੰਦਰ ਸਿੰਘ ਦਸੂਹਾ): ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲ ਡੱਫਰ ਵਿਖੇ ਹੈਡ ਟੀਚਰ ਪਵਨ ਕੁਮਾਰੀ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਦੇ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਉਦਘਾਟਨ ਸਰਪੰਚ ਸਤਨਾਮ ਸਿੰਘ ਨੇ ਕੀਤਾ।ਇਸ ਮੌਕੇ 'ਤੇ ਬਲਾਕ ਰਿਸੋਰਸ ਪਰਸਨ ਨਵਜੋਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ 'ਤੇ ਆਪਣੇ ਸੰਬੋਧਨ ਵਿੱਚ ਨਵਜੋਤ ਸਿੰਘ ਨੇ ਕਿਹਾ ਮਾਪਿਆਂ ਦਾ ਬੱਚਿਆਂ ਦੇ ਸਫਲ ਹੋਣ ਪਿੱਛੇ ਜ਼ਿਆਦਾ ਯੋਗਦਾਨ ਹੁੰਦਾ ਹੈ।ਉਨ੍ਹਾਂ ਨੇ ਕਿਹਾ ਕਿ ਮਾਪਿਆਂ ਨੂੰ ਬੱਚਿਆਂ ਦੀ ਯੋਗਤਾ ਉਪਲਬਧੀਆਂ ਤੇ ਮੁਲਾਂਕਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ 'ਤੇ ਸਕੂਲ ਹੈਡ ਟੀਚਰ ਪਵਨ ਕੁਮਾਰੀ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ 'ਤੇ ਚੇਅਰਪਰਸਨ ਬਲਵੀਰ ਕੌਰ, ਦਿਨੇਸ਼ ਠਾਕੁਰ ਮੁਖੀ ਸੀਨੀਅਰ ਸੈਕੰਡਰੀ ਸਕੂਲ ਡੱਫਰ, ਲੈਕ ਜਗਮੋਹਨ ਸਿੰਘ, ਅਮਨਦੀਪ ਸਿੰਘ ਪੰਚ, ਅਧਿਆਪਕਾ ਨਵਜੋਤ ਕੌਰ ਤੇ ਸੁਰਜੀਤ ਕੌਰ, ਬੱਚੇ ਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## 5 ਕਿੱਲੋ ਚੂਰਾ ਪੋਸਤ ਸਣੇ ਇੱਕ ਵਿਅਕਤੀ ਗ੍ਰਿਫ਼ਤਾਰ

ਟਾਂਡਾ ਉੜਮੁੜ, 10 ਫਰਵਰੀ (ਅਰਜੁਨ ਜੈਨ): ਟਾਂਡਾ ਪੁਲਿਸ ਦੀ ਟੀਮ



ਨੇ ਫੋਕਲ ਪੁਆਇੰਟ ਟਾਂਡਾ ਨੇੜਿਓਂ 1 ਵਿਅਕਤੀ ਨੂੰ 5 ਕਿੱਲੋ ਚੂਰਾ ਪੋਸਤ ਸਣੇ ਗ੍ਰਿਫਤਾਰ ਕੀਤਾ ਹੈ।ਐਸ.ਐਚ.ਓ. ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਤੇ ਡੀ.ਐਸ.ਪੀ. ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਏ.ਐਸ.ਆਈ. ਮਨਿੰਦਰ ਕੌਰ ਦੀ ਟੀਮ ਨੇ ਇਹ ਸਫਲਤਾ ਹਾਸਲ ਹੋਈ ਹੈ।ਉਨ੍ਹਾਂ ਦੱਸਿਆ ਕਿ ਜਦੋਂ ਟੀਮ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਅਜੇ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਮੁਹੱਲਾ ਸਾਸੀਆਂ ਟਾਂਡਾ ਨੂੰ ਚੂਰਾ ਪੋਸਤ ਸਣੇ ਕਾਬੂ ਕੀਤਾ ਗਿਆ।ਪੁਲਿਸ ਨੇ ਇਸ ਮੁਲਜ਼ਮ ਦੇ ਖ਼ਿਲਾਫ ਐਨ.ਡੀ.ਪੀ.ਐਸ. ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਕੋਲੋਂ ਨਸ਼ੇ ਦੀ ਸਪਲਾਈ ਲਾਈਨ ਦਾ ਪਤਾ ਲਗਾਉਣ ਲਈ ਪੁੱਛਗਿੱਛ ਕੀਤੀ ਜਾ ਰਹੀ ਰਹੀ ਹੈ।

## ਐਸ.ਡੀ.ਐਮ. ਵੱਲੋਂ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਦੇ ਮੈਂਬਰਾਂ ਨਾਲ ਮੀਟਿੰਗ

ਗੁਰਦਾਸਪੁਰ/ਕਾਹਨੂੰਵਾਨ, 10 ਫਰਵਰੀ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ.ਡੀ.ਐਮ ਗੁਰਦਾਸਪੁਰ ਡਾ. ਅਨੁਪ੍ਰੀਤ ਕੌਰ ਦੀ ਪ੍ਰਧਾਨਗੀ ਹੇਠ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਛੰਬ ਵਿਖੇ ਆਪ੍ਰੇਸ਼ਨ ਐਂਡ ਮੈਨਟੇਨਸ ਸੁਸਾਇਟੀ ਦੇ ਮੈਂਬਰਾਂ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਐਸ.ਡੀ.ਐਮ ਨੇ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਵਿਖੇ ਵਾਟਰ ਐਂਡ ਸੈਨੀਟੇਸ਼ਨ ਵਿਭਾਗ ਵੱਲੋਂ ਬਾਥਰੂਮ ਤੇ ਫੁਹਾਰਿਆਂ ਸਬੰਧੀ ਕੀਤੇ ਗਏ ਕਾਰਜਾਂ ਦੀ ਜਾਣਕਾਰੀ ਲਈ ਤੇ ਕਿਹਾ ਕਿ



ਸ਼ਹੀਦੀ ਸਮਾਰਕ ਵਿੱਚ ਆਉਣ ਵਾਲੇ ਸੈਲਾਨੀਆਂ ਦੀ ਸਹੂਲਤ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਵੇ। ਉਨ੍ਹਾਂ ਪੀ.ਡਬਲਿਊ.ਡੀ ਵਿਭਾਗ ਤੇ ਭੂਮੀ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜੋ ਵੀ ਰਿਪੇਅਰ ਦੇ ਕੰਮ ਕਰਨ ਵਾਲੇ ਹਨ, ਉਨ੍ਹਾਂ ਨੂੰ ਜਲਦੀ ਮੁਕੰਮਲ ਕੀਤਾ ਜਾਵੇ।ਮੀਟਿੰਗ ਦੌਰਾਨ ਮੈਮੋਰੀਅਲ ਵਿਖੇ ਲੱਗੇ ਬੁੱਤਾਂ ਦੇ ਰੱਖ ਰਖਾਅ ਸਬੰਧੀ ਸਬੰਧਤ ਅਧਿਕਾਰੀਆਂ ਨੂੰ ਪਾਬੰਦ ਕੀਤਾ ਗਿਆ।ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਅਮੀਰ ਇਤਿਹਾਸਕ, ਧਾਰਮਿਕ, ਕੁਦਰਤੀ ਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਤੇ ਇਸਦਾ ਪ੍ਰਚਾਰ-ਪ੍ਰਸਾਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਐਸ.ਡੀ.ਓ ਲਵਜੀਤ ਸਿੰਘ, ਮਨਦੀਪ ਕੌਰ, ਦਮਨਜੀਤ ਸਿੰਘ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਤੇ ਅਧਿਕਾਰੀ ਹਾਜ਼ਰ ਸਨ।

## ਵਿਧਾਇਕ ਕਲਸੀ ਨੇ ਹੰਸਲੀ ਪੁੱਲ ਤੋਂ ਬੈਂਕ ਕਲੋਨੀ ਪੁੱਲ ਤੱਕ ਸੜਕ ਬਣਾਉਣ ਦੀ ਕਰਵਾਈ ਸ਼ੁਰੂਆਤ

ਬਟਾਲਾ/ਅੱਚਲ ਸਾਹਿਬ, 10 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਜੁਗਰਾਜ ਸਿੰਘ ਖ਼ਾਲਸਾ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੰਸਲੀ ਪੁੱਲ ਤੋਂ ਬੈਂਕ ਕਲੋਨੀ ਪੁੱਲ ਤੱਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਨੇੜਲੇ ਦੁਕਾਨਦਾਰਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੜਕ ਬਣਨ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਇਥੋਂ ਦੇ



ਦੁਕਾਨਦਾਰਾਂ ਤੇ ਪਿੰਡਾਂ ਵਿੱਚੋਂ ਆਉਣ ਵਾਲੇ ਲੋਕਾਂ ਨੂੰ ਸੜਕ ਨਾ ਬਣਨ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਲੋਕਾਂ ਦੀ ਮੁਸ਼ਕਿਲ ਹੱਲ ਕਰਦਿਆਂ ਸੜਕ ਦਾ ਨਿਰਮਾਣ ਕੰਮ ਸ਼ੁਰੂ ਕਰਵਾਇਆ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਹਲਕਾ ਵਾਸੀਆਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ, ਜਿਸ ਤਹਿਤ ਉਹ 24 ਘੰਟੇ ਲੋਕਾਂ ਦੇ ਸੰਪਰਕ ਵਿੱਚ ਰਹਿ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦੂਰ ਕਰ ਰਹੇ ਹਨ। ਟ੍ਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।

# ਗੰਗਾ ਐਕਸਪ੍ਰੈਸ-ਵੇਅ 'ਤੇ ਕਾਰ ਨੇ 9 ਕੁੜੀਆਂ ਨੂੰ ਦਰੜਿਆ, 4 ਦੀ ਮੌਤ

ਰਾਏਬਰੇਲੀ, 10 ਫਰਵਰੀ (ਚ.ਨ.ਸ): ਗੰਗਾ ਐਕਸਪ੍ਰੈਸ-ਵੇਅ 'ਤੇ ਐਤਵਾਰ ਦੇਰ ਸ਼ਾਮ ਲਗਭਗ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਆ ਰਹੀ ਕਾਰ ਨੇ ਪੈਦਲ ਤੁਰੀਆਂ ਜਾ ਰਹੀਆਂ 9 ਕੁੜੀਆਂ ਨੂੰ ਦਰੜ ਦਿੱਤਾ। ਇਸ ਦਰਦਨਾਕ ਹਾਦਸੇ 'ਚ 4 ਕੁੜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 5 ਗੰਭੀਰ ਜ਼ਖ਼ਮੀ ਹੋ ਗਈਆਂ। ਜ਼ਖ਼ਮੀ ਹਾਲਤ ਵਿਚ ਕੁੜੀਆਂ ਨੂੰ ਜ਼ਿਲ੍ਹਾ ਹਸਪਤਾਲ ਤੇ ਲਖਨਊ ਟਰਾਮਾ ਸੈਂਟਰ 'ਚ ਭਰਤੀ ਕਰਵਾਇਆ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਅਨੁਸਾਰ, ਕੌਂਡਰ ਪਿੰਡ ਦੀਆਂ ਰਹਿਣ ਵਾਲੀਆਂ ਕੁੜੀਆਂ ਨੇੜਲੇ ਪਿੰਡ ਚੂਲੀ 'ਚ ਬਣੇ ਮੰਦਰ 'ਚ ਭੰਡਾਰੇ 'ਚ ਪ੍ਰਸਾਦ ਲੈ ਕੇ ਪੈਦਲ ਆਪਣੇ ਪਿੰਡ ਪਰਤ ਰਹੀਆਂ ਸਨ। ਐਕਸਪ੍ਰੈਸ-ਵੇਅ ਕਿਨਾਰੇ ਦੀ ਸੜਕ ਟੁੱਟੀ ਹੋਣ ਕਾਰਨ ਸਾਰੇ ਲੋਕ ਐਕਸਪ੍ਰੈਸ-ਵੇਅ 'ਤੇ ਹੋ ਕੇ ਜਾ ਰਹੇ ਸਨ।ਇਸੇ ਦੌਰਾਨ ਲਾਲਗੰਜ ਵਾਲੇ ਪਾਸੇ ਤੋਂ ਤੇਜ਼ ਰਫ਼ਤਾਰ ਨਾਲ ਆ ਰਹੀ ਟਾਟਾ ਤਿਆਗੋ ਕਾਰ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਕੁੜੀਆਂ 5 ਤੋਂ 7 ਫੁੱਟ ਤੱਕ ਹਵਾ 'ਚ ਉੱਛਲ ਗਈਆਂ।ਕਾਰ ਬੇਕਾਬੂ ਹੋ ਕੇ ਲਗਭਗ 50 ਮੀਟਰ ਤੱਕ ਘਿਸੜਦੀ ਰਹੀ ਤੇ ਅੱਗੇ ਜਾ ਕੇ ਉਸ ਦੇ ਟਾਇਰ ਫਟ ਗਏ।ਇਸ ਹਾਦਸੇ ਵਿਚ ਮ੍ਰਿਤਕ ਕੁੜੀਆਂ ਦੀ ਪਛਾਣ ਸ਼ਾਲਿਨੀ (22), ਰਸ਼ਮੀ (14), ਆਸਮਾਂ (18) ਨਿਵਾਸੀ ਕੌਂਡਰ ਪਿੰਡ ਤੇ ਹਿਮਸ਼ੀ (23) ਨਿਵਾਸੀ ਅਲੀਗੰਜ ਛਿਵਾ ਪਿੰਡ ਵਜੋਂ ਹੋਈ ਹੈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿਚ ਲੈਣ ਤੋਂ ਬਾਅਦ ਪੋਸਟਮਾਰਟਮ ਲਈ ਭੇਜ ਦਿੱਤਾ ਤੇ ਫਿਰ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀਆਂ। ਕਾਰ ਨੂੰ ਕਬਜ਼ੇ 'ਚ ਲੈ ਕੇ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਸ਼ੁਰੂਆਤੀ ਜਾਂਚ 'ਚ ਤੇਜ਼ ਰਫ਼ਤਾਰ ਤੇ ਹਨੇਰੇ ਨੂੰ ਹਾਦਸੇ ਦਾ ਕਾਰਨ ਦੱਸਿਆ ਗਿਆ ਹੈ।

# ਗੁ. ਪੰਜੋਖਰਾ ਸਾਹਿਬ ਤੋਂ ਗੁ. ਬਾਬਾ ਮੋਤੀ ਰਾਮ ਮਹਿਰਾ ਪਹੁੰਚਿਆ ਵਿਸ਼ਾਲ ਨਗਰ ਕੀਰਤਨ

## ☛ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਕੁਰਬਾਨੀ ਦਾ ਕੋਈ ਸਾਨੀ ਨਹੀਂ: ਝੀਂਡਾ, ਐਸ.ਐਸ.



ਸ੍ਰੀ ਫਤਿਹਗੜ੍ਹ ਸਾਹਿਬ, 10 ਫ਼ਰਵਰੀ (ਹਰਪ੍ਰੀਤ ਕੌਰ ਟਿਵਾਣਾ): ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਅੰਬਾਲਾ ਤੋਂ ਗੁਰਦੁਆਰਾ ਯਾਦਗਾਰ ਬਾਬਾ ਮੋਤੀ ਰਾਮ ਮਹਿਰਾ ਫਤਿਹਗੜ੍ਹ ਸਾਹਿਬ ਵਿਸ਼ਾਲ ਨਗਰ ਕੀਰਤਨ ਜਾਹੋ-ਜਲਾਲ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਕੱਢਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ, ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀਆਂ ਦੀ ਅਗਵਾਈ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਅਰਦਾਸ ਉਪਰੰਤ ਇਸ ਨੂੰ ਤੋਰਿਆ। ਉਨ੍ਹਾਂ ਕਿਹਾ ਕਿ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਕੁਰਬਾਨੀ ਦਾ ਕੋਈ ਸਾਨੀ ਨਹੀਂ, ਜਿਸ ਤੋਂ ਸੇਧ ਦੀ ਜ਼ਰੂਰਤ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਰੁਪਿੰਦਰ ਸਿੰਘ ਤੇ ਮੈਨੇਜਰ ਜਸਵਿੰਦਰ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ। ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐਸਐਸ ਨੇ ਬਾਬਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਟਰੱਸਟੀਆਂ ਤੇ ਸੰਗਤ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਨਗਰ ਕੀਰਤਨ ਲਈ ਅੰਬਾਲਾ ਸ਼ਹਿਰ, ਗੁਰਦੁਆਰਾ ਮੰਜੀ ਸਾਹਿਬ, ਸ਼ੰਭੂ, ਰਾਜਪੁਰਾ, ਬਸੰਤਪੁਰਾ, ਸੈਦਪੁਰਾ ਮੰਡੀ, ਸਰਹਿੰਦ ਬੱਸ ਸਟੈਂਡ, ਬਾੜਾ ਸਰਹਿੰਦ, ਸਰਹਿੰਦ ਮੰਡੀ, ਚੁੰਗੀ ਨੰਬਰ 4, ਆਮ ਖਾਸ ਬਾਗ, ਜੋਤੀ ਸਰੂਪ ਮੋੜ, ਡੀਸੀ ਕੰਪਲੈਕਸ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਆਦਿ ਥਾਵਾਂ ਉਪਰ ਚਾਹ, ਬਿਸਕੁਟ, ਮੱਠੀਆਂ, ਫਰੂਟ, ਦੁੱਧ, ਪ੍ਰਸ਼ਾਦਿਆਂ ਆਦਿ ਦੇ ਲੰਗਰ ਲਗਾਏ ਗਏ ਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਪੰਜ ਪਿਆਰਿਆਂ ਦਾ ਸਤਿਕਾਰ ਕੀਤਾ ਗਿਆ। ਗਤਕਾ ਅਤੇ ਬੈਂਡ ਵਾਜਿਆਂ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ। ਇਸ ਮੌਕੇ ਪਰਮਿੰਦਰ ਸਿੰਘ ਸੰਧੂਆ, ਭਾਈ ਹਰਵਿੰਦਰ ਸਿੰਘ ਹਜ਼ੂਰੀ ਰਾਗੀ ਜੱਥਾ ਤੇ ਸੁਰਜੀਤ ਸਿੰਘ ਪੰਜੋਖਰਾ ਸਾਹਿਬ ਦੇ ਢਾਡੀ ਜੱਥੇ ਨੇ ਕਥਾ ਅਤੇ ਵਾਰਾਂ ਦਾ ਗੁਣਗਾਣ ਕੀਤਾ। ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਬੂਟਾ ਸਿੰਘ, ਸਕੱਤਰ ਕੁਲਦੀਪ ਸਿੰਘ, ਹਰਦਿਆਲ ਸਿੰਘ ਕੰਬੋਜ ਸਾਬਕਾ ਵਿਧਾਇਕ, ਬੂਟਾ ਸਿੰਘ ਬਾੜਾ ਪ੍ਰਧਾਨ, ਸਰਬਜੀਤ ਸਿੰਘ ਸੰਗਰ ਪੰਜੋਖਰਾ, ਤਰਸੇਮ ਸਿੰਘ ਅੰਬਾਲਾ, ਗਿਆਨੀ ਹਰਦੀਪ ਸਿੰਘ ਹੈੱਡ ਗ੍ਰੰਥੀ, ਸੁਖਦੇਵ ਸਿੰਘ ਰਾਜ, ਬਲਦੇਵ ਸਿੰਘ ਦੁਸਾਂਝ, ਨਿਰਮਲ ਸਿੰਘ ਮੰਨਿਆ, ਪਰਮਜੀਤ ਸਿੰਘ ਖੰਨਾ, ਬਲਜਿੰਦਰ ਕੌਰ, ਸੰਦੀਪ ਕੌਰ ਚੰਡੀਗੜ੍ਹ, ਕੁਲਦੀਪ ਸਿੰਘ ਜੰਮੂ, ਜਸਪਾਲ ਸਿੰਘ ਕਲੇਰੀ ਵਿੱਤ ਸਕੱਤਰੀ, ਜੋਗਿੰਦਰ ਕਸ਼ਿਅਪ, ਨਵਜੋਤ ਸਿੰਘ ਮੈਨੇਜਰ, ਰਾਜ ਕੁਮਾਰ ਪਾਤੜਾ, ਅਮੀ ਚੰਦ ਮਾਛੀਵਾੜਾ, ਦਰਸ਼ਨ ਸਿੰਘ ਪਾਇਲ, ਰਾਏ ਸਿੰਘ, ਬਿਕਰ ਸਿੰਘ, ਬਲਵਿੰਦਰ ਸਿੰਘ ਸਿਉੜਾ, ਗੁਰਚਰਨ ਸਿੰਘ ਧਨੌਲਾ, ਬਲਦੇਵ ਸਿੰਘ ਲੁਹਾਰਾ, ਮਹਿੰਦਰ ਕੁਮਾਰ, ਰਾਮ ਸਿੰਘ, ਕਰਮ ਸਿੰਘ ਨੰਡਿਆਲੀ, ਬਨਾਰਸੀ ਦਾਸ, ਜੋਗਿੰਦਰਪਾਲ, ਤਰਸੇਮ ਸਿੰਘ, ਐਨਆਰ ਮਹਿਰਾ, ਕੈਪਟਨ ਤਰਸੇਮ ਸਿੰਘ, ਜਰਨੈਲ ਸਿੰਘ ਜਗਰਾਓਂ ਤੇ ਬਲਵੀਰ ਸਿੰਘ ਬੱਬੂ ਖੰਨਾ ਹਾਜ਼ਰ ਸਨ।

# ਮਾਪਿਆਂ ਨੇ ਮੁੰਡਿਆਂ ਨਾਲ ਦੋਸਤੀ ਤੋਂ ਝਿੜਕਿਆ ਤਾਂ ਕਰ ਲਈ ਖ਼ੁਦਕੁਸ਼ੀ

ਔਰੰਗਾਬਾਦ, 10 ਫਰਵਰੀ (ਚ.ਨ.ਸ): ਬਿਹਾਰ ਦੇ ਔਰੰਗਾਬਾਦ ਜ਼ਿਲ੍ਹੇ 'ਚ ਕਥਿਤ ਤੌਰ 'ਤੇ ਮੁੰਡਿਆਂ ਨਾਲ ਮੇਲਜੋਲ ਨੂੰ ਲੈ ਕੇ ਪਰਿਵਾਰ ਵਾਲਿਆਂ ਵਲੋਂ ਝਿੜਕੇ ਜਾਣ ਤੋਂ ਬਾਅਦ 4 ਕੁੜੀਆਂ ਨੇ ਇਕੱਠਿਆਂ ਖ਼ੁਦਕੁਸ਼ੀ ਕਰ ਲਈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।ਪੁਲਿਸ ਅਨੁਸਾਰ ਹਸਪੁਰਾ ਥਾਣਾ ਖੇਤਰ ਦੀ ਇਕ ਦਲਿਤ ਬਸਤੀ 'ਚ 10 ਤੋਂ 14 ਸਾਲ ਦੀਆਂ 5 ਕੁੜੀਆਂ ਨੇ 29 ਜਨਵਰੀ ਨੂੰ ਕੋਈ ਜ਼ਹਿਰੀਲਾ ਪਦਾਰਥ ਨਿਗਲ ਲਿਆ ਸੀ।ਜਿਸ ਤੋਂ ਬਾਅਦ ਉਨ੍ਹਾਂ 'ਚੋਂ 4 ਦੀ ਮੌਤ ਹੋ ਗਈ ਤੇ ਇਕ ਹੀ ਜਿਊਂਦੀ ਬਚੀ। ਕੁੜੀਆਂ ਦਾ ਉਸੇ ਦਿਨ ਪੋਸਟਮਾਰਟਮ ਤੋਂ ਬਿਨਾਂ ਅੰਤਿਮ ਸਸਕਾਰ ਕਰ ਦਿੱਤਾ ਗਿਆ ਸੀ।ਸਥਾਨਕ ਮੀਡੀਆ 'ਚ ਖ਼ਬਰ ਆਉਣ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ।ਔਰੰਗਾਬਾਦ ਦੇ ਪੁਲਿਸ ਸੁਪਰਡੈਂਟ (ਐਸਪੀ) ਅੰਬਰੀਸ਼ ਰਾਹੁਲ ਨੇ ਦੱਸਿਆ ਜਿਊਂਦੀ ਬਚੀ ਕੁੜੀ ਨੇ ਕਿਹਾ ਕਿ ਮੁੰਡਿਆਂ ਦੇ ਇਕ ਸਮੂਹ ਨਾਲ ਮੇਲਜੋਲ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਵਲੋਂ ਝਿੜਕੇ ਜਾਣ ਤੋਂ ਬਾਅਦ ਉਨ੍ਹਾਂ ਨੇ ਜ਼ਹਿਰੀਲਾ ਪਦਾਰਥ ਖਾਣ ਦਾ ਫ਼ੈਸਲਾ ਕੀਤਾ ਸੀ।ਰਾਹੁਲ ਨੇ ਕਿਹਾ ਕਿ ਕੁੜੀਆਂ ਨੇ ਖੇਤ 'ਚ ਇਕੱਠੇ ਜ਼ਹਿਰ ਖਾਧਾ, ਜਿਸ ਤੋਂ ਬਾਅਦ 4 ਕੁੜੀਆਂ ਦੀ ਮੌਤ ਹੋ ਗਈ ਅਤੇ 5ਵੀਂ ਕੁੜੀ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ ਜੋ ਹੁਣ ਉਹ ਖ਼ਤਰੇ ਤੋਂ ਬਾਹਰ ਹੈ।ਦਾਊਦਨਗਰ ਸਬ ਡਵੀਜ਼ਨਲ ਪੁਲਿਸ ਅਧਿਕਾਰੀ (ਐਸ.ਡੀ.ਪੀ.ਓ.) ਅਸ਼ੋਕ ਕੁਮਾਰ ਦਾਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮਾਮਲੇ 'ਚ ਕਿਸੇ ਹੋਰ ਵਿਅਕਤੀ ਦੀ ਸ਼ਮੂਲੀਅਤ ਦਾ ਅਜੇ ਤੱਕ ਪਤਾ ਨਹੀਂ ਲਗ ਸਕਿਆ ਹੈ।

# ਅੰਮ੍ਰਿਤਸਰ ਦੇ ਸ਼ੈਫ ਸਾਹਿਲ ਨੂੰ ਟਰੈਵਲ ਏਜੰਟ ਨੇ ਧੋਖੇ ਨਾਲ ਰੂਸੀ ਫ਼ੌਜ 'ਚ ਭੇਜਿਆ

## ☛ਵਿਧਵਾ ਮਾਂ ਦੀ ਸਤੰਬਰ ਤੋਂ ਬਾਅਦ ਪੁੱਤਰ ਨਾਲ ਨਹੀਂ ਹੋਈ ਗੱਲਬਾਤ

ਅੰਮ੍ਰਿਤਸਰ, 10 ਫਰਵਰੀ (ਚ.ਨ.ਸ): ਅੰਮ੍ਰਿਤਸਰ ਦੇ ਸ਼ੈਫ ਸਾਹਿਲ ਨੂੰ ਟਰੈਵਲ ਏਜੰਟ ਨੇ ਧੋਖੇ ਨਾਲ ਰੂਸੀ ਫ਼ੌਜ 'ਚ ਭੇਜ ਦਿੱਤਾ। ਜਿਸ ਤੋਂ ਬਾਅਦ ਅੰਮ੍ਰਿਤਸਰ ਦਾ ਸੇਖੜੀ ਪਰਿਵਾਰ ਡੂੰਘੇ ਸਦਮੇ ਵਿੱਚ ਹੈ ਕਿਉਂਕਿ ਉਹ ਸਤੰਬਰ ਤੋਂ ਬਾਅਦ 35 ਸਾਲਾ ਯੋਗ ਸ਼ੈੱਫ ਸਾਹਿਲ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ। 60 ਸਾਲਾ ਵਿਧਵਾ ਅਨੀਤਾ ਸੇਖੜੀ ਨੇ ਕਿਹਾ ਕਿ ਉਸ ਦੇ ਪੁੱਤਰ ਸਾਹਿਲ ਨੇ ਆਖਰੀ ਵਾਰ 20 ਸਤੰਬਰ ਨੂੰ ਉਸ ਨਾਲ ਗੱਲ ਕੀਤੀ ਸੀ ਅਤੇ ਉਸਨੂੰ ਦੱਸਿਆ ਸੀ ਕਿ ਉਸਦੀ ਤਿੰਨ ਮਹੀਨਿਆਂ ਦੀ ਸਿਖਲਾਈ ਘਟਾ ਕੇ 15 ਦਿਨ ਕਰ ਦਿੱਤੀ ਗਈ ਹੈ। ਸਾਹਿਲ ਨੂੰ ਡਰ ਸੀ ਕਿ ਉਸ ਨੂੰ ਜੰਗ ਦੇ ਮੋਰਚੇ 'ਤੇ ਤਾਇਨਾਤ ਕੀਤਾ ਜਾਵੇਗਾ, ਹਾਲਾਂਕਿ ਉਸ ਨੂੰ ਸਹਾਇਕ ਵਜੋਂ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ।ਉਸ ਨੇ ਕਿਹਾ ਕਿ ਸਾਹਿਲ ਨੇ ਪੁਸ਼ਟੀ ਕੀਤੀ ਕਿ ਉਸ ਨੂੰ ਫੌਜ ਵਿੱਚ ਭਰਤੀ ਹੋਣ 'ਤੇ 15 ਲੱਖ ਰੁਪਏ ਦੀ ਬਜਾਏ 10 ਲੱਖ ਰੁਪਏ ਮਿਲੇ ਸਨ। ਸਾਹਿਲ ਨੇ ਇਹ ਵੀ ਖੁਲਾਸਾ ਕੀਤਾ ਕਿ ਸਿਖਲਾਈ ਦੌਰਾਨ ਉਸ ਦਾ ਫ਼ੋਨ ਖੋਹ ਲਿਆ ਗਿਆ ਸੀ ਅਤੇ ਉਸ ਨੇ ਗੁਪਤ ਰੂਪ ਵਿੱਚ ਚਾਰ ਗੁਣਾ ਕੀਮਤ 'ਤੇ ਦੂਜਾ ਮੋਬਾਈਲ ਫ਼ੋਨ ਅਤੇ ਸਿੰਮ ਕਾਰਡ ਖਰੀਦਿਆ ਸੀ। ਅਨੀਤਾ ਨੇ ਇਲਜ਼ਾਮ ਲਗਾਇਆ ਕਿ ਉਸ ਦਾ ਪੁੱਤਰ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਇਆ ਹੈ, ਉਨ੍ਹਾਂ ਕਿਹਾ ਕਿ ਟ੍ਰੈਵਲ ਏਜੰਟ ਨੇ 5 ਲੱਖ ਰੁਪਏ ਦੀ ਹੇਰਾਫੇਰੀ ਕੀਤੀ ਅਤੇ ਉਸ ਨੂੰ 2 ਲੱਖ ਰੁਪਏ ਦੀ ਮਹੀਨਾ ਤਨਖਾਹ ਦੇ ਨਾਲ ਪੁਲਿਸ ਫੋਰਸ ਵਿੱਚ ਸ਼ਾਮਲ ਹੋਣ ਦਾ ਲਾਲਚ ਦਿੱਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਵਰਕ ਵੀਜ਼ਾ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ ਟ੍ਰੈਵਲ ਏਜੰਟ ਦੇ ਪ੍ਰਤੀਨਿਧੀਆਂ ਨੇ ਉਸ ਨੂੰ ਮਾਸਕੋ ਹਵਾਈ ਅੱਡੇ 'ਤੇ ਮਿਲਣ ਤੋਂ ਬਾਅਦ ਕੋਈ ਸਹਾਇਤਾ ਨਹੀਂ ਦਿੱਤੀ। ਸਾਹਿਲ 25 ਜੁਲਾਈ ਨੂੰ ਰੂਸ ਗਿਆ ਸੀ। 2016 ਵਿੱਚ ਸਾਹਿਲ ਰਸੋਈ ਕਲਾ ਦੀ ਪੜ੍ਹਾਈ ਕਰਨ ਲਈ ਸਾਈਪ੍ਰਸ ਗਿਆ ਅਤੇ ਪੰਜ ਸਾਲ ਉੱਥੇ ਇੱਕ ਸ਼ੈੱਫ ਵਜੋਂ ਕੰਮ ਕੀਤਾ। ਉਹ ਲਗਭਗ 25,000 ਰੁਪਏ ਪ੍ਰਤੀ ਮਹੀਨਾ ਭੇਜ ਰਿਹਾ ਸੀ, ਪਰ ਫਿਰ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਉਹ 2021 ਵਿੱਚ ਘਰ ਵਾਪਸ ਆ ਗਿਆ, ਜਿਸ ਨਾਲ ਉਸ ਦੇ ਪਰਿਵਾਰ ਦੀ ਆਮਦਨ ਦਾ ਮੁੱਖ ਸਰੋਤ ਬੰਦ ਹੋ ਗਿਆ। ਸਾਹਿਲ ਦੀ ਮਾਂ ਨੇ ਧੋਖੇਬਾਜ਼ ਟ੍ਰੈਵਲ ਏਜੰਟ ਦੇ ਖ਼ਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।



# ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਕੰਮ ਜਾਰੀ: ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ

ਮੋਗਾ, 10 ਫਰਵਰੀ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਕੰਮ ਚੱਲ ਰਿਹਾ ਹੈ । ਇਸ ਵਿਸ਼ੇਸ਼ ਸੁਧਾਈ ਦੇ ਕੰਮ ਤਹਿਤ ਵੋਟਰ ਸੂਚੀ ਸਾਲ 2023 ਦਾ ਮਿਲਾਨ 2025 ਦੀ ਵੋਟਰ ਸੂਚੀ ਨਾਲ ਕਰਕੇ ਵੋਟਰਾਂ ਦੀ ਵੋਟ ਦੀ ਵੈਰੀਫਿਕੇਸ਼ਨ ਕੀਤੀ ਜਾ ਰਹੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਮੋਗਾ ਮਨਜੀਤ ਸਿੰਘ ਰਾਜਲਾ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ 073-ਮੋਗਾ ਦੀਆਂ ਉਹ ਵਿਆਹੀਆਂ ਲੜਕੀਆਂ ਜਿਹਨਾਂ ਦੀ ਉਮਰ 42 ਸਾਲ ਤੱਕ ਹੈ ਜਾਂ ਇਸ ਤੋਂ ਘੱਟ ਹੈ, ਲਈ ਜ਼ਰੂਰੀ ਹੈ ਕਿ ਉਹ ਆਪਣੇ ਪੇਕੇ ਘਰ/ਪਿੰਡ/ਸ਼ਹਿਰ ਦੇ ਬੀ.ਐਲ.ਓਜ਼ ਪਾਸੋਂ ਵੋਟਰ ਸੂਚੀ ਸਾਲ 2023 ਅਨੁਸਾਰ ਆਪਣੇ ਪਿਤਾ ਜਾਂ ਮਾਤਾ ਦੀ ਵੋਟਰ ਕਾਰਡ ਦਾ ਲੜੀ ਨੰਬਰ, ਬੂਥ ਨੰਬਰ ਵਿਧਾਨ ਸਭਾ ਚੋਣ ਹਲਕੇ ਦਾ ਨੰਬਰ ਪ੍ਰਾਪਤ ਕਰਕੇ ਆਪਣੇ ਏਰੀਏ ਦੇ ਸਬੰਧਤ ਬੀ.ਐਲ.ਓਜ਼ ਕੋਲ ਦੇਣ ਤਾਂ ਕਿ ਉਹਨਾਂ ਦੀ ਵੋਟ ਦੀ ਵੈਰੀਫਿਕੇਸ਼ਨ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਉਹਨਾਂ ਦੀ ਵੋਟ ਵੀ ਕੱਟੀ ਜਾ ਸਕਦੀ ਹੈ। ਉਨ੍ਹਾਂ 42 ਸਾਲ ਤੱਕ ਦੀ ਉਮਰ ਦੀਆਂ ਵਿਆਹੀਆਂ ਲੜਕੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੇਕਿਆਂ ਦੇ ਬੀ.ਐਲ.ਓਜ਼ ਪਾਸੋਂ ਆਪਣੇ ਪਿਤਾ ਜਾਂ ਮਾਤਾ ਦੀ ਵੋਟ ਨਾਲ ਸਬੰਧਤ ਵੇਰਵੇ ਪ੍ਰਾਪਤ ਕਰਕੇ ਆਪਣੇ ਇਲਾਕੇ ਦੇ ਸਬੰਧਤ ਬੀ.ਐਲ.ਓ ਨੂੰ ਜ਼ਰੂਰ ਮੁਹੱਈਆ ਕਰਵਾਉਣ ਤਾਂ ਜੋ ਉਹਨਾਂ ਦੀ ਵੋਟ ਦੀ ਮੈਪਿੰਗ ਕੀਤੀ ਜਾ ਸਕੇ ਅਤੇ ਵੋਟ ਕੱਟੀ ਨਾ ਜਾ ਸਕੇ।



# ਆਪਰੇਸ਼ਨ ਪ੍ਰਹਾਰ-2.0 ਤਹਿਤ ਕਾਨੂੰਨ ਵਿਵਸਥਾ ਭੰਗ ਕਰਨ ਵਾਲੇ ਕਰੀਬ 50 ਦੋਸ਼ੀ ਕਾਬੂ: ਜ਼ਿਲ੍ਹਾ ਪੁਲਿਸ ਮੁਖੀ

## ☛ਗੈਂਗਸਟਰਾਂ ਤੇ ਨਸ਼ਿਆਂ ਦੇ ਮੁਕੰਮਲ ਖਾਤਮੇ ਤੱਕ ਜਾਰੀ ਰਹੇਗਾ ਆਪਰੇਸ਼ਨ ਪ੍ਰਹਾਰ-2.0: ਸ਼ੁਭਮ ਅਗਰਵਾਲ




ਸ੍ਰੀ ਫ਼ਤਹਿਗੜ੍ਹ ਸਾਹਿਬ, 10 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਗੈਂਗਸਟਰ ਤੇ ਨਸ਼ਾ ਮੁਕਤ ਬਣਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਆਪਰੇਸ਼ਨ ਪ੍ਰਹਾਰ-2.0 ਤਹਿਤ ਅੱਜ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿੱਚ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸ਼ੁਭਮ ਅਗਰਵਾਲ ਦੀ ਨਿਗਰਾਨੀ ਅਤੇ ਐਸ.ਪੀ (ਡੀ) ਸ੍ਰੀ ਰਾਕੇਸ਼ ਯਾਦਵ ਦੀ ਅਗਵਾਈ ਹੇਠ ਪੁਲਿਸ ਦੀਆਂ ਟੀਮਾਂ ਵੱਲੋਂ ਵਿਆਪਕ ਚੈਕਿੰਗ ਕੀਤੀ ਗਈ। ਇਸ ਦੌਰਾਨ ਕਾਨੂੰਨ ਵਿਵਸਥਾ ਭੰਗ ਕਰਨ ਅਤੇ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਕਰੀਬ 50 ਤੋਂ ਵੱਧ ਸ਼ੱਕੀ ਵਿਅਕਤੀਆਂ ਨੂੰ ਰਾਊਂਡ ਅਪ ਕਰਕੇ ਕਾਬੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸ਼ੁਭਮ ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਵਿੱਚੋਂ ਗੈਂਗਸਟਰਾਂ ਅਤੇ ਨਸ਼ਿਆਂ ਦੇ ਪੂਰੇ ਤੌਰ 'ਤੇ ਸਫ਼ਾਏ ਤੱਕ ਇਹ ਮੁਹਿੰਮ ਪੂਰੀ ਸਖ਼ਤੀ ਨਾਲ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਆਪਰੇਸ਼ਨ ਪ੍ਰਹਾਰ-2.0 ਇੱਕ ਨਿਰੰਤਰ ਅਤੇ ਖੁਫੀਆ ਜਾਣਕਾਰੀ 'ਤੇ ਆਧਾਰਿਤ ਸਰਜੀਕਲ ਮੁਹਿੰਮ ਹੈ, ਜਿਸਦਾ ਮਕਸਦ ਗੈਂਗਸਟਰਾਂ ਨੂੰ ਲੌਜਿਸਟਿਕਸ, ਵਿੱਤੀ ਸਹਾਇਤਾ ਤੇ ਸੰਚਾਰ ਨੈੱਟਵਰਕ ਮੁਹੱਈਆ ਕਰਵਾਉਣ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਨੀ ਹੈ। ਐਸ.ਐਸ.ਪੀ ਸ੍ਰੀ ਸ਼ੁਭਮ ਅਗਰਵਾਲ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸੰਗਠਿਤ ਅਪਰਾਧ ਵਿਰੁੱਧ ਇਸ ਮੁਹਿੰਮ ਵਿੱਚ ਪੁਲਿਸ ਦਾ ਪੂਰਾ ਸਹਿਯੋਗ ਕੀਤਾ ਜਾਵੇ। ਲੋਕ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 'ਤੇ ਗੁਪਤ ਤੌਰ 'ਤੇ ਗੈਂਗਸਟਰਾਂ ਜਾਂ ਅਪਰਾਧਿਕ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਸਕਦੇ ਹਨ।

# ਤੀਰਥ ਧਾਮ ਲਈ ਬੱਸ ਨੂੰ ਨੀਲਾ ਧਮੀਜਾ ਨੇ ਕੀਤਾ ਰਵਾਨਾ

ਮੋਗਾ, 10 ਫਰਵਰੀ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਮੋਗਾ ਤੋਂ ਤਪੋਧਾਮ ਆਸ਼ਰਮ ਸੀਤਾਪੁਰ ਉੱਤਰ ਪ੍ਰਦੇਸ਼ ਲਈ ਬੱਸ ਯਾਤਰਾ ਨੂੰ ਸਮਾਜ ਸੇਵੀ ਨੀਲਾ ਧਮੀਜਾ ਨੇ ਸਥਾਨਕ ਭੀਮ ਨਗਰ ਕੈਂਪ ਜੰਡੀ ਮਾਤਾ ਮੰਦਰ ਤੋਂ ਝੰਡੀ ਦਿਖਾ ਕੇ ਰਵਾਨਾ ਕੀਤਾ। ਤਿੰਨ ਦਿਨਾਂ ਦੀ ਇਸ ਯਾਤਰਾ ਲਈ ਸ਼ਰਧਾਲੂਆਂ ਦੀ ਸੁਵਿਧਾ ਵਾਸਤੇ ਪੱਕੇ ਪ੍ਰਬੰਧ ਕੀਤੇ ਗਏ ਹਨ। ਸੇਵਾਦਾਰ ਨਿਤਿਨ ਨੇ ਦੱਸਿਆ ਕਿ ਮੋਗਾ ਤੋਂ ਤਪੋਧਾਮ ਆਸ਼ਰਮ ਸੀਤਾਪੁਰ ਉੱਤਰ ਪ੍ਰਦੇਸ਼ ਯਾਤਰਾ ਲਈ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਏ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਮਹੰਤ ਸ਼੍ਰੀ ਯੋਗੀ ਤੇਜ ਨਾਥ ਜੀ ਦੇ ਆਦੇਸ਼ ਅਨੁਸਾਰ ਸ਼ਰਧਾਲੂਆਂ ਨੂੰ ਆਸ਼ਰਮ ਵਿਚ ਯਾਤਰਾ ਕਰਵਾਉਣ ਦੇ ਨਾਲ-ਨਾਲ ਖਾਣ-ਪੀਣ ਤੇ ਰਹਿਣ ਦੀ ਵੀ ਵਿਵਸਥਾ ਕੀਤੀ ਜਾਵੇਗੀ। ਨੀਲਾ ਧਮੀਜਾ ਨੇ ਦੱਸਿਆ ਕਿ ਤੀਰਥ ਧਾਮ ਦੀ ਯਾਤਰਾ ਕਰਵਾਉਣਾ ਪੁੰਨ ਦਾ ਕੰਮ ਹੈ। ਉਨ੍ਹਾਂ ਨੇ ਕਿਹਾ ਕਿ ਸੀਤਾਪੁਰ ਆਸ਼ਰਮ ਲਈ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਮੋਗਾ ਤੋਂ ਰਵਾਨਾ ਹੋਏ ਹਨ। ਆਯੋਜਕਾਂ ਵੱਲੋਂ ਨੀਲਾ ਧਮੀਜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਨੀਲਾ ਧਮੀਜਾ, ਨਿਤਿਨ, ਦੇਵ ਛਾਬੜਾ, ਜਯੰਤ, ਰਮਨ, ਦੇਸ਼ੂ, ਸੋਨੂੰ ਧਮੀਜਾ, ਹਰਮਨ ਦੇ ਇਲਾਵਾ ਹੋਰ ਵੀ ਮੌਜੂਦ ਸਨ।



# ਓ.ਬੀ.ਸੀ. ਸੈੱਲ ਜ਼ਿਲ੍ਹਾ ਕਾਂਗਰਸ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਵੰਡੇ



ਸ੍ਰੀ ਫ਼ਤਿਹਗੜ੍ਹ ਸਾਹਿਬ, 10 ਫਰਵਰੀ (ਨਰਿੰਦਰ ਸਿੰਘ): ਓ.ਬੀ.ਸੀ ਸੈੱਲ ਜ਼ਿਲ੍ਹਾ ਕਾਂਗਰਸ ਕਮੇਟੀ ਫ਼ਤਿਹਗੜ੍ਹ ਸਾਹਿਬ ਵੱਲੋਂ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਓ.ਬੀ.ਸੀ ਸੈੱਲ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇਹ ਨਿਯੁਕਤੀ ਪੱਤਰ ਓ.ਬੀ.ਸੀ ਸੈਲ ਜ਼ਿਲ੍ਹਾ ਕਾਂਗਰਸ ਫ਼ਤਿਹਗੜ੍ਹ ਸਾਹਿਬ ਦੇ ਪ੍ਰਧਾਨ ਗੁਲਸ਼ਨ ਰਾਏ ਬੌਬੀ ਵੱਲੋਂ ਵੰਡੇ ਗਏ।ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਸਕੱਤਰ ਤੇ ਪੰਜਾਬ ਮਾਮਲਿਆਂ ਦੀ ਸਹਿ-ਇੰਚਾਰਜ ਸ੍ਰੀਮਤੀ ਹੀਨਾ ਕਾਵਰੇ, ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਮਾਣਯੋਗ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ, ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਤੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਦੌਰਾਨ ਬਲਾਕ ਅਮਲੋਹ ਤੋਂ ਸੁਦਾਗਰ ਖਾਨ, ਪ੍ਰੇਮ ਕ੍ਰਿਸ਼ਨ ਬਲਾਕ ਗੋਬਿੰਦਗੜ੍ਹ, ਹਰਜਿੰਦਰ ਸਿੰਘ ਬਲਾਕ ਬਸੀ ਬਠਾਣਾ, ਗੁਰਿੰਦਰ ਸਿੰਘ ਸੈਣੀ ਬਲਾਕ ਖਮਾਣੋਂ, ਸੁਰਿੰਦਰ ਸਿੰਘ ਧੀਮਾਨ ਬਲਾਕ ਸਰਹਿੰਦ, ਪਰਮਿੰਦਰ ਸਿੰਘ ਸੈਣੀ ਬਲਾਕ ਖੇੜਾ ਆਦਿ ਨੂੰ ਓ.ਬੀ.ਸੀ ਸੈੱਲ ਕਾਂਗਰਸ ਦੇ ਨਿਯੁਕਤੀ ਪੱਤਰ ਵੰਡੇ ਗਏ।ਇਸ ਮੌਕੇ ਨੇਤਾਵਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਕਾਂਗਰਸ ਪਾਰਟੀ ਹੀ ਇੱਕਮਾਤ੍ਰ ਐਸੀ ਪਾਰਟੀ ਹੈ ਜਿਸ ਨੇ ਦੇਸ਼ ਵਿੱਚ ਪਿੱਛੜੇ ਵਰਗਾਂ, ਦਲਿਤਾਂ ਤੇ ਕਮਜ਼ੋਰ ਵਰਗਾਂ ਨੂੰ ਸੰਵਿਧਾਨਕ ਹੱਕ ਤੇ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਓ.ਬੀ.ਸੀ ਵਰਗ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਰਾਮਗੜ੍ਹ, ਓ.ਬੀ.ਸੀ ਸੈੱਲ ਜ਼ਿਲ੍ਹਾ ਕਾਂਗਰਸ ਫ਼ਤਿਹਗੜ੍ਹ ਸਾਹਿਬ ਦੇ ਪ੍ਰਧਾਨ ਗੁਲਸ਼ਨ ਰਾਏ ਬੌਬੀ, ਵੱਖ-ਵੱਖ ਫਰੰਟਲ ਸੰਗਠਨਾਂ, ਸੇਵਾ ਦਲ, ਮਹਿਲਾ ਕਾਂਗਰਸ, ਯੂਥ ਕਾਂਗਰਸ, ਕਿਸਾਨ ਸੈੱਲ, ਐਸ. ਸੀ ਸੈੱਲ, ਬੀ.ਸੀ ਸੈੱਲ ਤੇ ਜ਼ਿਲ੍ਹਾ ਕਾਂਗਰਸ ਕਮੇਟੀ, ਬਲਾਕ ਕਾਂਗਰਸ ਦੇ ਸਮੂਹ ਅਹੁਦੇਦਾਰ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪਾਵਰਕਾਮ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਨੇ ਸਰਬੱਤ ਦੇ ਭਲੇ ਲਈ ਸਾਲਾਨਾ ਸਮਾਗਮ ਮੌਕੇ ਪਾਠ ਕਰਵਾਇਆ



ਅਮਲੋਹ, 10 ਫਰਵਰੀ (ਜਸਵੰਤ ਸਿੰਘ): ਪੰਜਾਬ ਪਾਵਰਕਾਮ ਕਾਰਪੋਰੇਸ਼ਨ ਮੰਡਲ ਦਫ਼ਤਰ ਅਮਲੋਹ ਵਿਖੇ ਪਾਵਰਕਾਮ ਅਤੇ 200 ਕੇਵੀ ਗਰਿਡ ਦੇ ਸਮੂਹ ਸਟਾਫ਼ ਵੱਲੋਂ ਸਾਲਾਨਾ ਸਮਾਗਮ ਮੌਕੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਕੀਰਤਨ ਉਪਰੰਤ ਅਤੁੱਟ ਲੰਗਰ ਚਲਾਇਆ ਗਿਆ। ਸਮਾਗਮ ਵਿਚ ਵੱਡੀ ਗਿਣਤੀ ਵਿਚ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।ਐਕਸੀਅਨ ਗੁਰਪ੍ਰੀਤ ਸਿੰਘ ਅਤੇ ਐਸਡੀਓ ਗੁਰਦਰਸ਼ਨ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਬੀਬੀ ਸਿਮਰਜੀਤ ਕੌਰ ਰਾਜਪੁਰਾ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵਿਭਾਗ ਦੇ ਸਰਕਲ ਖੰਨਾ ਦੇ ਐਸ.ਈ. ਸੁਖਜੀਤ ਸਿੰਘ ਨੇ ਵਿਭਾਗ ਦੇ ਅਧਿਕਾਰੀਆਂ ਅਤੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ। ਸਮਾਗਮ ਵਿਚ ਐਕਸੀਅਨ ਗੁਰਪ੍ਰੀਤ ਸਿੰਘ, ਐਕਸੀਅਨ ਹਰਜਿੰਦਰਪਾਲ ਸਿੰਘ ਮੰਡੀ ਗੋਬਿੰਦਗੜ੍ਹ, ਐਕਸੀਅਨ ਅਮਨ ਗੁਪਤਾ ਖੰਨਾ, ਐਸਡੀਓ ਗੁਰਦਰਸ਼ਨ ਸਿੰਘ, ਦਵਿੰਦਰਜੀਤ ਸਿੰਘ ਸਰਹਿੰਦ, ਐੱਸਡੀਓ ਬਲਦੇਵ ਸਿੰਘ ਘਟੀਂਡ, ਐਸਡੀਓ ਭਾਦਸੋਂ, ਐਸਡੀਓ ਸ਼ਮਸ਼ਪੁਰ, ਐਸਡੀਓ ਟੌਹੜਾ, ਗੁਰਦਵਾਰਾ ਸ੍ਰੀ ਸਿੰਘ ਸਭਾ ਦੀ ਸੁਪਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਚੀਮਾ, ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਮਾਰਕੀਟ ਕਮੇਟੀ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ, ਇੰਜ. ਪ੍ਰਿਥੀਪਾਲ ਸਿੰਘ ਅਮਲੋਹ, ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ, ਰਿਟਾ. ਐਸਡੀਓ ਸੰਦੀਪ ਧੀਰ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਕਾਲਾ ਅਰੜਾ, ਪੰਚਾਇਤ ਅਫ਼ਸਰ ਬਲਪਿੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਭਗੜਾਣਾ, ਸਾਬਕਾ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ, ਐਡਵੋਕੇਟ ਸੀਤਲ ਸ਼ਰਮਾ, ਐਡਵੋਕੇਟ ਮਯੰਕ ਸ਼ਰਮਾ, ਹੈਪੀ ਸੂਦ, ਅਮਰੀਕ ਸਿੰਘ ਮੇਂਜੀ, ਚਮਕੌਰ ਸਿੰਘ ਅਕਾਲਗੜ੍ਹ, ਅਮਰਜੀਤ ਸਿੰਘ ਮੁੱਢੜੀਆਂ, ਡਾ. ਜਸਵੰਤ ਸਿੰਘ ਅਲਾਦਾਦਪੁਰ, ਜੇਈ ਰਵਿੰਦਰ ਕੁਮਾਰ, ਜੇਈ ਅਮਰੀਕ ਸਿੰਘ, ਜੇਈ ਲਖਵੀਰ ਸਿੰਘ ਤੇ ਕਰਮ ਸਿੰਘ ਭਾਂਬਰੀ ਨੇ ਸ਼ਿਰਕਤ ਕੀਤੀ। ਐਸਡੀਓ ਗੁਰਦਰਸਨ ਸਿੰਘ ਨੇ ਸਟੇਜ ਸਕੱਤਰ ਦਾ ਫ਼ਰਜ਼ ਨਿਭਾਇਆ ਤੇ ਧੰਨਵਾਦ ਕੀਤਾ।

# ਐਸ.ਪੀ.ਐਨ. ਕਾਲਜ 'ਚ ਡਿਜੀਟਲ ਮਾਰਕੀਟਿੰਗ ਤੇ ਔਰੇਕਲ 'ਚ ਕਰੀਅਰ ਮੌਕਿਆਂ ਬਾਰੇ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ



ਮੁਕੇਰੀਆਂ, 10 ਫਰਵਰੀ (ਧਰਮ ਚੰਦ): ਐਸ.ਪੀ.ਐਨ ਕਾਲਜ, ਮੁਕੇਰੀਆਂ ਵਿੱਚ ਕਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਪੋਸਟਗ੍ਰੈਜੂਏਟ ਡਿਪਾਰਟਮੈਂਟ ਆਫ ਕੰਪਿਊਟਰ ਸਾਇੰਸ ਦੇ ਸਹਿਯੋਗ ਨਾਲ ਡਿਜੀਟਲ ਮਾਰਕੀਟਿੰਗ ਤੇ ਔਰੇਕਲ ਵਿੱਚ ਕਰੀਅਰ ਮੌਕਿਆਂ ਬਾਰੇ ਇੱਕ ਵਿਸ਼ੇਸ਼ ਕਰੀਅਰ ਕਾਊਂਸਲਿੰਗ ਸੈਸ਼ਨ ਆਯੋਜਿਤ ਕੀਤਾ ਗਿਆ। ਇਹ ਸੈਸ਼ਨ KP IT Experts, ਮੋਹਾਲੀ ਦੀ ਟੀਮ ਵੱਲੋਂ ਕਰਵਾਇਆ ਗਿਆ, ਜੋ ਆਈ.ਟੀ. ਖੇਤਰ ਵਿੱਚ ਪ੍ਰੋਫੈਸ਼ਨਲ ਟ੍ਰੇਨਿੰਗ ਤੇ ਪਲੇਸਮੈਂਟ ਲਈ ਇੱਕ ਪ੍ਰਸਿੱਧ ਸੰਸਥਾ ਹੈ।ਸੈਸ਼ਨ ਦੀ ਸ਼ੁਰੂਆਤ ਪੋਸਟਗ੍ਰੈਜੂਏਟ ਡਿਪਾਰਟਮੈਂਟ ਆਫ ਕੰਪਿਊਟਰ ਸਾਇੰਸ ਦੀ ਪ੍ਰੋ. ਪੂਜਾ ਸ਼ਰਮਾ ਵੱਲੋਂ ਕੀਤੀ ਗਈ। ਉਨ੍ਹਾਂ ਰਿਸੋਰਸ ਪਰਸਨਜ਼ ਅਮਨ ਸੈਨੀ ਤੇ ਸ੍ਰੀਮਤੀ ਰਮਾ ਸ਼ਰਮਾ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਹੋਏ ਵਿਦਿਆਰਥੀਆਂ ਨੂੰ KP IT Experts ਸੰਸਥਾ ਤੇ ਇਸ ਦੀਆਂ ਗਤਿਵਿਧੀਆਂ ਬਾਰੇ ਜਾਣੂੰ ਕਰਵਾਇਆ।ਕਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈਲ ਦੇ ਇੰਚਾਰਜ ਪ੍ਰੋ. ਪੰਕਜ ਸਰੀਨ ਨੇ ਆਈ.ਟੀ. ਸੈਕਟਰ ਦੀ ਵੱਧ ਰਹੀ ਮਹੱਤਤਾ 'ਤੇ ਪ੍ਰਕਾਸ਼ ਪਾਉਂਦੇ ਹੋਏ ਕਿਹਾ ਕਿ ਅੱਜ ਦੇ ਯੁੱਗ ਵਿੱਚ ਡਿਜੀਟਲ ਹੁਨਰਾਂ ਦੀ ਬਹੁਤ ਜ਼ਿਆਦਾ ਮੰਗ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਉਦਯੋਗ ਅਨੁਕੂਲ ਹੁਨਰ ਵਿਕਸਿਤ ਕਰਨ ਤੇ ਨਵੀਂ ਤਕਨਾਲੋਜੀ ਨਾਲ ਕਦਮ ਮਿਲਾ ਕੇ ਚੱਲਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਪੰਕਜ ਸਰੀਨ ਨੇ ਐਸ.ਪੀ.ਐਨ. ਕਾਲਜ ਦੀ ਮੈਨੇਜਿੰਗ ਕਮੇਟੀ ਤੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਦਾ ਲਗਾਤਾਰ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ।ਇਸ ਮੌਕੇ 'ਤੇ ਪ੍ਰੋ. ਪਰਵੀਨ, ਪ੍ਰੋ. ਪੂਜਾ, ਪ੍ਰੋ. ਗਰੀਮਾ, ਪ੍ਰੋ. ਸ਼ਾਲੂ ਮਹਿਰਾ ਤੇ ਪ੍ਰੋ. ਨਵਪ੍ਰੀਤ ਵੀ ਮੌਜੂਦ ਸਨ। ਕਰੀਬ 50 ਤੋਂ ਵੱਧ ਵਿਦਿਆਰਥੀਆਂ ਨੇ ਇਸ ਸੈਸ਼ਨ ਵਿੱਚ ਭਾਗ ਲਿਆ ਤੇ ਆਈ.ਟੀ. ਖੇਤਰ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ।

# 3 ਬਾਈਕ ਸਵਾਰ ਬਦਮਾਸ਼ਾਂ ਨੇ ਇੱਕ ਸ਼ਖ਼ਸ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੰਨ੍ਹੇਵਾਹ ਗੋਲ਼ੀਆਂ ਚਲਾਈਆਂ

## ☛2 ਮਜ਼ਦੂਰ ਪੈਰਾਂ 'ਚ ਗੋਲ਼ੀਆਂ ਲੱਗਣ ਕਾਰਨ ਹੋਏ ਜ਼ਖ਼ਮੀ

ਮੋਗਾ, 10 ਫਰਵਰੀ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਮੋਗਾ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਜਾ ਰਿਹਾ ਹੈ ਜ਼ਖ਼ਮੀ ਮਜ਼ਦੂਰ ਬਿਹਾਰ ਦੇ ਰਹਿਣ ਵਾਲੇ ਹਨ, ਜੱਕਿ ਮੋਗਾ ਦੀ ਫੈਕਟਰੀ ਵਿਚ ਕੰਮ ਕਰਦੇ ਹਨ । ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਦਾਖ਼ਲ ਫਾਇਰਿੰਗ ਦੌਰਾਨ ਦੋ ਵਿਅਕਤੀਆਂ ਦੇ ਪੈਰਾਂ ਵਿੱਚ ਗੋਲ਼ੀਆਂ ਲੱਗੀਆਂ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਦੀ ਪਛਾਣ ਅਸ਼ੋਕ ਕੁਮਾਰ ਅਤੇ ਸਬੋਧ ਵਜੋਂ ਹੋਈ ਹੈ। ਮੌਕੇ 'ਤੇ ਮੌਜੂਦ ਦੁਕਾਨਦਾਰਾਂ ਨੇ ਦੱਸਿਆ ਕਿ ਹਮਲਾਵਰਾਂ ਵੱਲੋਂ ਚਾਰ ਹਵਾਈ ਫਾਇਰ ਵੀ ਕੀਤੇ ਗਏ, ਜਿਸ ਨਾਲ ਇਲਾਕੇ ਵਿੱਚ ਹਫ਼ੜਾ-ਦਫ਼ੜੀ ਮਚ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਨਜ਼ਦੀਕੀ ਹਸਪਤਾਲ ਭੇਜਿਆ ਗਿਆ । ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਆਸ-ਪਾਸ ਦੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਹਮਲਾਵਰਾਂ ਦੀ ਪਛਾਣ ਤੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।





ਮੋਗਾ ਦੇ ਜ਼ੀਰਾ ਰੋਡ 'ਤੇ ਤਾਬੜਤੋੜ ਗੋਲ਼ੀਆਂ ਚੱਲੀਆਂ ਹਨ । 3 ਬਾਈਕ ਸਵਾਰ ਬਦਮਾਸ਼ਾਂ ਨੇ ਇਕ ਸ਼ਖ਼ਸ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੰਨ੍ਹੇਵਾਹ ਗੋਲ਼ੀਆਂ ਚਲਾਈਆਂ । ਇਸ ਘਟਨਾ ਵਿਚ ਦੋ ਮਜ਼ਦੂਰਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਹੈ। 2 ਮਜ਼ਦੂਰਾਂ ਦੇ ਪੈਰਾਂ ਵਿਚ ਗੋਲ਼ੀਆਂ ਲੱਗੀਆਂ ਹਨ । ਦੱਸਿਆ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੱਲੇਦਾਰੀ ਦਾ ਕੰਮ ਕਰਨ ਵਾਲੇ ਕੁਝ ਮਜ਼ਦੂਰ ਰੋਟੀ ਖਾਣ ਤੋਂ ਬਾਅਦ ਆਪਣੇ ਘਰਾਂ ਵੱਲ ਜਾ ਰਹੇ ਸਨ ਕਿ ਅਚਾਨਕ ਤਿੰਨ ਬਾਈਕ ਸਵਾਰ ਨੌਜਵਾਨ ਉੱਥੇ ਆ ਪਹੁੰਚੇ ਤੇ ਬਿਨ੍ਹਾਂ ਕਿਸੇ ਚਿਤਾਵਨੀ ਦੇ ਉਨ੍ਹਾਂ ਵੱਲੋਂ ਮਜ਼ਦੂਰਾਂ 'ਤੇ ਗੋਲ਼ੀਆਂ ਚਲਾਈਆਂ ਗਈਆਂ। ਇਸ

# ਵਿਧਾਇਕ ਭੁੱਲਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਅੰਮ੍ਰਿਤਸਰ ਨੂੰ ਤੀਜੀ ਬੱਸ ਰਵਾਨਾ



ਫ਼ਿਰੋਜ਼ਪੁਰ, 10 ਫਰਵਰੀ (ਤਿਵਾੜੀ): ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਸ਼ਰਧਾਲੂਆਂ ਦੀ ਤੀਜੀ ਬੱਸ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਆਸ ਪਾਸ ਦੇ ਇਲਾਕਿਆਂ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ । ਇਸ ਮੌਕੇ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਪੰਜਾਬ ਸਰਕਾਰ ਦੀ ਮਹੱਤਵਪੂਰਨ ਤੇ ਲੋਕਪੱਖੀ ਯੋਜਨਾ ਹੈ, ਜਿਸ ਦਾ ਉਦੇਸ਼ ਸ਼ਰਧਾਲੂਆਂ ਨੂੰ ਮੁਫ਼ਤ ਤੇ ਸੁਵਿਧਾਜਨਕ ਤੀਰਥ ਯਾਤਰਾ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ । ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਵੱਡੀ ਗਿਣਤੀ ਵਿੱਚ ਲੋਕ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਸ ਯੋਜਨਾ ਨਾਲ ਖਾਸ ਕਰਕੇ ਵੱਡੀ ਉਮਰ ਦੇ ਨਾਗਰਿਕਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਬੱਸ ਰਾਹੀਂ ਸ਼ਰਧਾਲੂ, ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਅਸਥਾਨਾਂ ਦੇ ਦਰਸ਼ਨ ਕਰਨਗੇ।

# ਸਿਹਤ ਬੀਮਾ ਯੋਜਨਾ ਕਾਰਡ ਬਣਾਉਣ ਦਾ ਕੰਮ ਜ਼ੋਰਾਂ 'ਤੇ

ਆਦਮਪੁਰ, 10 ਫਰਵਰੀ (ਜੰਡੀਰ ਸੈਣੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿਹਤ ਬੀਮਾ ਯੋਜਨਾ ਤਹਿਤ ਵਿਧਾਇਕ ਬਲਕਾਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਰਡਾਂ ਵਿੱਚ ਡੋਰ ਟੂ ਡੋਰ ਆਪ ਵਰਕਰਾਂ ਵੱਲੋਂ ਦੱਸ ਲੱਖ ਸਿਹਤ ਬੀਮਾ ਯੋਜਨਾ ਕਾਰਡ ਬਣਾਉਣੇ ਸ਼ੁਰੂ ਕੀਤੇ ਗਏ । ਲੋਕ ਵਿੱਚ ਸਕੀਮ ਲਾਭ ਸਬੰਧੀ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।ਅੱਜ ਵੱਡੀ ਗਿਣਤੀ ਵਿੱਚ ਫਾਰਮ ਭਰੇ ਗਏ, ਕਾਰਡ ਬਣਵਾ ਰਹੇ ਲੋਕ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਨੂੰ ਦੁਆਵਾਂ ਦੇ ਰਹੇ ਸਨ।ਇਸ ਮੌਕੇ 'ਤੇ ਕਾਰਡ ਬਣਾ ਰਹੇ ਲੋਕਾਂ ਨੇ ਵਿਧਾਇਕ ਬਲਕਾਰ ਸਿੰਘ ਦਾ ਧੰਨਵਾਦ ਕੀਤਾ।ਅੱਜ ਵਾਰਡ ਨੰਬਰ 15 ਵਿੱਚ ਆਪ ਆਗੂ ਲੱਕੀ ਅਟਵਾਲ ਅਤੇ ਦਵਿੰਦਰ ਕੰਡਾਰ ਨੇ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਦੇ ਕਾਰਡ ਦੀਆਂ ਸਲਿੱਪਾਂ ਵੰਡੀਆਂ।



# ਨਿਸ਼ਕਾਮ ਸੁਸਾਇਟੀ ਨੇ ਲੋੜਵੰਦ ਪਰਿਵਾਰ ਦੀ ਲੜਕੀ ਦਾ ਵਿਆਹ ਕਰਵਾਇਆ



ਮੰਡੀ ਗੋਬਿੰਦਗੜ੍ਹ, 10 ਫਰਵਰੀ (ਸੂਦ): ਅੱਜ ਕੱਲ ਦੇ ਇਸ ਆਪੋ ਧਾਪੀ ਦੌਰ ਵਿੱਚ ਜਿੱਥੇ ਕਿਸੇ ਕੋਲ ਕਿਸੇ ਲਈ ਸੋਚਣ ਤੱਕ ਦਾ ਵੀ ਸਮਾਂ ਨਹੀਂ ਉਥੇ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਦੇ ਮੈਂਬਰ ਹਰ ਸਮੇਂ ਸਮਾਜ ਸੇਵਾ ਲਈ ਤਿਆਰ ਰਹਿੰਦੇ ਹਨ ਤੇ ਸਮਾਜ ਭਲਾਈ ਦੇ ਕਾਰਜ ਕਰਦੇ ਹੋਏ ਸਮਾਜ ਸੇਵਾ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸੁਸਾਇਟੀ ਵੱਲੋਂ ਇਕਬਾਲ ਨਗਰ ਵਿਖੇ ਇੱਕ ਲੋੜਵੰਦ ਪਰਿਵਾਰ ਦੀ ਲੜਕੀ ਦਾ ਵਿਆਹ ਕਰਵਾਇਆ ਤੇ ਉਸ ਨੂੰ ਘਰੇਲੂ ਜ਼ਰੂਰਤ ਦਾ ਸਮਾਨ ਦਿੱਤਾ।ਵਿਆਹ ਸਮੇਂ ਨਵ-ਵਿਆਹੇ ਜੋੜੇ ਨੂੰ 'ਸ਼ੁੱਭ ਕਾਮਨਾਵਾਂ ਦੇਣ ਲਈ ਸੁਸਾਇਟੀ ਪ੍ਰਧਾਨ ਕਰਮਜੀਤ ਸਿੰਘ ਬਿੱਟੂ, ਕੈਸ਼ੀਅਰ ਰਵਿੰਦਰ ਸਿੰਘ ਧੰਨਾ, ਪ੍ਰੈਸ ਸਕੱਤਰ ਅਸ਼ੋਕ ਚੋਪੜਾ, ਜੁਆਇੰਟ ਸੈਕਟਰੀ ਮਨਜੀਤ ਸਿੰਘ, ਮੈਂਬਰ ਗੁਰਨਾਮ ਸਿੰਘ, ਹਰਚਰਨ ਸਿੰਘ ਨਾਗਰਾ, ਗੋਬਿੰਦ ਸਿੰਘ ਸੋਨੂੰ, ਕ੍ਰਿਸ਼ਨ ਚੰਦਰ ਗਰਗ , ਗੁਰਸੇਵ ਸਿੰਘ ਲੋਟੇ, ਕਮਲੇਸ਼ ਕੁਮਾਰ ਅਤੇ ਦਲਵੀਰ ਸਿੰਘ ਆਦਿ ਹਾਜ਼ਰ ਸਨ। ਸੁਸਾਇਟੀ ਪ੍ਰਧਾਨ ਕਰਮਜੀਤ ਸਿੰਘ ਬਿੱਟੂ ਅਤੇ ਕੈਸ਼ੀਅਰ ਰਵਿੰਦਰ ਸਿੰਘ ਧੰਨਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮਾਜ ਸੇਵਾ ਦੇ ਕਾਰਜਾਂ ਦੇ ਨਾਲ-ਨਾਲ ਭਰੂਣ ਹੱਤਿਆ ਅਤੇ ਦਹੇਜ ਵਰਗੀ ਲਾਹਨਤ ਨੂੰ ਠੱਲ ਪਾਉਣ ਲਈ ਲੜਕੀਆਂ ਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਮੇਂ-ਸਮੇਂ 'ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਮੁਫ਼ਤ ਕਟਿੰਗ ਅਤੇ ਸਿਲਾਈ ਸੈਂਟਰਾਂ ਵਿੱਚ ਕੋਰਸ ਕਰਵਾਏ ਜਾਂਦੇ ਹਨ ਤੇ ਇਸੇ ਮਕਸਦ ਲਈ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ ਤਾਂ ਜੋ ਮਾਪੇ ਲੜਕੀਆਂ ਨੂੰ ਬੋਝ ਨਾ ਸਮਝਣ।

# ਪਿਮਟ ਦੇ ਵਿਦਿਆਰਥੀਆਂ ਨੂੰ ਸ਼ਿਮਲਾ ਦਾ ਇੱਕ ਰੋਜ਼ਾ ਟੂਰ ਕਰਵਾਇਆ




ਮੰਡੀ ਗੋਬਿੰਦਗੜ੍ਹ, 10 ਫਰਵਰੀ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਨੇ ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਸ਼ਿਮਲਾ ਦਾ ਇੱਕ ਰੋਜ਼ਾ ਟੂਰ ਸੰਸਥਾ ਦੇ ਟਰੈਵਲ ਇੰਚਾਰਜ ਅਭਿਸ਼ੇਕ ਖੋਖਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਸ਼ਿਮਲਾ ਦੇ ਵੱਖ-ਵੱਖ ਪ੍ਰਸਿੱਧ ਸਥਾਨਾਂ ਦਾ ਦੌਰਾ ਕੀਤਾ। ਉਨ੍ਹਾਂ ਮਾਲ ਰੋਡ, ਜਾਖੂ ਮੰਦਰ ਤੇ ਹੋਰ ਕੁਦਰਤੀ ਅਤੇ ਇਤਿਹਾਸਕ ਸਥਾਨਾਂ ਦਾ ਟੂਰ ਕੀਤਾ ਤੇ ਸੁੰਦਰ ਵਾਦੀਆਂ ਦਾ ਆਨੰਦ ਮਾਣਿਆ। ਸਹਾਇਕ ਪ੍ਰੋਫੈਸਰ ਬੱਬਲ ਸਿੰਘ, ਨਵਜੋਤ ਕੌਰ, ਕਰਮਬੀਰ ਕੌਰ, ਨਵਜੋਤ ਸਿੰਘ, ਕਾਜਲ ਅਵਸਥੀ, ਦੀਕਸ਼ਾ ਸ਼ਰਮਾ ਤੇ ਹਰਕੀਰਤ ਸਿੰਘ ਵੀ ਵਿਦਿਆਰਥੀਆਂ ਦੇ ਨਾਲ ਟੂਰ 'ਤੇ ਗਏ। ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਕਿਹਾ ਕਿ ਅਜਿਹੇ ਟੂਰ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਟੀਮ ਭਾਵਨਾ ਅਤੇ ਵਿਹਾਰਕ ਸਮਝ ਵਿਕਸਤ ਕਰਦੀਆਂ ਹਨ। ਉਨ੍ਹਾਂ ਇਸ ਟੂਰ ਲਈ ਟਰੈਵਲ ਇੰਚਾਰਜ ਅਭਿਸ਼ੇਕ ਖੋਖਰ ਅਤੇ ਸਟਾਫ਼ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਨੇ ਇਸ ਟੂਰ ਨੂੰ ਯਾਦਗਾਰੀ ਤੇ ਆਨੰਦਦਾਇਕ ਦੱਸਿਆ ਤੇ ਸੰਸਥਾ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਆਪਰੇਸ਼ਨ ਪ੍ਰਹਾਰ-2.0 ਦੇ ਦੂਜੇ ਦਿਨ ਗੈਂਗਸਟਰਾਂ ਤੇ ਸ਼ਰਾਰਤੀ ਅਨਸਰਾਂ ਵਿਰੁੱਧ ਮੁਹਿੰਮ ਤਹਿਤ 86 ਕਾਰਕੁੰਨ ਕਾਬੂ



ਸ੍ਰੀ ਮੁਕਤਸਰ ਸਾਹਿਬ, 10 ਫਰਵਰੀ (ਐਚ ਐਸ ਕਪੂਰ): ਡੀ.ਜੀ.ਪੀ. ਪੰਜਾਬ ਗੌਰਵ ਯਾਦਵ, ਆਈ.ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੈਂਗਸਟਰਾਂ ਤੇ ਅਪਰਾਧਿਕ ਤੱਤਾਂ ਖ਼ਿਲਾਫ਼ ਚਲਾਏ ਜਾ ਰਹੇ ਵਿਸ਼ੇਸ਼ ਅਭਿਆਨ 'ਆਪਰੇਸ਼ਨ ਪ੍ਰਹਾਰ-2.0' ਤਹਿਤ ਐਸ.ਕੇ. ਰਾਮਪਾਲ, ਡੀ.ਆਈ.ਜੀ. ਏ.ਐਨ.ਟੀ.ਐਫ. ਐਂਡ ਕਮਾਂਡੋ ਦੀ ਨਿਗਰਾਨੀ ਤੇ ਅਭਿਮਨਿਊ ਰਾਣਾ, ਆਈ.ਪੀ.ਐਸ., ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਹ ਮੁਹਿੰਮ ਆਮ ਜਨਤਾ 'ਚ ਸੁਰੱਖਿਆ ਦੀ ਭਾਵਨਾ ਮਜ਼ਬੂਤ ਕਰਨ ਤੇ ਗੈਂਗਸਟਰ ਨੈੱਟਵਰਕ ਨੂੰ ਜੜ੍ਹ ਤੋਂ ਖਤਮ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਹੈ। ਇਸ ਅਭਿਆਨ ਦੇ ਦੂਜੇ ਦਿਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਚਾਰੇ ਸਬ-ਡਿਵੀਜ਼ਨਾਂ-ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ- ਵਿੱਚ ਵਿਸ਼ੇਸ਼ ਕਾਰਵਾਈ ਤਹਿਤ ਕੁੱਲ 550 ਪੁਲਿਸ ਅਧਿਕਾਰੀ/ਕਰਮਚਾਰੀ ਤਾਇਨਾਤ ਕੀਤੇ ਗਏ ਤੇ 71 ਵੱਖ-ਵੱਖ ਟੀਮਾਂ ਬਣਾਕੇ ਗੈਂਗਸਟਰਾਂ, ਉਨ੍ਹਾਂ ਦੇ ਸਹਿਯੋਗੀਆਂ, ਘੋਸ਼ਿਤ ਅਪਰਾਧੀਆਂ ਤੇ ਸ਼ੱਕੀ ਵਿਅਕਤੀਆਂ ਦੇ ਟਿਕਾਣਿਆਂ 'ਤੇ ਲਗਾਤਾਰ ਰੇਡਾਂ ਤੇ ਸਰਚ ਆਪਰੇਸ਼ਨ ਕੀਤੇ ਗਏ। ਇਸ ਦੇ ਨਾਲ ਹੀ ਸੰਵੇਦਨਸ਼ੀਲ ਇਲਾਕਿਆਂ 'ਚ ਨਾਕਾਬੰਦੀ, ਪੈਦਲ ਗਸ਼ਤ ਤੇ ਵਾਹਨਾਂ ਦੀ ਗਹਿਰਾਈ ਨਾਲ ਚੈਕਿੰਗ ਜਾਰੀ ਰੱਖੀ ਗਈ।

ਪਰੇਸ਼ਨ ਦੇ ਪਹਿਲੇ ਦਿਨ ਜ਼ਿਲ੍ਹਾ ਪੁਲਿਸ ਵੱਲੋਂ 41 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਕੁਝ ਪੁਰਾਣੇ ਭਗੌੜੇ ਤੇ ਮੁਕੱਦਮਿਆਂ ਵਿੱਚ ਲੋੜੀਂਦੇ ਅਪਰਾਧੀ ਵੀ ਸ਼ਾਮਲ ਸਨ। ਦੂਜੇ ਦਿਨ ਸਵੇਰ ਤੋਂ ਸ਼ਾਮ ਤੱਕ ਹੋਰ 45 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਤਰ੍ਹਾਂ ਦੋ ਦਿਨਾਂ 'ਚ ਕੁੱਲ ਮਿਲਾ ਕੇ 86 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ, ਜਿਨ੍ਹਾਂ 'ਚੋਂ 8 ਘੋਸ਼ਿਤ ਭਗੌੜੇ (ਪ੍ਰੋਕਲੇਮਡ ਅਫੈਂਡਰ) ਵੀ ਸ਼ਾਮਲ ਹਨ। ਕੁਝ ਮਾਮਲਿਆਂ ਵਿੱਚ ਇਤਰਾਜਯੋਗ ਵਸਤੂਆਂ ਦੀ ਬਰਾਮਦਗੀ ਤੇ ਅਪਰਾਧਿਕ ਗਤੀਵਿਧੀਆਂ ਸਬੰਧੀ ਹੋਰ ਜਾਂਚ ਜਾਰੀ ਹੈ। ਜ਼ਿਲ੍ਹੇ ਦੇ ਬਾਜ਼ਾਰਾਂ, ਜਨਤਕ ਥਾਵਾਂ, ਰੇਲਵੇ ਸਟੇਸ਼ਨਾਂ ਤੇ ਬੱਸ ਅੱਡਿਆਂ 'ਤੇ ਅਚਾਨਕ ਚੈਕਿੰਗ ਕੀਤੀ ਜਾ ਰਹੀ ਹੈ। ਸ਼ੱਕੀ ਵਿਅਕਤੀਆਂ ਦੀ ਪਛਾਣ ਲਈ PAIS ਐਪ ਤੇ ਵਾਹਨਾਂ ਦੀ ਜਾਂਚ ਲਈ ਵਹੀਕਲ ਵੈਰੀਫਿਕੇਸ਼ਨ ਐਪ ਦੀ ਵਰਤੋਂ ਕਰਕੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ।

ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਮੁਹਿੰਮ ਗੈਂਗਸਟਰਾਂ, ਧਮਕੀਆਂ ਦੇਣ ਵਾਲੇ ਤੱਤਾਂ ਅਤੇ ਨਜਾਇਜ਼ ਵਸੂਲੀ ਕਰਨ ਵਾਲੇ ਅਪਰਾਧਿਕ ਗਿਰੋਹਾਂ ਖ਼ਿਲਾਫ਼ ਇੱਕ ਇੰਟੈਲੀਜੈਂਸ-ਆਧਾਰਿਤ ਵਿਸ਼ੇਸ਼ ਕਾਰਵਾਈ ਹੈ ਜੋ ਆਗਾਮੀ ਦਿਨਾਂ ਵਿੱਚ ਵੀ ਜਾਰੀ ਰਹੇਗੀ। ਇਸ ਦਾ ਮੁੱਖ ਉਦੇਸ਼ ਆਮ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਤੇ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨਾ ਹੈ। ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਤੰਗ ਨਹੀਂ ਕੀਤਾ ਜਾਵੇਗਾ ਅਤੇ ਹਰ ਕਾਰਵਾਈ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਕੀਤੀ ਜਾ ਰਹੀ ਹੈ।

ਜ਼ਿਲ੍ਹਾ ਪੁਲਿਸ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਾਨੂੰਨ-ਵਿਵਸਥਾ ਕਾਇਮ ਰੱਖਣ ਵਿੱਚ ਪੁਲਿਸ ਦਾ ਸਹਿਯੋਗ ਕਰਨ, ਸ਼ੱਕੀ ਗਤੀਵਿਧੀਆਂ ਬਾਰੇ ਤੁਰੰਤ ਜਾਣਕਾਰੀ ਦੇਣ ਅਤੇ ਅਫ਼ਵਾਹਾਂ ਤੋਂ ਬਚਣ। ਕਿਸੇ ਵੀ ਅਪਰਾਧਿਕ ਜਾਣਕਾਰੀ ਲਈ ਪੁਲਿਸ ਹੈਲਪਲਾਈਨ ਨੰ. 80549-42100 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

## ਮਹਿਲਾ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਜੌਹਰ ਨੇ 'ਮਨਰੇਗਾ ਬਚਾਓ ਸੰਘਰਸ਼' ਨੂੰ ਲੈ ਕੇ ਕੀਤੀਆਂ ਮੀਟਿੰਗਾਂ




ਮੌੜ ਮੰਡੀ, 10 ਫਰਵਰੀ (ਭੋਲਾ ਸਿੰਘ ਮਾਨ): ਯੂ.ਪੀ.ਏ. ਸਰਕਾਰ ਦੇ ਸਮੇ ਸ਼ੁਰੂ ਕੀਤੇ ਪੇਂਡੂ ਰੁਜ਼ਗਾਰ ਕਾਨੂੰਨ 'ਮਨਰੇਗਾ' ਨੂੰ ਰੱਦ ਕਰਨ ਵਿਰੁੱਧ ਕਾਂਗਰਸ ਪਾਰਟੀ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੇ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਮਹਿਲਾ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ, ਮਹਿਲਾ ਕਾਂਗਰਸ ਦੇ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਅਤੇ ਨਿਤਾਸ਼ਾ ਸ਼ਰਮਾ ਸੈਕਟਰੀ ਏਆਈਐਮਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਹਿਲਾ ਕਾਂਗਰਸ ਕਮੇਟੀ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਜਸਵਿੰਦਰ ਕੌਰ ਜੌਹਰ ਵੱਲੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਰਪੰਚ ਅਵਤਾਰ ਸਿੰਘ ਨੰਦਗੜ੍ਹ ਕੋਟੜਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਨੰਦਗੜ੍ਹ ਕੋਟੜਾ ਤੇ ਬਾਲਿਆਂਵਾਲੀ ਵਿਖੇ 'ਮਨਰੇਗਾ ਬਚਾਓ ਸੰਘਰਸ਼' ਮੁਹਿੰਮ ਦੌਰਾਨ ਮੀਟਿੰਗਾਂ ਕੀਤੀਆਂ। ਇਸ ਮੌਕੇ ਪ੍ਰਧਾਨ ਜਸਵਿੰਦਰ ਕੌਰ ਜੌਹਰ ਨੇ 'ਵੀ. ਬੀ. ਜੀ. ਰਾਮ ਜੀ' ਐਕਟ ਨੂੰ ਰੱਦ ਕਰਨ, ਅਧਿਕਾਰ ਅਧਾਰਿਤ ਕਾਨੂੰਨ ਵਜੋਂ ਮਨਰੇਗਾ ਨੂੰ ਇਸ ਦੇ ਮੂਲ ਰੂਪ 'ਚ ਬਹਾਲ ਕਰਨ ਤੇ ਕੰਮ ਕਰਨ ਦੇ ਅਧਿਕਾਰ ਤੇ ਪੰਚਾਇਤਾਂ ਦੇ ਅਧਿਕਾਰ ਦੀ ਬਹਾਲੀ ਦੀ ਮੰਗ ਕੀਤੀ ਗਈ।

ਜਸਵਿੰਦਰ ਜੌਹਰ ਨੇ ਕਿਹਾ ਕਿ ਕਾਂਗਰਸ ਇਸ ਸੰਘਰਸ਼ ਨੂੰ ਉਦੋਂ ਤੱਕ ਜਾਰੀ ਰੱਖਣ ਲਈ ਵਚਨਬੱਧ ਹੈ ਜਦੋਂ ਤੱਕ ਅਸੀਂ ਕੰਮ, ਰੋਜ਼ੀ-ਰੋਟੀ ਤੇ ਜਵਾਬਦੇਹੀ ਦੇ ਅਧਿਕਾਰ ਦੀ ਬਹਾਲੀ ਹਾਸਲ ਨਹੀਂ ਕਰ ਲੈਂਦੇ ਜਿਸ ਨੂੰ ਮੋਦੀ ਸਰਕਾਰ ਨੇ ਮਨਰੇਗਾ ਨੂੰ ਖਤਮ ਕਰ ਕੇ ਖੋਹ ਲਿਆ ਹੈ। ਇਸ ਮੌਕੇ ਅਵਤਾਰ ਸਿੰਘ ਨੰਦਗੜ੍ਹ ਕੋਟੜਾ ਨੇ ਬੋਲਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਗਰੀਬਾਂ ਨੂੰ ਗਰੰਟੀ ਨਾਲ ਰੁਜ਼ਗਾਰ ਦੇਣ ਲਈ ਮਨਰੇਗਾ ਸਕੀਮ ਨੂੰ ਲਿਆਂਦਾ ਸੀ ਪ੍ਰੰਤੂ ਅੱਜ ਮੋਦੀ ਸਰਕਾਰ ਗਰੀਬਾਂ ਦੇ ਰੁਜ਼ਗਾਰ ਤੇ ਡਾਕਾ ਮਾਰਨ ਲੱਗੀ ਹੈ, ਕਾਂਗਰਸ ਪਾਰਟੀ ਕਦੇ ਵੀ ਗਰੀਬਾਂ ਦੇ ਰੁਜ਼ਗਾਰ ਨੂੰ ਖੋਹਣ ਨਹੀਂ ਦੇਵੇਗੀ। ਇਸ ਮੌਕੇ ਮਹਿਲਾ ਅਹੁਦੇਦਾਰ ਤੇ ਪਿੰਡ ਵਾਸੀ ਮੌਜੂਦ ਸਨ।

# ਗੁਬਾਰੇ ਵੇਚਣ ਦੀ ਆੜ੍ਹ 'ਚ 'ਰੇਕੀ' ਤੇ ਚੋਰੀ: ਐਮਪੀ ਦਾ 'ਪਾਰਦੀ ਗੈਂਗ' ਪੁਲਿਸ ਵੱਲੋਂ ਕਾਬੂ

ਬਠਿੰਡਾ, 10 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਪਿਛਲੇ ਦਿਨੀਂ ਇੱਕ ਜਵੈਲਰ ਦੀ ਦੁਕਾਨ ਵਿੱਚ ਹੋਈ ਵੱਡੀ ਚੋਰੀ ਦੀ ਗੁੱਥੀ ਸੁਲਝਾਉਂਦਿਆਂ ਮੱਧ ਪ੍ਰਦੇਸ਼ ਦੇ ਅੰਤਰਰਾਜੀ 'ਪਾਰਦੀ ਗੈਂਗ' ਦੇ 4 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਚੋਰੀ ਕੀਤੀ ਗਈ 7 ਕਿਲੋ ਚਾਂਦੀ ਤੇ ਵਾਰਦਾਤ 'ਚ ਵਰਤਿਆ ਇੱਕ ਜੁਗਾੜੂ ਵਹੀਕਲ ਵੀ ਬਰਾਮਦ ਕੀਤਾ ਹੈ। ਇਹ ਗੈਂਗ ਬੇਹੱਦ ਸ਼ਾਤਰ ਤਰੀਕੇ ਨਾਲ ਮੇਲਿਆਂ ਵਿੱਚ ਗੁਬਾਰੇ ਵੇਚਣ ਦੀ ਆੜ ਹੇਠ ਦੁਕਾਨਾਂ ਦੀ ਰੇਕੀ ਕਰਦਾ ਸੀ ਅਤੇ ਫਿਰ ਮੌਕਾ ਪਾ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ। ਇਹ ਗੈਂਗ ਜ਼ਿਆਦਾਤਰ ਰੇਲ ਗੱਡੀਆਂ ਅਤੇ ਬੱਸਾਂ ਦਾ ਸਫ਼ਰ ਕਰਦਾ ਸੀ ਤੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਜਾਂਦਾ ਸੀ। ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਐਸਐਸਪੀ ਜਯੋਤੀ ਯਾਦਵ ਨੇ ਦੱਸਿਆ ਕਿ 14 ਤੇ 15 ਜਨਵਰੀ ਦੀ ਦਰਮਿਆਨੀ ਰਾਤ ਨੂੰ ਬਠਿੰਡਾ ਦੇ ਪ੍ਰਤਾਪ ਨਗਰ ਸਥਿਤ 'ਪਾਰਸ ਜਵੈਲਰਜ਼' ਦੀ ਦੁਕਾਨ ਵਿੱਚੋਂ ਕਰੀਬ 6-7 ਕਿਲੋ ਚਾਂਦੀ ਤੇ ਕੁਝ ਨਕਦੀ ਚੋਰੀ ਹੋਈ ਸੀ। ਇਸ ਸਬੰਧੀ ਥਾਣਾ ਕੈਨਾਲ ਕਲੋਨੀ ਵਿੱਚ ਮੁਕੱਦਮਾ ਦਰਜ ਕਰਕੇ ਪੁਲਿਸ ਦੀਆਂ ਵੱਖ-ਵੱਖ ਟੀਮਾਂ ਤਾਇਨਾਤ ਕੀਤੀਆਂ ਗਈਆਂ ਸਨ। ਸੀਸੀਟੀਵੀ ਕੈਮਰਿਆਂ ਅਤੇ ਤਕਨੀਕੀ ਮਾਹਿਰਾਂ ਦੀ ਮਦਦ ਤੋਂ ਇਲਾਵਾ ਮਨੁੱਖੀ ਸੋਰਸਾਂ ਦੇ ਸਹਿਯੋਗ ਨਾਲ ਇਸ ਗੈਂਗ ਦੀ ਪਛਾਣ ਕੀਤੀ ਗਈ। ਜਿਸ ਆਧਾਰ ਤੇ ਪੁਲਿਸ ਪੰਜਾਬ ਹਰਿਆਣਾ ਦੇ ਕਈ ਜ਼ਿਲ੍ਹਿਆਂ ਤੱਕ ਪਹੁੰਚੀ, ਜਿਸ ਤੋਂ ਬਾਅਦ ਇਸ ਗੈਂਗ ਦਾ ਪਰਦਾਫਾਸ਼ ਹੋਇਆ।



ਐਸਐਸਪੀ ਨੇ ਦੱਸਿਆ ਹੈ ਕਿ ਮੁਢਲੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਗੈਂਗ ਮੱਧ ਪ੍ਰਦੇਸ਼ ਤੋਂ ਰੇਲ ਗੱਡੀਆਂ ਰਾਹੀਂ ਪੰਜਾਬ ਆਉਂਦਾ ਸੀ। ਇੱਥੇ ਆ ਕੇ ਇਹ ਮੇਲਿਆਂ ਵਿੱਚ ਗੁਬਾਰੇ ਵੇਚਣ ਦਾ ਕੰਮ ਸ਼ੁਰੂ ਕਰਦੇ ਸਨ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਦਿਨ ਵੇਲੇ ਸ਼ਹਿਰ ਦੀਆਂ ਗਲੀਆਂ ਵਿੱਚ ਘੁੰਮ ਕੇ ਇਹ ਦੁਕਾਨਾਂ ਦੀ ਨਿਸ਼ਾਨਦੇਹੀ ਕਰਦੇ ਸਨ। ਚੋਰੀ ਕਰਨ ਤੋਂ ਬਾਅਦ ਇਹ ਗੈਂਗ ਤੁਰੰਤ ਰੇਲ ਗੱਡੀ ਫੜ ਕੇ ਵਾਪਸ ਆਪਣੇ ਸੂਬੇ ਚਲਾ ਜਾਂਦਾ ਸੀ। ਐਸਐਸਪੀ ਅਨੁਸਾਰ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਅਨਿਲ ਉਰਫ਼ ਅਮਰਪੁਰੀ ਵਾਸੀ ਕੋਟਾ, ਰਾਜਸਥਾਨ, ਰਵਿੰਦਰ, ਉਨੀ ਵਾਸੀ ਬਰਨਾਲਾ ਤੇ ਵਿਕਰਮ ਵਰਮਾ ਵਾਸੀ ਅਹਿਮਦਗੜ੍ਹ ਵਜੋਂ ਹੋਈ ਹੈ। ਵਿਕਰਮ ਵਰਮਾ ਨਾਮੀ ਵਿਅਕਤੀ ਚੋਰੀ ਦਾ ਮਾਲ ਖਰੀਦਣ ਦਾ ਕੰਮ ਕਰਦਾ ਸੀ। ਪੁਲਿਸ ਅਧਿਕਾਰੀ ਅਨੁਸਾਰ ਇਸ ਗੈਂਗ ਨੇ ਪੰਜਾਬ ਦੇ ਮੁਕੇਰੀਆਂ, ਜਲੰਧਰ, ਕੁਰਾਲੀ ਤੇ ਬਲਾਚੌਰ ਵਿੱਚ ਵੀ ਚੋਰੀ ਦੀਆਂ ਕਈ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਗੱਲ ਕਬੂਲੀ ਹੈ। ਫੜੇ ਗਏ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਪੁੱਛਗਿੱਛ ਦੌਰਾਨ ਹੋਰ ਵੀ ਵੱਡੇ ਖੁਲਾਸੇ ਹੋ ਸਕਣ।

# ਮੋਗਾ ਰੈਲੀ ਦੀਆਂ ਤਿਆਰੀਆਂ ਸਬੰਧੀ ਅਹਿਮ ਮੀਟਿੰਗ



ਧੂਰੀ, 10 ਫ਼ਰਵਰੀ (ਰਾਜੇਸ਼ਵਰ ਪਿੰਟੂ): ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 16 ਫ਼ਰਵਰੀ ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਕਿੱਲੀ ਚਹਿਲਾਂ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਧੂਰੀ ਹਲਕੇ ਤੋਂ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਅੱਜ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਕੈਂਪ ਆਫਿਸ ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਵੱਲੋਂ ਪਾਰਟੀ ਦੇ ਅਹੁਦੇਦਾਰਾਂ ਅਤੇ ਕਾਰਕੁੰਨਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦਿਆਂ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਰੈਲੀ ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਇਤਿਹਾਸ ਸਿਰਜੇਗੀ। ਉਨ੍ਹਾਂ ਨੇ ਪਾਰਟੀ ਦੀ 'ਨਸ਼ਿਆਂ ਵਿਰੁੱਧ ਮੁਹਿੰਮ' ਦੇ ਕਾਰਕੁੰਨਾਂ ਤੇ ਵਿਧਾਨ ਸਭਾ ਦੇ ਬਲਾਕ ਕੋਆਰਡੀਨੇਟਰਾਂ ਨੂੰ ਹਦਾਇਤ ਕੀਤੀ ਕਿ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਬਾਰੇ ਜਾਗਰੂਕ ਕੀਤਾ ਜਾਵੇ ਤੇ ਰੈਲੀ ਵਿੱਚ ਪਹੁੰਚਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਭਰੋਸਾ ਜਤਾਇਆ ਕਿ ਧੂਰੀ ਹਲਕੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰ ਮੋਗਾ ਰੈਲੀ ਦਾ ਹਿੱਸਾ ਬਣਨਗੇ।

ਇਸ ਮੌਕੇ ਐਡ. ਹੈਪੀ ਗਰਗ, ਅਨਿਲ ਮਿੱਤਲ, ਨਰੇਸ਼ ਸਿੰਗਲਾ, ਜਸਪਾਲ ਸਿੰਘ ਭੁੱਲਰ, ਹਰਪ੍ਰੀਤ ਸਿੰਘ ਗਿੱਲ ਤੇ ਜਸਵਿੰਦਰ ਸਿੰਘ ਖੁਰਮੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਾਰੇ ਆਗੂਆਂ ਨੇ ਇੱਕਸੁਰ ਵਿੱਚ ਰੈਲੀ ਦੀ ਸਫਲਤਾ ਲਈ ਦਿਨ-ਰਾਤ ਮਿਹਨਤ ਕਰਨ ਦਾ ਅਹਿਦ ਲਿਆ।

## ਅਕਾਲੀ ਦਲ ਵਾਰਸ ਪੰਜਾਬ ਵੱਲੋਂ ਕੁਲਵਿੰਦਰ ਸਿੰਘ ਕੋਟ ਧਰਮੂ ਜ਼ਿਲ੍ਹਾ ਪ੍ਰਧਾਨ ਨਿਯੁਕਤ

ਸਰਦੂਲਗੜ੍ਹ, 10 ਫਰਵਰੀ (ਲਛਮਣ ਸਿੱਧੂ): ਅਕਾਲੀ ਦਲ ਵਾਰਸ ਪੰਜਾਬ ਵੱਲੋਂ ਕੁਲਵਿੰਦਰ ਸਿੰਘ ਸਾਬਕਾ ਸਰਪੰਚ ਕੋਟ ਧਰਮੂ ਨੂੰ ਜ਼ਿਲਾ ਮਾਨਸਾ ਦਾ ਜ਼ਿਲਾ ਪ੍ਰਧਾਨ ਬਣਨ ਤੇ ਵਰਕਰਾਂ ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਕੁਲਵਿੰਦਰ ਸਿੰਘ ਪਿੰਡ ਕੋਟ ਧਰਮ ਦੇ ਪੰਜ ਸਾਲ ਸਰਪੰਚ ਰਹੇ ਚੁੱਕੇ ਹਨ ਉਹਨਾਂ ਦਾ ਮਾਨਸਾ ਜ਼ਿਲ੍ਹਾ ਹੀ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਚੰਗਾ ਅਸਰ ਰਸੂਖ ਹੈ। ਕੁਲਵਿੰਦਰ ਸਿੰਘ ਦਾ ਵੱਖ-ਵੱਖ ਪਾਰਟੀਆਂ ਦੇ ਮੁੱਖ ਆਗੂਆਂ ਦੇ ਨਾਲ ਇਸ ਦੇ ਚੰਗੇ ਸਬੰਧ ਹਨ ਪਰ ਉਨ੍ਹਾਂ ਫਿਰ ਵੀ ਕਿਸੇ ਹੋਰ ਰਵਾਇਤੀ ਪਾਰਟੀਆ ਚ ਸ਼ਾਮਿਲ ਹੋਣ ਦੀ ਬਜਾਏ



ਵਾਰਸ ਪੰਜਾਬ ਦੇ ਪਾਰਟੀ ਵਿੱਚ ਵਰਕਰ ਦੇ ਤੌਰ ਤੇ ਕੰਮ ਕੀਤਾ। ਜਿਨਾਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਪਾਰਟੀ ਦੇ ਹਾਈ ਕਮਾਂਡ ਨੇ ਉਨ੍ਹਾਂ ਨੂੰ ਜ਼ਿਲਾ ਪ੍ਰਧਾਨ ਨਿਯੁਕਤ ਕੀਤਾ। ਕੁਲਵਿੰਦਰ ਸਿੰਘ ਕੋਟ ਧਰਮੂ ਦਾ ਕਹਿਣਾ ਹ ਕਿ ਉਹ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਇੱਕ ਕੰਮ ਕਰਨਗੇ ਅਤੇ ਜ਼ਿਲੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੋੜ ਕੇ ਤੇ ਪਾਰਟੀ ਦੇ ਸਿਧਾਤਾਂ ਤੋ ਜਾਣਉ ਕਰਵਾਉਣਗੇ।

# ਸ਼ਿਵ ਭੋਲੇ ਲੰਗਰ ਦੀ ਤਿਆਰੀਆਂ ਸਬੰਧੀ ਮੀਟਿੰਗ



ਸੁਨਾਮ, 10 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸ੍ਰੀ ਸਿਵ ਬਾਬਾ ਸਿਵ ਭੋਲੇ ਲੰਗਰ ਕਮੇਟੀ ਦੀ ਇੱਕ ਜਰੂਰੀ ਮੀਟਿੰਗ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਆਉਣ ਵਾਲੇ ਸਮੇਂ ਅੰਦਰ ਜੰਮੂ ਕਸ਼ਮੀਰ ਵਿੱਚ ਸਿਵ ਭੋਲੇ ਦਾ ਲੰਗਰ ਲਾਉਣ ਲਈ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਹਾਜਰ ਮੈਂਬਰਾਂ ਨੇ ਆਪਣੇ ਆਪਣੇ ਸੁਝਾਉ ਦਿੱਤੇ ਤੇ ਤਿਆਰੀਆਂ ਦੀ ਰੂਪ ਰੇਖਾ ਤੇ ਵੀ ਵਿਚਾਰਾਂ ਹੋਈਆਂ। ਇਸ ਮੌਕੇ ਤੇ ਪ੍ਰਧਾਨ ਸੰਜੀਵ ਕੁਮਾਰ ਤੋਂ ਇਲਾਵਾ ਚੇਅਰਮੈਨ ਜੀਵਨ ਗੁਪਤਾ, ਜਨਰਲ ਸਕੱਤਰ ਸੁਰਿੰਦਰ ਕੁਮਾਰ, ਜੁਆਇੰਟ ਸਕੱਤਰ ਮਹੇਸ਼ ਕੁਮਾਰ, ਕੈਸੀਅਰ ਮੁਨੀਸ਼ ਕੁਮਾਰ, ਜੁਆਇੰਟ ਕੈਸੀਅਰ ਸੰਤੋਸ਼ ਕੁਮਾਰ, ਪਰੈਸ ਸਕੱਤਰ ਡਾ, ਨਰਿੰਦਰ ਸੰਧੇ, ਸਮੇਤ ਮੈਂਬਰਾਂ ਅਸ਼ੋਕ ਕੁਮਾਰ, ਦੀਪਕ ਗਰਗ, ਟੋਨੀ ਗੋਇਲ, ਮੁਕੇਸ਼ ਕੁਮਾਰ, ਰਾਮੇਸ਼ਵਰ ਦਾਸ, ਨਰੇਸ਼ ਸਿੰਗਲਾ, ਸੁਸੀਲ ਭਟੇਜਾ, ਪਵਨ ਕੁਮਾਰ ਭੋਲਾ, ਨਰੇਸ਼ ਕੁਮਾਰ ਨੇਸੀ, ਵਿਪਨ ਗੋਇਲ, ਰਾਜੇਸ਼ ਕੁਮਾਰ , ਹਿਟਲਰ ਗਰਗ, ਰਜ਼ਨੀਸ਼ ਕੁਮਾਰ,ਭੀਮ ਸੈਨ ਤੇ ਬਬਲੂ ਸਮੇਤ ਕਮੇਟੀ ਮੈਂਬਰਾਂ ਨੇ ਮੀਟਿੰਗ ਵਿੱਚ ਹਾਜਰੀ ਲਵਾਈ ਤੇ ਵਿਚਾਰ ਚਰਚਾ ਵਿੱਚ ਹਿਸਾ ਲਿਆ ਤੇ ਹੁਣੇ ਤੋਂ ਹੀ ਲੰਗਰ ਦੀਆਂ ਤਿਆਰੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਭਾਰੀ ਗਿਣਤੀ ਵਿੱਚ ਮੈਂਬਰਾਂ ਨੇ ਭਾਗ ਲਿਆ।

## ਸ੍ਰੀ ਸ਼ਯਾਮ ਸੇਵਾ ਸੰਮਤੀ ਵੱਲੋਂ ਸਕਿਰਤਨ ਸਮਾਗਮ ਦਾ ਕਾਰਡ ਰਿਲੀਜ਼

ਸੰਗਰੂਰ, 10 ਫਰਵਰੀ (ਹਰਕੰਵਲ ਸਿੰਘ ਹੈਪੀ): ਸ੍ਰੀ ਸ਼ਯਾਮ ਸੇਵਾ ਸੰਮਤੀ ਰਜਿ ਸੰਗਰੂਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 7 ਮਾਰਚ ਦਿਨ ਸ਼ਨੀਵਾਰ ਨੂੰ ਸ੍ਰੀ ਨੈਣਾ ਦੇਵੀ ਮੰਦਿਰ ਦੇ ਪਾਰਕ ਵਿਖੇ ਸ੍ਰੀ ਸ਼ਯਾਮ ਬਾਬਾ ਜੀ ਦਾ ਚੌਥਾ ਸਕਿਰਤਨ ਸਮਾਗਮ ਬੜੀ ਹੀ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਕਰਵਾਇਆ ਜਾ ਰਿਹਾ ਹੈ ਜਿਸਦੇ ਸਬੰਧ 'ਚ ਪ੍ਰਧਾਨ ਸ਼ਿਵ ਸ਼ਰਮਾ ਦੀ ਅਗਵਾਈ ਵਿੱਚ ਸੰਸਥਾਂ ਦੇ ਪ੍ਰਬੰਧਕਾਂ ਤੇ ਸ਼ਯਾਮ ਭਗਤਾਂ ਦਾ ਇੱਕ ਵੱਡਾ ਇਕੱਠ ਸਮਾਗਮ ਵਾਲੀ ਥਾਂ 'ਤੇ ਕਰਦੇ ਹੋਏ ਗੂੰਜਦੇ ਜੈਕਾਰਿਆਂ ਦੇ ਨਾਲ ਸਕਿਰਤਨ ਸਮਾਗਮ ਦੇ ਕਾਰਡ ਨੂੰ ਰਿਲੀਜ਼ ਕੀਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਗਗਨਦੀਪ ਸਿੰਘ, ਸੰਨੀ ਮਹਾਜਨ ਸਕੱਤਰ, ਅਮਨਦੀਪ ਸ਼ਰਮਾ ਮੈਂਬਰ, ਰਾਜੇਸ਼ ਕੁਮਾਰ ਮੈਂਬਰ, ਖਜ਼ਾਨਚੀ ਸ਼ੁਭਮ ਬਾਂਸਲ, ਫੰਕਸ਼ਨ ਇੰਚਾਰਜ ਜਤਿੰਦਰ ਸਿੰਗਲਾ, ਰਾਜ ਕੁਮਾਰ ਮੈਂਬਰ, ਵਿਸ਼ਾਲ ਮਿੱਤਲ ਮੈਂਬਰ, ਜੀਤਪਾਲ ਮੈਂਬਰ, ਨਿਖਿਲ ਚੋਪੜਾ ਮੈਂਬਰ, ਸਨਾਤਨ ਉਤਕਰਸ਼ ਫਾਊਂਡੇਸ਼ਨ ਸੰਗਰੂਰ ਅਰੁਣ ਪਰਾਸ਼ਰ, ਪਰਦੀਪ ਸ਼ਰਮਾ, ਪੰਡਿਤ ਬ੍ਰਿਜੇਸ਼ ਦੀਕਸ਼ਿਤ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਹਾਜ਼ਰ ਸਨ।

## ਸ਼ਹਿਰ 'ਚ ਸਫ਼ਾਈ ਤੇ ਕੂੜੇ ਦੇ ਡੰਪ ਦੇ ਪੱਕੇ ਪ੍ਰਬੰਧ ਲਈ ਨਗਰ ਸੁਧਾਰ ਸਭਾ ਨੇ ਵਿਧਾਇਕ ਸਮੇਤ ਅਧਿਕਾਰੀਆਂ ਨੂੰ ਦਿੱਤੇ ਮੰਗ ਪੱਤਰ



ਬੁਢਲਾਡਾ, 10 ਫਰਵਰੀ (ਜੀਵਨ ਕੁਮਾਰ): ਨਗਰ ਸੁਧਾਰ ਸਭਾ ਬੁਢਲਾਡਾ ਦੇ ਸੀਨੀਅਰ ਆਗੂਆਂ ਨੇ ਸ਼ਹਿਰ ਦੀਆਂ ਮੰਗਾਂ ਸਬੰਧੀ ਹਲਕਾ ਵਿਧਾਇਕ ਸਮੇਤ ਵੱਖ ਵੱਖ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਸ਼ਹਿਰ ਵਿੱਚ ਸਫ਼ਾਈ ਸਮੇਤ ਕੂੜੇ ਦੇ ਡੰਪ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਕੁਆਰਡੀਨੇਟਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਦੱਸਿਆ ਕਿ ਨਗਰ ਸੁਧਾਰ ਸਭਾ ਨੇ ਇਹ ਵੀ ਮੰਗ ਕੀਤੀ ਹੈ ਕਿ ਪੀਣ ਦੇ ਸਾਫ਼ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ ਅਤੇ ਗੰਦੇ ਪਾਣੀ ਦੀ ਮਿਕਸ ਹੋ ਕੇ ਸਪਲਾਈ ਨੂੰ ਰੋਕਿਆ ਜਾਵੇ। ਸੀਵਰੇਜ਼ ਦੇ ਪਾਣੀ ਦੀ ਲੀਕੇਜ ਨੂੰ ਬੰਦ ਕੀਤਾ ਜਾਵੇ। ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਰੇਲਵੇ ਰੋਡ, ਪੀਐਨਬੀ ਰੋਡ, ਰਾਮਲੀਲਾ ਗਰਾਂਊਂਡ ਰੋਡ ਸਮੇਤ ਸੜਕਾਂ 'ਤੇ ਟ੍ਰੈਫਿਕ ਨਿਯਮਾਂ ਅਨੁਸਾਰ ਮਾਰਕਿੰਗ ਪੱਟੀ ਲਾਈ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਲੁੱਟ ਖੋਹ ਅਤੇ ਚੋਰੀਆਂ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸੀ.ਸੀ. ਟੀ.ਵੀ. ਕੈਮਰੇ ਲਾਏ ਜਾਣ। ਸ਼ਹਿਰ ਵਿੱਚ ਪੰਜ ਛੇ ਥਾਵਾਂ 'ਤੇ ਪੁਲਿਸ ਪੋਸਟਾਂ ਸਥਾਪਤ ਕਰਕੇ ਦਿਨੇ ਅਤੇ ਰਾਤ ਦੀ ਗਸ਼ਤ ਵਧਾਈ ਜਾਵੇ।

ਐਡ. ਦਲਿਓ ਨੇ ਕਿਹਾ ਕਿ ਪ੍ਰਿੰਸੀਪਲ ਬੁੱਧ ਰਾਮ ਵਿਧਾਇਕ ਸਮੇਤ ਅਧਿਕਾਰੀਆਂ ਨੇ ਨਗਰ ਸੁਧਾਰ ਸਭਾ ਦੇ ਵਫਦ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਇੰਨ੍ਹਾਂ ਮੰਗਾਂ-ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ। ਵਫ਼ਦ ਵਿੱਚ ਪ੍ਰੇਮ ਸਿੰਘ ਦੋਦੜਾ, ਮਾਸਟਰ ਰਘੁਨਾਥ ਸਿੰਗਲਾ, ਹਰਦਿਆਲ ਸਿੰਘ ਦਾਤੇਵਾਸ, ਮਿਸਤਰੀ ਜਰਨੈਲ ਸਿੰਘ ਸੰਧੂ, ਪਵਨ ਨੇਵਟੀਆ, ਰਾਮ ਗੋਪਾਲ ਆਦਿ ਸ਼ਾਮਲ ਸਨ।

# ਐਸਡੀਐਮ ਨੇ ਅਵਾਰਾ ਗਊਆਂ ਨੂੰ ਭੇਜਿਆ ਗਊਸ਼ਾਲਾ



ਲਹਿਰਾਗਾਗਾ, 10 ਫਰਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਸਥਾਨਕ ਸ਼ਹਿਰ ਵਿੱਚ ਅਵਾਰਾ ਗਊਆਂ ਦੀ ਵਧ ਰਹੀ ਸੰਖਿਆ ਦੇ ਕਾਰਨ ਹੁੰਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਐਸਡੀਐਮ ਲਹਿਰਾ ਰਾਕੇਸ਼ ਪ੍ਰਕਾਸ਼ ਗਰਗ ਨੇ ਉਪਰਾਲਾ ਕਰਦਿਆਂ ਇਨਾ ਗਊਆਂ ਨੂੰ ਸ਼ਹਿਰ ਦੀ ਗਊਸ਼ਾਲਾ ਵਿਖੇ ਛੱਡਣ ਲਈ ਮੁਹਿੰਮ ਚਲਾਈ। ਜਿਸ ਦੇ ਤਹਿਤ ਅਵਾਰਾ ਗਊਆਂ ਨੂੰ ਫੜ ਕੇ ਲਹਿਰਾਗਾਗਾ ਗਊਸ਼ਾਲਾ ਛੱਡਿਆ ਗਿਆ। ਆਉਂਦੇ ਦਿਨਾਂ ਵਿੱਚ ਹੋਰ ਵੀ ਗਊਆਂ ਨੂੰ ਇਸ ਗਊਸ਼ਾਲਾ ਅੰਦਰ ਛੱਡਿਆ ਜਾਵੇਗਾ। ਐਸਡੀਐਮ ਗਰਗ ਨੇ ਦੱਸਿਆ ਕਿਹਾ ਕਿ ਜੋ ਅਵਾਰਾ ਗਊਆਂ ਸ਼ਹਿਰ ਵਿੱਚ ਫਿਰਦੀਆਂ ਹਨ ਇਹਨਾਂ ਨੂੰ ਵੀ ਵੱਖ ਵੱਖ ਗਊਸ਼ਾਲਾਵਾਂ ਵਿੱਚ ਛੱਡਣ ਦਾ ਯਤਨ ਕੀਤਾ ਜਾਵੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਬਹੁਤ ਭਾਰੀ ਗਿਣਤੀ ਵਿੱਚ ਅਵਾਰਾ ਢੱਠੇ ਅਤੇ ਗਊਆਂ ਫਿਰਦੇ ਹਨ ਅਤੇ ਬਹੁਤ ਜਿਆਦਾ ਖਰੂਦ ਪਾਉਂਦੇ ਹਨ। ਇਹ ਅਵਾਰਾ ਪਸ਼ੂ ਦੁਰਘਟਨਾਵਾਂ ਦਾ ਸਬੱਬ ਬਣਦੇ ਹਨ। ਕਈ ਵਾਰ ਜਦੋਂ ਇਹ ਢੱਠੇ ਆਪਸ ਦੇ ਵਿੱਚ ਲੜਦੇ ਹਨ ਤਾਂ ਖੂੰਖਾਰ ਰੂਪ ਧਾਰਨ ਕਰ ਲੈਂਦੇ ਹਨ। ਉਸ ਸਮੇਂ ਗੱਡੀਆਂ ਤੇ ਦੁਕਾਨਾਂ ਦੇ ਸ਼ਟਰ ਤੋੜਨ ਤੋਂ ਇਲਾਵਾ ਰੇਹੜੀਆਂ ਆਦਿ ਦਾ ਵੀ ਬਹੁਤ ਭਾਰੀ ਨੁਕਸਾਨ ਕਰ ਦਿੰਦੇ ਹਨ। ਕਈ ਵਾਰ ਤਾਂ ਇਹਨਾਂ ਦੀ ਲੜਾਈ ਵਿੱਚ ਆ ਕੇ ਕਈ ਲੋਕ ਜਖਮੀ ਵੀ ਹੋਏ ਹਨ ਜਿਨਾਂ ਨੂੰ ਬਾਹਰ ਹਸਪਤਾਲਾਂ ਵਿੱਚ ਦਾਖਲ ਕਰਵਾਉਣਾ ਪਿਆ। ਸਥਾਨਕ ਸ਼ਹਿਰ ਨਿਵਾਸੀ ਐਸਡੀਐਮ ਲਹਿਰਾ ਦੀ ਗੱਲੋਂ ਤਰੀਫ ਕਰ ਰਹੇ ਸਨ।

# ਇਨਕਲਾਬੀ ਲੇਖ਼ਕ ਰਣਜੀਤ ਲਹਿਰਾ ਨਹੀਂ ਰਹੇ

ਲਹਿਰਾਗਾਗਾ, 10 ਫਰਵਰੀ (ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ/ਗੁਰਦੀਪ ਸਿੰਘ): ਸਾਬਕਾ ਵਿਦਿਆਰਥੀ ਆਗੂ ਤੇ ਇਨਕਲਾਬੀ ਲੇਖ਼ਕ ਰਣਜੀਤ ਲਹਿਰਾ ਨਹੀਂ ਰਹੇ। ਉਹ ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਪ੍ਰੈੱਸ ਸਕੱਤਰ, ਲਾਲ ਪਰਚਮ ਦੇ ਸੰਪਾਦਕ, ਦਰਜਨਾਂ ਕਿਤਾਬਾਂ ਦੇ ਲੇਖਕ ਅਤੇ ਕਾਲਮ ਨਵੀਸ ਸਨ। 64 ਸਾਲਾਂ ਦੇ ਰਣਜੀਤ ਲਹਿਰਾ ਲੰਮੇ ਸਮੇਂ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ। ਬੀਤੀ ਰਾਤ ਹਾਲਤ ਠੀਕ ਨਾ ਹੋਣ ਕਾਰਨ ਉਹਨਾਂ ਨੂੰ ਪਟਿਆਲਾ ਹਾਰਟ ਕੇਅਰ ਸੈਂਟਰ ਲਿਜਾਇਆ ਗਿਆ, ਜਿੱਥੇ ਉਹਨਾਂ ਅੰਤਿਮ ਸਾਹ ਲਏ। ਨਾਮਵਰ ਪੱਤਰਕਾਰ ਅਰਸ਼ਦੀਪ ਅਰਸ਼ੀ ਦੇ ਪਿਤਾ ਰਣਜੀਤ ਲਹਿਰਾ ਦੇ



ਵਿਛੋੜੇ 'ਤੇ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ, ਲੋਕ ਚੇਤਨਾ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ, ਜਗਜੀਤ ਭੁਟਾਲ, ਸਕੱਤਰ ਹਰਭਗਵਾਨ ਗੁਰਨੇ, ਡਾ. ਜਗਦੀਸ਼ ਪਾਪੜਾ, ਸ਼ਮਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ- ਡਕੌਂਦਾ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਸੂਬਾ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ, ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ, ਡਾਕਟਰ ਦਰਸ਼ਨਪਾਲ, ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਲੋਕ ਸੱਭਿਆਚਾਰ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਮੁਖਤਿਆਰ ਪੂਹਲਾ, ਜਮਹੂਰੀ ਅਧਿਕਾਰ ਸਭਾ ਦੇ ਪ੍ਰਿਤਪਾਲ ਸਿੰਘ ਤੇ ਮੁਲਾਜ਼ਮ ਆਗੂ ਜਸਵੀਰ ਸਿੰਘ ਖੋਖਰ ਸਮੇਤ ਵੱਖ-ਵੱਖ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪਰਿਵਾਰ ਨੇ ਉਹਨਾਂ ਦਾ ਸਰੀਰ ਰਜਿੰਦਰਾ ਮੈਡੀਕਲ ਕਾਲਜ, ਪਟਿਆਲਾ ਨੂੰ ਖੋਜ-ਕਾਰਜ ਲਈ ਦਾਨ ਕਰਨ ਦਾ ਫੈਸਲਾ ਲਿਆ। ਜਿਸ ਲਈ ਲਹਿਰਾਗਾਗਾ ਵਿਖੇ 11 ਫਰਵਰੀ ਨੂੰ 11 ਵਜੇ ਉਹਨਾਂ ਦੇ ਗ੍ਰਹਿ ਇਕੱਠੇ ਹੋਣ ਉਪਰੰਤ ਕਾਫ਼ਲਾ ਰਵਾਨਾ ਹੋਵੇਗਾ।

## ਜੁਝਾਰ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਨੇ ਪ੍ਰੋਗਰਾਮ ਅਫ਼ਸਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ



ਭਗਤਾ ਭਾਈ ਕਾ, 10 ਫ਼ਰਵਰੀ (ਸਵਰਨ ਸਿੰਘ ਭਗਤਾ): ਜੁਝਾਰ ਆਂਗਣਵਾੜੀ ਯੂਨੀਅਨ ਦੀਆਂ ਵਰਕਰਾਂ ਵੱਲੋਂ ਜ਼ਿਲ੍ਹੇ ਦੇ ਪ੍ਰੋਗਰਾਮ ਅਫ਼ਸਰ ਨਾਲ ਮੀਟਿੰਗ ਕੀਤੀ ਗਈ ਤੇ ਇਸ ਮੀਟਿੰਗ ਦੌਰਾਨ ਵਰਕਰਾਂ ਵੱਲੋਂ ਜ਼ਿਲ੍ਹੇ ਦੇ ਪ੍ਰੋਗਰਾਮ ਅਫ਼ਸਰ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈਕੇ ਮੰਗ ਪੱਤਰ ਭੇਜਿਆ ਗਿਆ ਜਿਸ ਵਿੱਚ ਸੀਨੀਅਰ ਸੂਬਾ ਮੀਤ ਪ੍ਰਧਾਨ ਸ਼ਿੰਦਰਪਾਲ ਕੌਰ ਦਿਆਲਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਨਾਲ ਚੋਣਾਂ ਦੌਰਾਨ ਜੋ ਵਾਅਦੇ ਕੀਤੇ ਸਨ ਓਹਨਾ ਵਿਚੋ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਸਾਡੀ ਪਹਿਲੀ ਮੰਗ ਵੀ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਸਾਡੀ ਯੂਨੀਅਨ ਦੀ ਮੀਟਿੰਗ ਕਰਵਾਈ ਜਾਵੇ ਇਸ ਲਈ ਅਸੀਂ ਇਸ ਮੰਗ ਪੱਤਰ ਰਾਹੀਂ ਮੀਟਿੰਗ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਆਗੂਆਂ ਤੇ ਵਰਕਰਾਂ ਨੇ ਇਤਰਾਜ਼ ਜਤਾਇਆ ਕਿ ਮਹਿਕਮੇ ਦੇ ਮੰਤਰੀ ਡਾਕਟਰ ਬਲਜੀਤ ਕੌਰ ਨਾਲ ਉਨ੍ਹਾਂ ਦੀਆਂ ਕਈ ਮੀਟਿੰਗਾਂ ਹੋਈਆਂ ਹਨ ਪਰੰਤੂ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਮਿਲਿਆ ਇਸ ਤੋਂ ਇਲਾਵਾ ਯੂਨੀਅਨ ਦੀਆਂ ਮੰਗਾਂ ਹਨ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕਰਵਾਈ ਜਾਵੇ, ਆਪਣੇ ਵਾਅਦੇ ਮੁਤਾਬਿਕ ਮਾਣ ਭੱਤਾ ਦੁੱਗਣਾ ਕੀਤਾ ਜਾਵੇ, ਪੋਸ਼ਣ ਟਰੈਕਰ ਦੇ ਕੰਮ ਨੂੰ ਲੈਕੇ ਸਮਾਰਟ ਫੋਨ ਜਲਦੀ ਮਹੁੱਇਆ ਕਰਵਾਏ ਜਾਣ, ਹਾਈਕੋਰਟ ਦੇ ਹੁਕਮਾਂ ਤੇ ਗਰੇਚੁਟੀ ਦੇ ਘੇਰੇ ਵਿੱਚ ਲਿਆ ਜਾਵੇ, ਐਨ ਜੀ ਓ ਬਲਾਕਾਂ ਨੂੰ ਵਿਭਾਗ ਵਿੱਚ ਤਬਦੀਲ ਕੀਤਾ ਜਾਵੇ ਆਦਿ ਦੀ ਮੰਗ ਕੀਤੀ। ਇਸ ਮੌਕੇ ਸ਼ਿੰਦਰਪਾਲ ਕੌਰ ਮੀਤ ਪ੍ਰਧਾਨ ਪੰਜਾਬ ਆਰਤੀ ਸ਼ਰਮਾ ਪ੍ਰੈਸ ਸਕੱਤਰ ਪੰਜਾਬ ਜ਼ਿਲ੍ਹਾ ਸਕੱਤਰ ਜਸਵੀਰ ਕੌਰ ਸਰਕਲ ਪ੍ਰਧਾਨ ਸੋਮਾਂ ਰਾਣੀ ਸੁਖਜੀਤ ਕੌਰ ਸਰੋਜ ਰਾਣੀ ਹਰਬੰਸ ਕੌਰ ਸਰਕਲ ਪ੍ਰਧਾਨ ਕਲਾਲ ਵਾਲਾ ਆਦਿ ਹਾਜ਼ਰ ਸਨ।

# ਅਪਰੇਸ਼ਨ ਪ੍ਰਹਾਰ 2.0 ਤਹਿਤ ਡੀ.ਆਈ.ਜੀ. ਕ੍ਰਾਈਮ ਤੇ ਐਸ.ਐਸ.ਪੀ. ਵੱਲੋਂ ਭਾਰੀ ਪੁਲਿਸ ਬਲ ਨਾਲ ਸ਼ਹਿਰ ਅੰਦਰ ਫ਼ਲੈਗ ਮਾਰਚ

ਫਰੀਦਕੋਟ, 10 ਫਰਵਰੀ (ਅਵਤਾਰ ਸਿੰਘ ਮੱਲਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਸੁਰੱਖਿਅਤ ਤੇ ਅਪਰਾਧ-ਮੁਕਤ ਬਣਾਏ ਰੱਖਣ ਦੀ ਮੁਹਿੰਮ ਤਹਿਤ, ਗੌਰਵ ਯਾਦਵ ਡੀ.ਜੀ.ਪੀ ਪੰਜਾਬ ਦੇ ਹੁਕਮਾਂ ਸੂਬੇ ਵਿੱਚੋਂ ਅਪਰਾਧਿਕ ਅਨਸਰਾ ਦਾ ਖਾਤਮਾ ਕਰਨ ਲਈ 9 ਫਰਵਰੀ ਤੋਂ 72 ਘੰਟਿਆਂ ਲਈ ਅਪਰੇਸ਼ਨ ਪ੍ਰਹਾਰ-2 ਚਲਾਇਆ ਜਾ ਰਿਹਾ ਹੈ। ਫਰੀਦਕੋਟ ਜਿਲ੍ਹੇ ਅੰਦਰ ਇਹ ਆਪਰੇਸ਼ਨ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਜੀ ਕ੍ਰਾਈਮ ਤੇ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਸੁਪਰਵੀਜਨ ਹੇਠ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਕੱਲ 9 ਫਰਵਰੀ ਤੋਂ 500 ਤੋ ਵੱਧ ਪੁਲਿਸ ਅਧਿਕਾਰੀਆ ਦੀਆ 67 ਟੀਮਾਂ ਬਣਾ ਕੇ ਸ਼ੱਕੀ ਠਿਕਾਣਿਆ ਤੇ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸੇ ਦੀ ਕੜੀ ਵਿੱਚ ਜਿਲ੍ਹੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜਬੂਤ ਕਰਨ ਤੇ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਨੂੰ ਪੈਦਾ ਕਰਨ ਲਈ 10 ਫਰਵਰੀ ਨੂੰ ਕੋਟਕਪੂਰਾ ਸ਼ਹਿਰ ਅੰਦਰ ਭਾਰੀ ਪੁਲਿਸ ਬਲਾਂ ਨਾਲ ਇੱਕ ਫਲੈਗ ਮਾਰਚ ਕੱਢਿਆ ਗਿਆ। ਜਿਸ ਦੀ ਅਗਵਾਈ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਜੀ ਕ੍ਰਾਈਮ ਤੇ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋ ਕੀਤੀ ਗਈ। ਇਹ ਫਲੈਗ ਮਾਰਚ ਬੱਤੀਆ ਵਾਲਾ ਚੌਕ, ਕੋਟਕਪੂਰਾ ਤੋ ਸ਼ੁਰੂ ਹੋ ਕੇ ਸ਼ਹਿਰ ਦੇ ਕਈ ਅਹਿਮ ਤੇ ਬਜਾਰਾ ਵਿੱਚੋ



ਦੀ ਲੰਘਿਆ। ਇਸ ਫਲੈਗ ਮਾਰਚ ਵਿੱਚ ਗਜਟਿਡ ਪੁਲਿਸ ਅਧਿਕਾਰੀਆਂ ਸਮੇਤ ਏ.ਆਰ.ਪੀ ਟੀਮਾਂ, ਪੀ.ਸੀ.ਆਰ ਟੀਮਾਂ, ਟ੍ਰੈਫਿਕ ਕਰਮਚਾਰੀਆਂ ਅਤੇ 250 ਦੇ ਕਰੀਬ ਪੁਲਿਸ ਕਰਮਚਾਰੀਆਂ ਵੀ ਸਾਮਿਲ ਹੋਏ। ਇਸ ਦੌਰਾਨ ਜਾਣਕਾਰੀ ਦਿੰਦੇ ਹੋਏ ਨਵੀਨ ਸੈਣੀ ਆਈ.ਪੀ.ਐਸ. ਡੀ.ਆਈ.ਜੀ. ਕ੍ਰਾਈਮ ਨੇ ਦੱਸਿਆ ਕਿ ਇਹ ਇੱਕ ਵੱਡੇ ਪੱਧਰ ਦਾ ਆਪਰੇਸ਼ਨ ਹੈ ਜੋ ਲਗਾਤਾਰ 72 ਘੰਟੇ ਤੱਕ ਜਾਰੀ ਰਹੇਗਾ। ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਲਗਭਗ 500 ਪੁਲਿਸ ਜਵਾਨਾਂ ਦੀ ਡਿਊਟੀ ਲਗਾਈ ਗਈ ਹੈ, ਜੋ ਜ਼ਿਲ੍ਹੇ ਦੇ ਕੋਨੇ-ਕੋਨੇ 'ਤੇ ਨਜ਼ਰ ਰੱਖਣਗੇ। ਇਹ ਫਲੈਗ ਮਾਰਚ ਵੀ ਇਸੇ ਹੀ ਕਾਰਵਾਈ ਦਾ ਹਿੱਸਾ ਹੈ, ਉਹਨਾ ਕਿਹਾ ਕਿ ਫਰੀਦਕੋਟ ਪੁਲਿਸ ਵੱਲੋ ਇਸ ਦੌਰਾਨ 86 ਰੇਡਾ ਕੀਤੀਆ ਗਈਆ ਹਨ, ਜਿਸ ਦੌਰਾਨ ਕੁੱਲ 117 ਸ਼ੱਕੀ ਵਿਅਕਤੀਆ ਨੂੰ ਰਾਊਡ ਅੱਪ ਕੀਤਾ ਗਿਆ ਹੈ। ਇਸ ਤੋ ਇਲਾਵਾ ਨਸ਼ਿਆ ਖਿਲਾਫ ਕਾਰਵਾਈ ਕਰਦੇ ਹੋਏ 8 ਦੋਸ਼ੀਆ ਨੂੰ ਕਾਬੂ ਕੀਤਾ ਗਿਆ ਹੈ। ਇਸ ਤੋ ਇਲਾਵਾ ਅਸਲਾ ਐਕਟ ਤੇ ਹੋਰ ਸੰਗੀਨ ਮਾਮਲਿਆ ਵਿੱਚ ਲੋੜੀਦੇ 17 ਦੋਸ਼ੀਆ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਐਸ.ਐਸ.ਪੀ ਫਰੀਦਕੋਟ ਨੇ ਕਿਹਾ ਕਿ ਅਪਰਾਧੀਆਂ ਦੀ ਸਹਾਇਤਾ ਕਰਨ ਵਾਲੇ ਮਦਦਗਾਰਾਂ 'ਤੇ ਵੀ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਉਹਨਾਂ ਇਹ ਵੀ ਦੱਸਿਆ ਕਿ ਇਹ ਅਭਿਆਨ ਰਾਤ ਵੇਲੇ ਵੀ ਜਾਰੀ ਰਹੇਗਾ ਜਿਸ ਵਿੱਚ 50 ਦੇ ਕਰੀਬ ਨਾਕੇ ਲਗਾਏ ਜਾ ਰਹੇ ਹਨ ਤੇ ਰਾਤ ਵੇਲੇ ਮਾਰਕੀਟਾਂ ਵਿੱਚ ਵੀ ਤਲਾਸ਼ੀ ਅਭਿਆਨ ਜਾਰੀ ਰਹੇਗਾ।

# ਗਾਲੀ-ਗਲੋਚ ਤੋਂ ਰੋਕਣ 'ਤੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ

ਬਠਿੰਡਾ,10 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ ਵਿੱਚ ਇੱਕ ਬਹੁਤ ਹੀ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਕੁਝ ਵਿਅਕਤੀਆਂ ਨੂੰ ਗਾਲੀ ਗਲੋਚ ਕਰਨ ਤੋਂ ਰੋਕਣਾ ਇੱਕ ਨੌਜਵਾਨ ਨੂੰ ਇੰਨਾ ਮਹਿੰਗਾ ਪਿਆ ਕਿ ਉਸ ਨੂੰ ਆਪਣੀ ਜਾਨ ਗੁਆਉਣੀ ਪਈ। ਪ੍ਰਵਾਸੀ ਮਜ਼ਦੂਰਾਂ ਨੂੰ ਗਾਲੀ-ਗਲੋਚ ਕਰਨ ਤੋਂ ਵਰਜਣ 'ਤੇ ਇੱਕ ਨੌਜਵਾਨ ਦੀ ਨਾ ਸਿਰਫ਼



ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ, ਸਗੋਂ ਉਸ ਨੂੰ ਗੰਦੇ ਨਾਲੇ ਦੇ ਪਾਣੀ ਵਿੱਚ ਡੁਬੋ-ਡੁਬੋ ਕੇ ਬੜੀ ਬੇਦਰਦੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ। ਮ੍ਰਿਤਕ ਦੀ ਪਛਾਣ 40 ਸਾਲਾ ਜਸਪਾਲ ਸਿੰਘ ਵਜੋਂ ਹੋਈ ਹੈ, ਜੋ ਮਿਹਨਤ-ਮਜ਼ਦੂਰੀ ਕਰਕੇ ਆਪਣੇ ਟੱਬਰ ਦਾ ਪੇਟ ਪਾਲ ਰਿਹਾ ਸੀ। ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਮ੍ਰਿਤਕ ਦੇ ਪਿਤਾ ਹਰਚੇਤ ਸਿੰਘ ਨੇ ਦੱਸਿਆ ਕਿ 9 ਫਰਵਰੀ ਦੀ ਸ਼ਾਮ ਉਹ ਆਪਣੇ ਪੁੱਤਰ ਜਸਪਾਲ ਸਿੰਘ ਨਾਲ ਘਰ ਨੇੜਲੀ ਧਰਮਸ਼ਾਲਾ ਕੋਲ ਖੜ੍ਹਾ ਸੀ। ਇਸੇ ਦੌਰਾਨ ਚਹਿਲ ਕਾਟਨ ਫੈਕਟਰੀ ਵਿੱਚ ਕੰਮ ਕਰਦੇ ਤਿੰਨ ਮਜ਼ਦੂਰ ਪਵਨ ਕੁਮਾਰ, ਉਮ ਪ੍ਰਕਾਸ਼ ਅਤੇ ਸੁਮਿਤ ਕੁਮਾਰ ਉੱਚੀ-ਉੱਚੀ ਗਾਲ੍ਹਾਂ ਕੱਢਦੇ ਹੋਏ ਉੱਥੋਂ ਲੰਘ ਰਹੇ ਸਨ। ਜਦੋਂ ਜਸਪਾਲ ਨੇ ਉਨ੍ਹਾਂ ਨੂੰ ਜਨਤਕ ਥਾਂ 'ਤੇ ਅਜਿਹੀ ਭੱਦੀ ਸ਼ਬਦਾਵਲੀ ਵਰਤਣ ਤੋਂ ਰੋਕਿਆ, ਤਾਂ ਤਿੰਨਾਂ ਮੁਲਜ਼ਮਾਂ ਨੇ ਤੈਸ਼ ਵਿੱਚ ਆ ਕੇ ਉਸ ਉੱਪਰ ਹਮਲਾ ਕਰ ਦਿੱਤਾ।

ਸ਼ਿ ਕਾ ਇ ਤ ਕ ਰ ਤਾ ਮੁਤਾਬਕ ਮੁਲਜ਼ਮਾਂ ਦਾ ਗੁੱਸਾ ਇੰਨਾ ਜ਼ਿਆਦਾ ਸੀ ਕਿ ਉਨ੍ਹਾਂ ਨੇ ਜਸਪਾਲ ਨੂੰ ਫੜ ਕੇ ਨੇੜਲੇ ਗੰਦੇ ਨਾਲੇ ਵਿੱਚ ਸੁੱਟ ਦਿੱਤਾ ਤੇ ਉਸ ਦਾ ਮੂੰਹ ਵਾਰ-ਵਾਰ ਪਾਣੀ ਵਿੱਚ ਡੁਬੋਇਆ। ਪਰਿਵਾਰਕ ਮੈਂਬਰਾਂ ਤੇ ਰਾਹਗੀਰਾਂ ਨੇ ਜਸਪਾਲ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਮੁਲਜ਼ਮਾਂ ਨੇ ਕਿਸੇ ਦੀ ਇੱਕ ਨਾ ਸੁਣੀ। ਜਦੋਂ ਕੁੱਟਮਾਰ ਤੇ ਦਮ ਘੁੱਟਣ ਕਾਰਨ ਜਸਪਾਲ ਦੀ ਹਿਲਜੁਲ ਬੰਦ ਹੋ ਗਈ, ਤਾਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ। ਜ਼ਖ਼ਮੀ ਹਾਲਤ ਵਿੱਚ ਜਸਪਾਲ ਨੂੰ ਪਹਿਲਾਂ ਬਠਿੰਡਾ ਦੇ ਸਰਕਾਰੀ ਹਸਪਤਾਲ ਤੇ ਫਿਰ ਏਮਜ਼ ਲਿਜਾਇਆ ਗਿਆ, ਪਰ ਉਸ ਨੇ ਰਸਤੇ ਵਿੱਚ ਹੀ ਦਮ ਤੋੜ ਦਿੱਤਾ।

ਪੁਲਿਸ ਕਾਰਵਾਈ ਪੁਲਿਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਪਵਨ ਕੁਮਾਰ, ਉਮ ਪ੍ਰਕਾਸ਼ ਅਤੇ ਸੁਮਿਤ ਕੁਮਾਰ ਖ਼ਿਲਾਫ਼ ਬੀ.ਐਨ.ਐਸ. ਦੀਆਂ ਸਬੰਧਤ ਧਾਰਾਵਾਂ ਤਹਿਤ ਕਤਲ ਦਾ ਕੇਸ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਭਾਲ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ। ਫਿਲਹਾਲ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ।

## ਸਿਵਲ ਹਸਪਤਾਲ 'ਚ ਮਹਿਲਾ ਮਰੀਜ਼ ਨਾਲ ਅਸ਼ਲੀਲ ਹਰਕਤ ਨੇ ਸੁਰੱਖਿਆ ਪ੍ਰਬੰਧਾਂ ਦੀ ਕੱਢੀ ਫੂਕ

ਬਠਿੰਡਾ, 10 ਫਰਵਰੀ (ਦੀਪਕ ਸ਼ਰਮਾ): ਜ਼ਿਲ੍ਹਾ ਬਠਿੰਡਾ ਦੇ ਰਾਮਪੁਰਾ ਸਿਵਲ ਹਸਪਤਾਲ ਵਿੱਚੋਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਹਸਪਤਾਲ ਵਿੱਚ ਇਲਾਜ ਲਈ ਦਾਖ਼ਲ ਇੱਕ ਪੀੜਤ ਮਹਿਲਾ ਨੇ ਦੋਸ਼ ਲਾਇਆ ਹੈ ਕਿ ਰਾਤ ਦੇ ਸਮੇਂ ਇੱਕ ਅਣਪਛਾਤੇ ਵਿਅਕਤੀ ਨੇ ਉਸ ਦੇ ਕਮਰੇ ਵਿੱਚ ਦਾਖ਼ਲ ਹੋ ਕੇ ਉਸ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਤੇ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਘਟਨਾ ਨੇ ਸਰਕਾਰੀ ਹਸਪਤਾਲਾਂ ਵਿੱਚ ਰਾਤ ਸਮੇਂ ਮਰੀਜ਼ਾਂ, ਖਾਸ ਕਰਕੇ ਮਹਿਲਾਵਾਂ ਦੀ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ। ਪੀੜਤ ਮਹਿਲਾ ਨੇ ਹਸਪਤਾਲ ਪ੍ਰਸ਼ਾਸਨ ਅਤੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਰਿਸ਼ਤੇਦਾਰਾਂ ਨਾਲ ਹੋਏ ਝਗੜੇ ਤੋਂ ਬਾਅਦ ਜ਼ਖ਼ਮੀ ਹਾਲਤ ਵਿੱਚ ਰਾਮਪੁਰਾ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਸੀ। ਸੋਮਵਾਰ ਸ਼ਾਮ ਨੂੰ ਇੱਕ ਪੁਲਿਸ ਕਰਮਚਾਰੀ ਆਪਣੇ ਇੱਕ ਸਾਥੀ ਸਮੇਤ ਉਸ ਦੇ ਬਿਆਨ ਦਰਜ ਕਰਨ ਆਇਆ ਸੀ। ਮਹਿਲਾ ਦਾ ਦਾਅਵਾ ਹੈ ਕਿ ਰਾਤ ਕਰੀਬ 2 ਵਜੇ ਜਦੋਂ ਉਹ ਕਮਰੇ ਵਿੱਚ ਇਕੱਲੀ ਸੀ, ਤਾਂ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਿਆ। ਜਦੋਂ ਉਸ ਨੇ ਦੇਖਿਆ ਤਾਂ ਉਹੀ ਵਿਅਕਤੀ ਸਾਹਮਣੇ ਖੜ੍ਹਾ ਸੀ ਜੋ ਸ਼ਾਮ ਨੂੰ ਪੁਲਿਸ ਕਰਮਚਾਰੀ ਦੇ ਨਾਲ ਆਇਆ ਸੀ। ਉਕਤ ਵਿਅਕਤੀ ਨੇ ਕਮਰੇ ਅੰਦਰ ਵੜ ਕੇ ਮਹਿਲਾ ਨੂੰ ਅਣਚਾਹੀਆਂ ਪੇਸ਼ਕਸ਼ਾਂ ਕੀਤੀਆਂ ਅਤੇ ਅਸ਼ਲੀਲ ਗੱਲਾਂ ਕਰਨ ਲੱਗਾ। ਘਬਰਾਹਟ ਵਿੱਚ ਆਈ ਮਹਿਲਾ ਨੇ ਤੁਰੰਤ ਆਪਣੇ ਰਿਸ਼ਤੇਦਾਰਾਂ ਨੂੰ ਫ਼ੋਨ 'ਤੇ ਸੂਚਿਤ ਕੀਤਾ। ਜਿਵੇਂ ਹੀ ਮਹਿਲਾ ਦੇ ਪਰਿਵਾਰਕ ਮੈਂਬਰ ਹਸਪਤਾਲ ਪਹੁੰਚੇ, ਮੁਲਜ਼ਮ ਮੌਕੇ ਦਾ ਫ਼ਾਇਦਾ ਉਠਾ ਕੇ ਉੱਥੋਂ ਫ਼ਰਾਰ ਹੋ ਗਿਆ। ਪੀੜਤ ਮਹਿਲਾ ਨੇ ਐਸਐਮਓ ਨੂੰ ਲਿਖਤੀ ਸ਼ਿਕਾਇਤ ਦੇ ਕੇ ਸੀਸੀਟੀਵੀ ਫੁਟੇਜ ਚੈੱਕ ਕਰਨ ਤੇ ਮੁਲਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਸਬੰਧੀ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੀੜਤ ਮਹਿਲਾ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਐਸਐਮਓ ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲ ਚੁੱਕੀ ਹੈ ਅਤੇ ਹਸਪਤਾਲ ਦੇ ਅੰਦਰੂਨੀ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਮੰਨਿਆ ਕਿ ਰਾਤ ਦੀ ਸੁਰੱਖਿਆ ਸਬੰਧੀ ਪਹਿਲਾਂ ਹੀ ਉੱਚ ਅਧਿਕਾਰੀਆਂ ਨੂੰ ਪੱਤਰ ਲਿਖਿਆ ਗਿਆ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## ਬਠਿੰਡਾ 'ਚ ਕਾਨੂੰਨ ਦਾ ਜਨਾਜ਼ਾ: ਹੁਣ ਤੇਲ ਦੇ ਡੱਬੇ ਤੇ ਲੱਸੀ ਦੇ ਡੋਲੂ ਵੀ ਨਹੀਂ ਸੁਰੱਖਿਅਤ!

ਬਠਿੰਡਾ, 10 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਇਸ ਕਦਰ ਨਿਘਰ ਚੁੱਕੀ ਹੈ ਕਿ ਹੁਣ ਅਪਰਾਧੀਆਂ ਨੂੰ ਨਾ ਤਾਂ ਕਾਨੂੰਨ ਦਾ ਡਰ ਰਿਹਾ ਹੈ ਤੇ ਨਾ ਹੀ ਖ਼ਾਕੀ ਦਾ ਖ਼ੌਫ਼। ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਉਹ ਵੱਡੀਆਂ ਵਾਰਦਾਤਾਂ ਤਾਂ ਦੂਰ, ਹੁਣ ਤੇਲ ਦੇ ਡੱਬਿਆਂ ਤੇ



ਲੱਸੀ ਦੇ ਡੋਲੂਆਂ 'ਤੇ ਵੀ ਹੱਥ ਸਾਫ਼ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ। ਪਿਛਲੇ 48 ਘੰਟਿਆਂ ਵਿੱਚ ਸ਼ਹਿਰ ਅੰਦਰ ਹੋਈਆਂ ਲਗਾਤਾਰ ਚੋਰੀਆਂ ਤੇ ਠੱਗੀਆਂ ਨੇ ਪੁਲਿਸ ਪ੍ਰਸ਼ਾਸਨ ਦੇ ਸੁਰੱਖਿਆ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਤਾਜ਼ਾ ਮਾਮਲਾ ਗੋਪਾਲ ਨਗਰ ਤੋਂ ਸਾਹਮਣੇ ਆਇਆ ਹੈ, ਜਿੱਥੇ ਦੋ ਨੌਜਵਾਨ ਗਾਹਕ ਬਣ ਕੇ ਇੱਕ ਦੁਕਾਨ 'ਚ ਦਾਖ਼ਲ ਹੋਏ ਤੇ ਤੇਲ ਦਾ ਡੱਬਾ ਚੁੱਕ ਕੇ ਭੱਜਣ ਲੱਗੇ। ਹਾਲਾਂਕਿ ਦੁਕਾਨਦਾਰ ਦੀ ਸੂਝ-ਬੂਝ ਨਾਲ ਇੱਕ ਚੋਰ ਨੂੰ ਮੌਕੇ 'ਤੇ ਹੀ ਦਬੋਚ ਲਿਆ ਗਿਆ, ਪਰ ਉਸਦਾ ਸਾਥੀ ਭੱਜਣ ਵਿੱਚ ਸਫ਼ਲ ਰਿਹਾ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਪਿੰਡ ਦਿਆਲਪੁਰਾ ਮਿਰਜ਼ਾ ਵਿੱਚ ਇੱਕ ਮਜ਼ਦੂਰ ਤੋਂ ਲੱਸੀ ਵਾਲਾ ਡੋਲੂ ਖੋਹਣ ਦੀ ਘਟਨਾ ਵੀ ਕਾਫ਼ੀ ਚਰਚਾ ਵਿੱਚ ਰਹੀ ਸੀ। ਸ਼ਹਿਰ ਵਿੱਚ ਚੋਰੀਆਂ ਦਾ ਸਿਲਸਿਲਾ ਇੱਥੇ ਹੀ ਨਹੀਂ ਰੁਕਿਆ। ਪਰਿੰਦਾ ਰੋਡ ਸਥਿਤ ਇੱਕ ਕਲੀਨਿਕ ਵਿੱਚੋਂ ਦੋ ਨੌਜਵਾਨ ਦਿਨ-ਦਿਹਾੜੇ ਡਾਕਟਰ ਦਾ ਪਰਸ ਚੋਰੀ ਕਰਕੇ ਫ਼ਰਾਰ ਹੋ ਗਏ, ਜਿਸ ਵਿੱਚ 9 ਹਜ਼ਾਰ ਰੁਪਏ ਤੇ ਜ਼ਰੂਰੀ ਦਸਤਾਵੇਜ਼ ਸਨ। ਇਸੇ ਤਰ੍ਹਾਂ 100 ਫੁੱਟ ਰੋਡ 'ਤੇ ਇੱਕ ਨਿੱਜੀ ਹਸਪਤਾਲ ਦੇ ਬਾਹਰੋਂ ਮਰੀਜ਼ ਯਾਦਵਿੰਦਰ ਸਿੰਘ ਦਾ ਮੋਟਰਸਾਈਕਲ ਚੋਰੀ ਹੋ ਗਿਆ। ਇਨ੍ਹਾਂ ਸਾਰੀਆਂ ਘਟਨਾਵਾਂ ਦੀ ਸੀਸੀ ਟੀਵੀ ਫੁਟੇਜ ਪੁਲਿਸ ਕੋਲ ਮੌਜੂਦ ਹੈ, ਪਰ ਅਫ਼ਸੋਸ ਕਿ ਪੁਲਿਸ ਅਜੇ ਤੱਕ ਕਿਸੇ ਵੀ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਚੋਰੀਆਂ ਦੇ ਨਾਲ-ਨਾਲ ਠੱਗੀ ਮਾਰਨ ਵਾਲੇ ਵੀ ਸਰਗਰਮ ਹਨ। ਆਦੇਸ਼ ਹਸਪਤਾਲ ਦੇ ਬਾਹਰ ਏਟੀਐਮ 'ਚ ਪੈਸੇ ਕਢਵਾਉਣ ਆਏ ਇੱਕ ਨੌਜਵਾਨ ਦਾ ਕਾਰਡ ਬਦਲ ਕੇ ਸ਼ਾਤਰ ਠੱਗਾਂ ਨੇ ਉਸਦੇ ਖਾਤੇ ਵਿੱਚੋਂ ਸਾਢੇ 23 ਹਜ਼ਾਰ ਰੁਪਏ ਉਡਾ ਲਏ।

ਇਨ੍ਹਾਂ ਲਗਾਤਾਰ ਹੋ ਰਹੀਆਂ ਵਾਰਦਾਤਾਂ ਨੇ ਨਵੀਂ ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਵੱਲੋਂ ਕੀਤੇ ਜਾ ਰਹੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਸੀਸੀ ਟੀਵੀ ਵਿੱਚ ਚਿਹਰੇ ਸਾਫ਼ ਦਿਖਣ ਦੇ ਬਾਵਜੂਦ ਵੀ ਅਪਰਾਧੀ ਪੁਲਿਸ ਦੀ ਪਕੜ ਤੋਂ ਬਾਹਰ ਹਨ, ਤਾਂ ਆਮ ਆਦਮੀ ਆਪਣੀ ਜਾਨ-ਮਾਲ ਦੀ ਸੁਰੱਖਿਆ ਦੀ ਉਮੀਦ ਕਿਸ ਤੋਂ ਰੱਖੇ?

## ਆਵਾਰਾ ਕੁੱਤਿਆਂ ਦੇ ਹਮਲੇ 'ਚ ਔਰਤ ਗੰਭੀਰ ਜ਼ਖਮੀ, ਸਰਕਾਰ ਤੋਂ ਕਾਬੂ ਪਾਉਣ ਦੀ ਮੰਗ

ਮਲੋਟ, 10 ਫਰਵਰੀ (ਅਮਨਦੀਪ ਸਿੰਘ ਮਹਿਰਾ): ਸੋਮਵਾਰ ਸਵੇਰੇ ਕਰੀਬ 7:20 ਵਜੇ ਗੁਰਦੁਆਰਾ ਰੋਡ ਮਲੋਟ 'ਤੇ ਕ੍ਰਿਸ਼ਨਾ ਕਟਪੀਸ ਦੇ ਨੇੜੇ ਆਵਾਰਾ ਕੁੱਤਿਆਂ ਵੱਲੋਂ ਇਕ ਔਰਤ 'ਤੇ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਗੀਤਾ ਰਾਣੀ ਪਤਨੀ ਅਮਨਦੀਪ ਠਾਕਰਾਲ ਨੂੰ ਕੁਝ ਆਵਾਰਾ ਕੁੱਤਿਆਂ ਨੇ ਸਿਰ ਅਤੇ ਸਰੀਰ ਦੇ ਵੱਖ-ਵੱਖ ਹਿੱਸਿਆਂ 'ਤੇ ਕੱਟ ਲਿਆ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ। ਘਟਨਾ ਤੋਂ ਤੁਰੰਤ ਬਾਅਦ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਿਵਲ ਹਸਪਤਾਲ ਮਲੋਟ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਜ਼ਖਮਾਂ ਦੀ ਸਫ਼ਾਈ ਕਰਕੇ ਦਵਾਈ ਅਤੇ ਡ੍ਰੈਸਿੰਗ ਕੀਤੀ। ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਨ੍ਹਾਂ ਨੂੰ ਅਗਲੇ ਇਲਾਜ ਲਈ ਏਮਜ਼ ਹਸਪਤਾਲ ਬਠਿੰਡਾ ਰੈਫਰ ਕਰ ਦਿੱਤਾ।



ਜਾਣਕਾਰੀ ਅਨੁਸਾਰ ਸਵੇਰੇ 11:00 ਵਜੇ ਤੋਂ ਸ਼ਾਮ 4:00 ਵਜੇ ਤੱਕ ਏਮਜ਼ ਬਠਿੰਡਾ ਵਿੱਚ ਉਨ੍ਹਾਂ ਦਾ ਇਲਾਜ ਚੱਲਦਾ ਰਿਹਾ। ਡਾਕਟਰਾਂ ਵੱਲੋਂ ਪਹਿਲਾਂ ਪੂਰੀ ਜਾਂਚ ਕੀਤੀ ਗਈ, ਜਿਸ ਤੋਂ ਬਾਅਦ ਮੋਢੇ 'ਤੇ 4 ਤੇ ਸਿਰ 'ਤੇ 2 ਇੰਜੈਕਸ਼ਨ ਲਗਾਏ ਗਏ। ਇਸਦੇ ਨਾਲ ਹੀ ਸਿਰ 'ਤੇ ਲੱਗੀਆਂ ਗੰਭੀਰ ਚੋਟਾਂ ਕਾਰਨ 4 ਟਾਂਕੇ ਵੀ ਲਗਾਏ ਗਏ। ਸ਼ਾਮ ਕਰੀਬ 4 ਵਜੇ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਪੀੜਤ ਪਰਿਵਾਰ ਨੇ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਕੋਲ ਬੇਨਤੀ ਕੀਤੀ ਹੈ ਕਿ ਸ਼ਹਿਰ ਵਿੱਚ ਵੱਧ ਰਹੇ ਆਵਾਰਾ ਕੁੱਤਿਆਂ ਦੇ ਖ਼ਤਰੇ ਨੂੰ ਦੇਖਦਿਆਂ ਜਲਦ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਤਾਂ ਜੋ ਆਮ ਜਨਤਾ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਾਵ ਕੀਤਾ ਜਾ ਸਕੇ।

# ਸੁਰੱਖਿਅਤ ਇੰਟਰਨੈੱਟ ਦਿਵਸ: ਲੋਕ ਖ਼ੁਦ ਨੂੰ ਡਿਜੀਟਲ ਤੌਰ 'ਤੇ ਸੁਰੱਖਿਅਤ ਰੱਖਣ, ਸ਼ੱਕੀ ਲਿੰਕ 'ਤੇ ਕਲਿਕ ਨਾ ਕਰਨ: ਡੀ.ਆਈ.ਓ.

## ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਅਤੇ ਸਕੂਲ ਆਫ਼ ਐਮੀਨੈਂਸ ਬਰਨਾਲਾ ਵਿੱਚ ਜਾਗਰੂਕਤਾ ਭਾਸ਼ਣ




ਬਰਨਾਲਾ, 10 ਫਰਵਰੀ (ਚਮਕੌਰ ਸਿੰਘ ਗੱਗੀ ) : ਦਸ ਫਰਵਰੀ ਨੂੰ ਸੁਰੱਖਿਅਤ ਇੰਟਰਨੈੱਟ ਦਿਨ ਵਜੋਂ ਮਨਾਉਂਦਿਆਂ ਰਾਸ਼ਟਰੀ ਸੂਚਨਾ ਅਤੇ ਵਿਗਿਆਨ ਦਫ਼ਤਰ (ਐਨਆਈਸੀ ਬਰਨਾਲਾ) ਵੱਲੋਂ ਸੁਰੱਖਿਅਤ ਤਰੀਕੇ ਨਾਲ ਇੰਟਰਨੈੱਟ ਦੀ ਵਰਤੋਂ ਕਰਨ ਸਬੰਧੀ ਜਾਗਰੂਕਤਾ ਭਾਸ਼ਣ ਕਰਵਾਏ ਗਏ।

ਇਸ ਸਬੰਧੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਅਤੇ ਸਕੂਲ ਆਫ਼ ਐਮੀਨੈਂਸ, ਬਰਨਾਲਾ ਵਿਖੇ ਜਾਗਰੂਕਤਾ ਭਾਸ਼ਣ ਕਰਵਾਏ ਗਏ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਸੂਚਨਾ ਅਤੇ ਵਿਗਿਆਨ ਅਫਸਰ ਸ੍ਰੀ ਜੋਨੀ ਨੇ ਕਿਹਾ ਕਿ ਅੱਜ ਦੇ ਡਿਜੀਟਲ ਯੁੱਗ @ਚ ਜਿੱਥੇ ਮੋਬਾਈਲ ਫੋਨ ਇਕ ਲੋੜ ਬਣ ਚੁੱਕੀ ਹੈ ਉੱਥੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਇਸ ਦੀ ਵਰਤੋਂ ਸਮਝਦਾਰੀ ਅਤੇ ਸੰਜਮ ਨਾਲ ਕਰੀਏ। ਉਨ੍ਹਾਂ ਕਿਹਾ ਕਿ ਕਿਸੇ ਵੀ ਕਿਸਮ ਦੇ ਸ਼ੱਕੀ ਲਿੰਕ ਉੱਤੇ ਕਲਿਕ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਵੀ ਮੋਬਾਈਲ ਐਪ ਨੂੰ ਇੰਸਟਾਲ ਕਰਦੇ ਸਮੇਂ ਬੇਲੋੜੀ ਪਰਮਿਸ਼ਨ ਨਾ ਦਿੱਤੀ ਜਾਵੇ। ਕਿਸੇ ਵੀ ਮਾਧਿਅਮ ਰਾਹੀਂ ਅਣਜਾਣ ਨੰਬਰਾਂ ਤੋਂ ਪ੍ਰਾਪਤ ਹੋਣ ਵਾਲੀ .apk ਫਾਈਲ ਨੂੰ ਇੰਸਟਾਲ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣੀ ਸੰਵੇਦਨਸ਼ੀਲ ਜਾਣਕਾਰੀ ਜਿਵੇਂ ਕਿ ਓ ਟੀ ਪੀ, ਆਧਾਰ, ਪੈਨ ਜਾਂ ਬੈਂਕ ਖਾਤਿਆਂ ਦੇ ਵੇਰਵੇ ਕਿਸੇ ਅਣਜਾਣ ਨੰਬਰਾਂ ਉੱਤੇ ਬਿਲਕੁਲ ਵੀ ਸਾਂਝੇ ਨਾ ਕੀਤੇ ਜਾਣ। ਉਨ੍ਹਾਂ ਸਕੂਲ ਆਫ ਐਮੀਨੈਂਸ ਬਰਨਾਲਾ ਦੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚੇ ਆਪਣੀ ਨਿੱਜੀ ਜਾਣਕਾਰੀ ਕਿਸੇ ਵੀ ਸੋਸ਼ਲ ਮੀਡੀਆ ਅਕਾਊਟ ਉੱਤੇ ਨਾ ਪਾਉਣ ਅਤੇ ਨਾ ਹੀ ਸਾਂਝੀ ਕਰਨ। ਉਨ੍ਹਾਂ ਬੱਚਿਆਂ ਨੂੰ ਸਮਝਾਇਆ ਕਿ ਉਹ ਕਿਸੇ ਵੀ ਕਿਸਮ ਦੇ ਅਣਜਾਣ ਵਿਅਕਤੀ ਦੀਆਂ ਗੱਲਾਂ ਵਿੱਚ ਆ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਕੋਈ ਨਿੱਜੀ ਜਾਣਕਾਰੀ ਜਿਵੇ ਕੇ ਬੈਂਕ ਖਾਤੇ ਦੀ ਡਿਟੇਲ, ਓ.ਟੀ.ਪੀ., ਪੈਨ ਕਾਰਡ ਨੰ., ਏ.ਟੀ.ਐਮ. ਦਾ ਪਿੰਨ ਅਤੇ ਪਰਸਨਲ ਫੋਟੋਆਂ ਆਦਿ ਸਾਝੀਆਂ ਨਾ ਕਰਨ। ਇਸ ਮੌਕੇ ਸਹਾਇਕ ਜ਼ਿਲ੍ਹਾ ਸੂਚਨਾ ਅਤੇ ਵਿਗਿਆਨ ਅਫਸਰ ਮੰਜੂ ਪੰਵਾਰ, ਗੁਰੂ ਗੋਬਿੰਦ ਸਿੰਘ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਭੋਲਾ ਸਿੰਘ ਵਿਰਕ, ਕਾਲਜ ਪ੍ਰਿੰਸੀਪਲ ਡਾ. ਸਰਬੀਤ ਸਿੰਘ ਕੁਲਾਰ, ਕਾਲਜ ਵਾਈਸ ਪ੍ਰਿੰਸੀਪਲ ਮਨਦੀਪ ਕੌਰ ਜਵੰਧਾ, ਪ੍ਰੋ. ਡਾ. ਭੁਪਿੰਦਰ ਸਿੰਘ, ਸਕੂਲ ਪ੍ਰਿੰਸੀਪਲ ਡਾ. ਰਵਿੰਦਰ ਕੌਰ ਜਵੰਧਾ, ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਹਰੀਸ਼ ਬਾਂਸਲ, ਕੰਪਿਊਟਰ ਅਧਿਆਪਕ ਤਜਿੰਦਰ ਪਾਲ, ਕੰਪਿਊਟਰ ਅਧਿਆਪਕ ਪ੍ਰਦੀਪ ਕੁਮਾਰ, ਐਨ.ਆਈ.ਸੀ. ਸਟਾਫ ਸਤਨਾਮ ਸਿੰਘ, ਪਰਵੇਜ਼ ਅਖਤਰ, ਕਰਨਵੀਰ ਸਿੰਘ, ਸਕੂਲ ਤੇ ਕਾਲਜ ਦਾ ਸਟਾਫ਼ ਵੀ ਹਾਜ਼ਰ ਸੀ।

# ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਮੌਕੇ ਭਰਵੀਂ ਸ਼ਮੂਲੀਅਤ ਕਰਨ ਦਾ ਫ਼ੈਸਲਾ



ਬਰਨਾਲਾ, 10 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਦਰਸ਼ਨ ਸਿੰਘ ਮੰਡੇਰ ਦੀ ਅਗਵਾਈ ਵਿੱਚ ਪਿੰਡ ਕਾਲੇਕੇ ਵਿਖੇ ਜ਼ਰੂਰੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼ਾਮਲ ਜਥੇਦਾਰਾਂ ਨੂੰ ਬੇਨਤੀ ਕੀਤੀ ਗਈ ਕਿ 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਸਿਪਾਹੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਨ ਅਤੇ ਬ੍ਰਹਮ ਗਿਆਨੀ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਇਤਿਹਾਸਕ ਧਰਤੀ ਫਤਿਹਗੜ੍ਹ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਭਲਕੇ 12 ਫ਼ਰਵਰੀ 2026 ਦਿਨ ਵੀਰਵਾਰ ਨੂੰ ਮਨਾਇਆ ਜਾਵੇਗਾ। ਜਥੇਦਾਰਾਂ ਨੂੰ ਬੇਨਤੀ ਕੀਤੀ ਕਿ ਬਰਨਾਲਾ ਜ਼ਿਲ੍ਹੇ ਦੇ ਹਰੇਕ ਪਿੰਡਾਂ ਵਿੱਚੋ ਬਸਾਂ ਰਾਹੀਂ ਸੰਗਤਾਂ ਨੂੰ ਲਿਜਾਇਆ ਜਾਵੇ। ਇਸ ਦੀ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਲੀਲਾ ਨੇ ਦਿੱਤੀ ਅਤੇ ਦੱਸਿਆ ਜਨਮ ਦਿਹਾੜੇ ਤੇ ਧਾਰਮਿਕ ਅਤੇ ਪੰਥਕ ਜਥੇਬੰਦੀਆਂ ਸ਼ਮੂਲੀਅਤ ਕਰ ਰਹੀਆਂ ਹਨ। ਸਮੁੱਚੀਆਂ ਸਿੱਖ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ। ਇਸ ਮੀਟਿੰਗ ਵਿੱਚ ਸਰਪੰਚ ਸੁਖਪਾਲ ਸਿੰਘ ਛੰਨਾ, ਨਾਇਬ ਸਿੰਘ, ਅਵਤਾਰ ਸਿੰਘ ਕਾਲੇਕੇ , ਦੀਪਕ ਸਿੰਗਲਾ ਸੁਖਦੀਪ ਸਿੰਘ, ਸੰਦੀਪ ਸਿੰਘ ਦਾ ਧੰਨਵਾਦ ਕੀਤਾ।

# ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਘੇਰਿਆ ਭਦੌੜ ਬਿਜਲੀ ਦਫ਼ਤਰ



ਭਦੌੜ, 10 ਫ਼ਰਵਰੀ (ਸੁਖਵਿੰਦਰ ਪਲਾਹਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਅੱਜ ਭਦੌੜ ਬਿਜਲੀ ਗਰਿੱਡ ਘੇਰਿਆ ਗਿਆ ।ਯੂਨੀਅਨ ਦੇ ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਸਾਡੀ ਯੂਨੀਅਨ ਦੇ ਬਲਾਕ ਖਜ਼ਾਨਚੀ ਹਰਬੰਸ ਸਿੰਘ ਭਦੌੜ ਨੇ ਨਵੇਂ ਕਨੈਕਸ਼ਨ ਲਈ ਪਿਛਲੇ ਸਾਲ 1 ਜੁਲਾਈ ਨੂੰ ਫੀਸ ਭਰੀ ਸੀ ਜੋ ਅੱਜ ਤੱਕ ਨਹੀਂ ਲਾਇਆ ਗਿਆ ਸਗੋਂ ਜਦੋਂ ਐਸ ਡੀ ਓ ਨੇ ਉਹਨਾਂ ਦੇ ਘਰ ਗੇੜਾ ਮਾਰਿਆ ਤਾਂ ਉਲਟਾ ਪਰਿਵਾਰ ਤੇ ਕੁੰਡੀ ਲਾਉਂਣ ਦਾ ਦੋਸ਼ ਲਾਇਆ,ਜਦੋਂ ਕਿ ਉਸ ਸਮੇਂ ਬਾਇਓ ਗੈਸ ਤੇ ਜਰਨੇਟਰ ਚੱਲ ਰਿਹਾ ਸੀ । ਐਸ ਡੀ ਓ ਨੇ ਜਦੋਂ ਘਰ ਵਿੱਚ ਚੇਂਜ ਓਵਰ ਤੋਂ ਸਪਲਾਈ ਚੇਂਜ ਕੀਤੀ ਤਾਂ ਉਨ੍ਹਾਂ ਦਾ ਜਰਨੇਟਰ ਸੜ ਗਿਆ ਅਤੇ ਪਰਿਵਾਰ ਨੂੰ ਭੱਦੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਧਮਕੀਆਂ ਦਿੱਤੀਆਂ ਕਿ ਮੈਂ ਨਵਾਂ ਕਨੈਕਸ਼ਨ ਨਹੀਂ ਲਾਉਂਦਾ ਨਾਲ ਹੀ ਹੋਰ ਮੋਟਾ ਜੁਰਮਾਨਾ ਲਾਵਾਂਗਾ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਨੇ ਕਿਹਾ ਕਿ ਅਸੀਂ ਨਵਾਂ ਕਨੈਕਸ਼ਨ ਵੀ ਚਾਲੂ ਕਰਵਾਵਾਂਗੇ ਅਤੇ ਦੋ ਜਰਨੇਟਰ ਐਸ਼ ਡੀ ਓ ਵੱਲੋਂ ਸਾੜਿਆ ਗਿਆ ਉਸਦੀ ਭਰਪਾਈ ਵੀ ਕੀਤੀ ਜਾਵੇਗੀ । ਉਹਨਾਂ ਕਿਹਾ ਕਿ ਐਸ ਡੀ ਓ ਤੇ ਜੱਥੇਬੰਦੀ ਕਰਵਾਈ ਵੀ ਕਰਵਾਏਗੀ ਜੋ ਪਰਿਵਾਰ ਪ੍ਰਤੀ ਭੱਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਉਹਨਾਂ ਕਿਹਾ ਕਿ ਜਿਨ੍ਹਾਂ ਚਿਰ ਬਿਜਲੀ ਵਿਭਾਗ ਤੇ ਕਾਰਵਾਈ ਨਹੀਂ ਕੀਤੀ ਜਾਂਦੀ ਉਨਾਂ ਚਿਰ ਧਰਨਾ ਐਸ ਡੀ ਓ ਦਫਤਰ ਭਦੌੜ ਵਿਖੇ ਜਾਰੀ ਰਹੇਗਾ। ਇਸ ਮੌਕੇ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ ਸੁਖਪੁਰਾ, ਜ਼ਿਲਾ ਪ੍ਰੈਸ ਸਕੱਤਰ ਕਰਮ ਸਿੰਘ ਭਦੌੜ, ਬਲਾਕ ਜਰਨਲ ਸਕੱਤਰ ਭੁਪਿੰਦਰ ਸਿੰਘ ਢਿੱਲਵਾਂ, ਬਲਾਕ ਪ੍ਰੈਸ ਸਕੱਤਰ ਵਜ਼ੀਰ ਸਿੰਘ ਭਦੌੜ, ਬਲਾਕ ਖਜ਼ਾਨਚੀ ਹਰਬੰਸ ਸਿੰਘ ਭਦੌੜ, ਬਲਾਕ ਮੀਤ ਪ੍ਰਧਾਨ ਗੁਰਨਾਮ ਸਿੰਘ ਸੁਖਪੁਰਾ, ਬਲਾਕ ਸਕੱਤਰ ਲਛਮਣ ਸਿੰਘ ਉੱਗੋਕੇ, ਬਲਾਕ ਮੀਤ ਪ੍ਰਧਾਨ ਬਿੰਦਰ ਸਿੰਘ ਭਦੌੜ, ਬਲਾਕ ਮੀਤ ਪ੍ਰਧਾਨ ਹਰਬੰਸ ਸਿੰਘ ਚੀਮਾ, ਵਿਸ਼ਾਖਾ ਭਦੌੜ, ਸੁਖਦੇਵ ਸਿੰਘ ਭਦੌੜ, ਗੋਗੀ ਚੀਮਾ,ਜੀਤ ਸਿੰਘ ਉੱਗੋਕੇ,ਹਰਦੀਪ ਸਿੰਘ ਭਦੌੜ, ਆਦਿ ਆਗੂ ਹਾਜ਼ਰ ਸਨ।

# ਮਹਾਂ ਸ਼ਿਵਰਾਤਰੀ ਨੂੰ ਮੁੱਖ ਰੱਖਦਿਆਂ ਕਾਂਵੜੀਆਂ ਦਾ ਜੱਥਾ ਹਰਿਦੁਆਰ ਲਈ ਰਵਾਨਾ



ਤਪਾ ਮੰਡੀ, 10 ਫਰਵਰੀ (ਰਾਜੂ ਮਹਿਰਾ) : ਮਹਾਂ ਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਕਾਂਵੜੀਆਂ ਦਾ ਵੱਡਾ ਜੱਥਾ 22ਵੀਂ ਡਾਕ ਕਾਂਵੜ ਲਈ ਸ੍ਰੀ ਹਰਿਦੁਆਰ ਰਵਾਨਾ ਹੋਇਆ। ਇਸ ਮੌਕੇ ਸਮੂਹ ਕਾਵੜੀਏ ਇਲਾਕੇ ਦੇ ਪ੍ਰਾਚੀਨ ਮੰਦਿਰ ਗੌਰੀ ਸ਼ੰਕਰ ਵਿਖੇ ਨਤਮਸਤਕ ਹੋਏ ਅਤੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਉਪਰੰਤ ਬਮ ਬਮ ਭੋਲੇ ਦੇ ਜੈਕਾਰਿਆਂ ਨਾਲ ਰਵਾਨਾ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਮੂਹ ਸ਼ਿਵ ਭਗਤਾਂ ਨੇ ਦੱਸਿਆ ਕਿ ਉਹ ਹਰਿਦੁਆਰ ਤੋਂ ਪਵਿੱਤਰ ਗੰਗਾ ਜਲ ਭਰ ਕੇ 15 ਤਾਰੀਖ ਦਿਨ ਐਤਵਾਰ ਨੂੰ ਮਹਾਂ ਸ਼ਿਵਰਾਤਰੀ ਵਾਲੇ ਦਿਨ ਤਪਾ ਵਿਖੇ ਪਹੁੰਚਣਗੇ ਅਤੇ ਇਲਾਕੇ ਦੇ ਮੰਦਰਾਂ 'ਚ ਪਹੁੰਚ ਕੇ ਸ਼ਿਵਲਿੰਗ ਤੇ ਜਲ ਅਰਪਿਤ ਕਰਨਗੇ। ਇਸ ਮੌਕੇ ਸਮੂਹ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਬੱਬਾ ਸੁਨਿਆਰ, ਰੋਹਿਤ ਮਿੱਤਲ, ਰਜਤ, ਸ਼ੀਨੂ, ਜੈਕੀ, ਪੌਂਟਿੰਗ, ਟਿੰਕੂ, ਕਿੰਟੀ, ਨੀਲਮ, ਰਾਹੁਲ,ਹਨੀ, ਸਾਹਿਲ ਕੁਮਾਰ, ਕਾਕਾ ਆਦਿ ਮੌਜੂਦ ਸਨ।

# ਡੀ.ਐੱਮ.ਆਈ. ਭੋਪਾਲ ਦੀ ਟੀਮ ਵੱਲੋਂ ਜ਼ਿਲ੍ਹਾ ਬਰਨਾਲਾ ਦਾ ਦੌਰਾ; ਸਨਅਤਾਂ ਵਿੱਚ ਸੁਰੱਖਿਆ ਮਾਪਦੰਡਾਂ ਨੂੰ ਘੋਖਿਆ



ਬਰਨਾਲਾ, 10 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਵੱਡੀਆਂ ਉਦਯੋਗਿਕ ਇਕਾਈਆਂ ਸਮੇਤ ਵੱਡੀ ਗਿਣਤੀ ਸਨਅਤਾਂ ਹੋਣ ਦੇ ਮੱਦੇਨਜ਼ਰ ਰਸਾਇਣਿਕ ਰਸਾਅ ਜਿਹੀਆਂ ਸੰਭਾਵੀ ਘਟਨਾਵਾਂ/ ਐਮਰਜੈਂਸੀ ਆਫ਼ਤਾਂ ਨਾਲ ਨਜਿੱਠਣ ਦੀਆਂ ਤਿਆਰੀਆਂ ਦੇ ਜਾਇਜ਼ੇ ਅਤੇ ਮਾਰਗਦਰਸ਼ਨ ਲਈ ਅੱਜ ਆਫ਼ਤ ਪ੍ਰਬੰਧਨ ਸੰਸਥਾ (ਡਿਜ਼ਾਸਟਰ ਮੈਨੇਜਮੈਂਟ) ਭੋਪਾਲ ਦੀ ਤਿੰਨ ਮੈਂਬਰੀ ਟੀਮ ਵੱਲੋਂ ਜ਼ਿਲ੍ਹਾ ਬਰਨਾਲਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਸਬੰਧਤ ਵਿਭਾਗਾਂ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਿਸਟ੍ਰਿਕਟ ਮੈਨੇਜਮੈਂਟ ਇਨਸਟੀਚਿਊਟ, ਭੋਪਾਲ ਇੱਕ ਵੱਕਾਰੀ ਅਦਾਰਾ ਹੈ ਜਿਨ੍ਹਾਂ ਦੀ ਸੇਵਾਵਾਂ ਲੈ ਕੇ ਇਸ ਜ਼ਿਲ੍ਹੇ ਵਿੱਚ ਆਫ-ਸਾਈਟ ਮੈਨੇਜਮੈਂਟ ਪਲਾਨ ਤਿਆਰ ਕੀਤਾ ਜਾ ਰਿਹਾ ਹੈ, ਤਾਂ ਜੋ ਕਿਸੇ ਵੀ ਅਸੀਂ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ ਰਹੀਏ। ਇਸ ਮੌਕੇ ਡਿਪਟੀ ਡਾਇਰੈਕਟਰ ਫੈਕਟਰੀਜ਼ ਬਰਨਾਲਾ ਸ੍ਰੀ ਸਾਹਿਲ ਗੋਇਲ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿਚ ਟਰਾਈਡੈਂਟ, ਆਈ ਓ ਐੱਲ ਜਿਹੀਆਂ ਵੱਡੀਆਂ ਸਨਅਤਾਂ ਹਨ, ਇਸ ਤੋਂ ਇਲਾਵਾ ਵੱਡੀ ਗਿਣਤੀ ਹੋਰ ਸਨਅਤੀ ਇਕਾਈਆਂ ਹਨ, ਜਿਸ ਦੇ ਮੱਦੇਨਜ਼ਰ ਇਹ ਵਰਤਣੇ ਅਤੇ ਆਫ਼ਤ ਪ੍ਰਬੰਧਨ ਤਿਆਰੀ ਬੇਹੱਦ ਜ਼ਰੂਰੀ ਹੈ। ਇਸ ਮੌਕੇ ਡੀਐੱਮਆਈ ਭੋਪਾਲ ਦੀ ਟੀਮ ਦੇ ਮੈਂਬਰ ਡਾ. ਸੁਧੀਰ ਦੀਵਦੀ (ਜੁਆਇੰਟ ਡਾਇਰੈਕਟਰ, ਕੰਸਲਟੈਂਸੀ ਐਂਡ ਅਵੇਅਰਨੈਸ ਡਿਵੀਜ਼ਨ) ਨੇ ਪ੍ਰੈਜ਼ੇਂਟੇਸ਼ਨ ਰਾਹੀਂ ਆਫ-ਸਾਈਟ ਡਿਜ਼ਾਸਟਰ ਮੈਨੇਜਮੈਂਟ ਪਲਾਨ ਬਣਾਉਣ ਲਈ ਅਹਿਮ ਪੱਖਾਂ ਬਾਰੇ ਜਾਣਕਾਰੀ ਦਿੱਤੀ ਕਿ, ਜਿਸ ਵਿੱਚ ਐਮਰਜੈਂਸੀ ਪਲਾਨ ਦੀ ਮਹੱਤਤਾ, ਐਮਰਜੈਂਸੀ ਪ੍ਰਸੀਜ਼ਰ, ਵੱਖ-ਵੱਖ ਸਨਅਤਾਂ ਨੂੰ ਡਾਟਾ ਤਿਆਰ ਕਰਨਾ, ਸਨਅਤਾਂ ਤੋਂ 5 ਕਿਲੋਮੀਟਰ ਦੇ ਘੇਰੇ ਅੰਦਰ ਸਕੂਲ, ਕਾਲਜ, ਹਸਪਤਾਲ ਆਦਿ ਬਾਰੇ ਜਾਣਕਾਰੀ ਸ਼ਾਮਲ ਕਰਨਾ, ਵਿਭਿਆਗਾਂ ਨੂੰ ਆਫ਼ਤ ਪ੍ਰਬੰਧਨ ਬਾਰੇ ਜਾਗਰੂਕ ਕਰਨਾ ਅਤੇ ਵਿਭਾਗਾਂ ਨਾਲ ਸਬੰਧਤ ਜ਼ਿੰਮੇਵਾਰੀਆਂ ਤੋਂ ਜਾਣੂੰ ਕਰਾਇਆ ਗਿਆ। ਇਸ ਟੀਮ ਵਿੱਚ ਪ੍ਰਿਯੰਕਾ ਸਕਸੈਨਾ ਅਸਿਸਟੈਂਟ ਡਾਇਰੈਕਟਰ (ਡੀਐਮਆਈ, ਭੋਪਾਲ) ਅਤੇ ਕੁਮਾਰ ਦੀਪਾਂਕਰ ਟੈਕਨੀਕਲ ਐਕਸਪਰਟ (ਡੀ ਐਮ ਆਈ ਭੋਪਾਲ) ਵੀ ਸ਼ਾਮਲ ਸਨ। ਇਸ ਮਗਰੋਂ ਟੀਮ ਵਲੋਂ ਟਰਾਈਡੈਂਟ ਧੌਲਾ ਅਤੇ ਆਈ ਓ ਐੱਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਟੀਮ ਵਲੋਂ ਟਰਾਈਡੈਂਟ ਵਿਖੇ ਫਾਇਰ ਅਲਾਰਮ ਸੈਂਟਰ, ਮਲਟੀਪਰਪਜ਼ ਹੈਲਥ ਸੈਂਟਰ, ਫਾਇਰ ਟੈਂਡਰ, ਕਲੋਰੀਨ ਹੈਂਡਲਿੰਗ ਪਲਾਂਟ, ਪੇਪਰ ਪਲਾਂਟ, ਸੋਡੀਅਮ ਕਲੋਰਾਈਡ ਦਾ ਸਟੋਰ ਅਤੇ ਆਈ ਓ ਐੱਲ ਵਿਖੇ ਕਲੋਰੀਨ ਪਾਰਕ ਸਮੇਤ ਹੋਰ ਯੂਨਿਟਾਂ ਦਾ ਦੌਰਾ ਕੀਤਾ ਗਿਆ ਅਤੇ ਸੁਰੱਖਿਆ ਮਾਪਦੰਡ ਘੋਖੇ ਗਏ ਅਤੇ ਤਸੱਲੀ ਪ੍ਰਗਟਾਈ ਗਈ। ਡਿਪਟੀ ਡਾਇਰੈਕਟਰ ਫੈਕਟਰੀਜ਼ ਬਰਨਾਲਾ ਸ੍ਰੀ ਸਾਹਿਲ ਗੋਇਲ ਨੇ ਦੱਸਿਆ ਕਿ ਟੀਮ ਵਲੋਂ ਭਲਕੇ ਵੀ ਵੱਖ-ਵੱਖ ਸਨਅਤੀ ਇਕਾਈਆਂ ਦਾ ਦੌਰਾ ਕੀਤਾ ਜਾਵੇਗਾ। ਇਸ ਮੌਕੇ ਟਰਾਈਡੈਂਟ ਤੋਂ ਰਮਨ ਚੌਧਰੀ ਐਡਮਿਨ ਹੈੱਡ, ਪੁਨੀਤ ਜਿੰਦਲ ਈਐਸਜੀ, ਆਈ ਓ ਐਲ ਤੋਂ ਬਸੰਤ ਸਿੰਘ ਐਚ ਆਰ ਐਂਡ ਐਡਮਿਨ ਹੈੱਡ ਤੇ ਦਵਿੰਦਰ ਸਿੰਘ ਈਐਚਐਸ ਹੈੱਡ ਵੀ ਮੌਜੂਦ ਸਨ।

# ਨਸ਼ੀਲੀਆਂ ਗੋਲ਼ੀਆਂ ਸਣੇ ਪੰਜ ਕਾਬੂ



ਤਪਾ ਮੰਡੀ, 10 ਫਰਵਰੀ (ਰਾਜੂ ਮਹਿਰਾ) : ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਪ੍ਰੀਤ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਤਪਾ ਪੁਲਿਸ ਨੇ 205 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਸਣੇ ਪੰਜ ਜਣਿਆਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਸਿਟੀ ਇੰਚਾਰਜ ਬਲਜੀਤ ਸਿੰਘ ਢਿੱਲੋਂ ਪੁਲਿਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਬਾਲਮੀਕੀ ਚੌਂਕ ਮੌਜੂਦ ਸਨ, ਤਾਂ ਮੁਖਬਰ ਖਾਸ ਨੇ ਗੁਪਤ ਸੂਚਨਾ ਦਿੱਤੀ ਕਿ ਸਿਵਮ ਕੁਮਾਰ ਪੁੱਤਰ ਪਵਨ ਕੁਮਾਰ ਵਾਸੀ ਢਿਲਵਾ ਰੋਡ ਤਪਾ ਅਤੇ ਰਾਜ ਕੁਮਾਰ ਪੁੱਤਰ ਕ੍ਰਿਸ਼ਨ ਚੰਦ ਵਾਸੀ ਬਾਗ ਕਲੋਨੀ ਤਪਾ ਜੋ ਨਸਾ ਪੱਤਾ ਕਰਨ ਦੇ ਆਦੀ ਹਨ ਤੇ ਬਾਹਰੋ ਸਸਤੇ ਰੇਟ ਪਰ ਨਸ਼ੀਲੀਆਂ ਗੋਲ਼ੀਆਂ ਲਿਆ ਕੇ ਅੱਗੇ ਬੂਟਾ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਲਾਲੂ ਪੱਤੀ ਢਿਲਵਾਂ, ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਗੁਰੂ ਨਾਨਕ ਬਸਤੀ ਢਿਲਵਾ ਰੋਡ ਤਪਾ ਅਤੇ ਨਿਰੰਜਣ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਗੁਰੂ ਨਾਨਕ ਬਸਤੀ ਢਿਲਵਾਂ ਰੋਡ ਤਪਾ ਨੂੰ ਵੇਚਣ ਦਾ ਧੰਦਾ ਕਰਦੇ ਹਨ, ਜੋ ਪੁਲ ਡਰੇਨ ਢਿਲਵਾਂ ਰੋਡ ਤਪਾ ਵਿਖੇ ਮੌਜੂਦ ਹਨ ਅਤੇ ਸ਼ਿਵਮ ਕੁਮਾਰ, ਰਾਜ ਕੁਮਾਰ ਉਕਤਾਨ ਨੂੰ ਨਸ਼ੀਲੀਆਂ ਗੋਲੀਆਂ ਵੇਚਣ ਲਈ ਪੁਲ ਡਰੇਨ ਢਿਲਵਾਂ ਰੋਡ ਤਪਾ ਵਿਖੇ ਆ ਰਹੇ ਹਨ। ਜੇਕਰ ਹੁਣੇ ਹੀ ਪੁਲ ਡਰੇਨ ਢਿਲਵਾਂ ਰੋਡ ਤਪਾ ਵਿਖੇ ਆਸ-ਪਾਸ ਚੈਕਿੰਗ ਕੀਤੀ ਜਾਵੇ, ਤਾਂ ਦੋਸ਼ੀ ਕਾਬੂ ਆ ਸਕਦੇ ਹਨ। ਪੁਲਿਸ ਨੇ ਤੁਰੰਤ ਰੇਡ ਕਰਕੇ ਦੋਸ਼ੀਆਨ ਨੂੰ 205 ਖੁੱਲੀਆਂ ਨਸ਼ੀਲੀਆਂ ਗੋਲ਼ੀਆਂ ਸਣੇ ਕਾਬੂ ਕੀਤਾ। ਪੁਲਿਸ ਨੇ ਉਕਤ ਦੋਸ਼ੀਆਨ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਕੈਂਪ ਅੱਜ : ਡਿਪਟੀ ਕਮਿਸ਼ਨਰ



ਬਰਨਾਲਾ, 10 ਫਰਵਰੀ (ਬਘੇਲ ਸਿੰਘ ਧਾਲੀਵਾਲ) : 'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਤਹਿਤ ਭਲਕੇ 11 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਕੈਂਪ ਲਾਇਆ ਜਾਵੇਗਾ, ਜਿਸ ਵਿੱਚ ਜਿੱਥੇ ਬਜ਼ੁਰਗਾਂ ਦੀ ਮੁਫ਼ਤ ਡਾਕਟਰੀ ਜਾਂਚ ਹੋਵੇਗੀ, ਉਥੇ ਵੱਖ-ਵੱਖ ਸਕੀਮਾਂ ਲਈ ਵੀ ਮੌਕੇ 'ਤੇ ਹੀ ਅਪਲਾਈ ਕਰਵਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ 11 ਫਰਵਰੀ ਨੂੰ ਸ਼ਹੀਦ ਭਗਤ ਸਿੰਘ ਪਾਰਕ ਬਰਨਾਲਾ ਵਿੱਚ ਜ਼ਿਲ੍ਹਾ ਪੱਧਰੀ ਕੈਂਪ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਬਜ਼ੁਰਗਾਂ ਲਈ ਅੱਖਾਂ ਦੀ ਜਾਂਚ, ਹੱਡੀਆਂ ਦੀ ਜਾਂਚ, ਗੈਰ-ਸੰਕ੍ਰਾਮਕ ਬਿਮਾਰੀਆਂ ਦੀ ਸਕ੍ਰੀਨਿੰਗ, ਫਿਜ਼ੀਓਥੈਰੇਪੀ, ਮਨੋਵਿਗਿਆਨਿਕ ਸਲਾਹ ਅਤੇ ਹੋਰ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਬਜ਼ੁਰਗ ਇੱਕੋ ਥਾਂ @ਤੇ ਵੱਖ-ਵੱਖ ਤਜਰਬੇਕਾਰ ਡਾਕਟਰਾਂ ਅਤੇ ਮਾਹਿਰਾਂ ਤੋਂ ਆਪਣੀ ਸਿਹਤ ਦੀ ਜਾਂਚ ਕਰਵਾ ਸਕਣ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਤਿੰਦਰਪਾਲ ਕੌਰ ਨੇ ਦੱਸਿਆ ਕਿ ਕੈਂਪ ਦੌਰਾਨ ਮੌਕੇ 'ਤੇ ਹੀ ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਕਾਰਡ ਬਣਾਉਣ ਲਈ ਤਕਨੀਕੀ ਟੀਮਾਂ ਤਾਇਨਾਤ ਰਹਿਣਗੀਆਂ। ਬਜ਼ੁਰਗਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਯੋਗਾ ਸੈਸ਼ਨ ਵੀ ਹੋਵੇਗਾ। ਇਸ ਦੇ ਨਾਲ-ਨਾਲ ਸਮਾਜਿਕ ਸੁਰੱਖਿਆ ਵਿਭਾਗ ਨਾਲ ਸਬੰਧਿਤ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵੀ ਬਜ਼ੁਰਗਾਂ ਜਾਣਕਾਰੀ ਦਿੱਤੀ ਜਾਵੇਗੀ ਜਿਵੇਂ ਕਿ ਬੁਢਾਪਾ ਪੈਨਸ਼ਨ, ਸੀਨੀਅਰ ਸਿਟੀਜ਼ਨ ਕਾਰਡ, ਬਾਬਾ ਫੂਲ ਸਰਕਾਰੀ ਬਿਰਧ ਘਰ, ਤਪਾ ਅਤੇ ਬੈਂਕਾਂ ਵੱਲੋਂ ਬਜ਼ੁਰਗਾਂ ਲਈ ਚਲਾਈਆਂ ਜਾ ਰਹੀਆਂ ਵਿਸ਼ੇਸ਼ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 20 ਫਰਵਰੀ ਨੂੰ ਸੀ.ਐਚ.ਸੀ ਧਨੌਲਾ, 24 ਫਰਵਰੀ ਬਾਬਾ ਫੂਲ ਸਰਕਾਰੀ ਬਿਰਧ ਘਰ ਤਪਾ, 27 ਫਰਵਰੀ ਨੂੰ ਸੀ.ਐਚ.ਸੀ ਮਹਿਲ ਕਲਾਂ ਅਤੇ ਸੀ.ਐਚ.ਸੀ ਭਦੌੜ ਵਿੱਚ ਵੀ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਜ਼ਿਲ੍ਹੇ ਦੇ ਬਜ਼ੁਰਗਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ।

# ਨਵੇਂ ਵਾਈਐਸ ਕੈਂਪਸ 'ਚ ਵਾਈਐਸ ਗਰੁੱਪ ਨੇ ਕਿਡਜ਼ ਕਾਰਨੀਵਲ- 2026 ਕਰਵਾਇਆ




ਬਰਨਾਲਾ, 10 ਫਰਵਰੀ (ਇਸ਼ੇਨ ਕੰਗ) : ਵਾਈਐਸ ਗਰੁੱਪ ਵੱਲੋਂ ਆਪਣੇ ਨਵੇਂ ਤਿਆਰ ਹੋਏ ਨਵਾਂ ਵਾਈਐਸ ਕੈਂਪਸ ਵਿੱਚ ਕਿਡਜ਼ ਕਾਰਨੀਵਲ 2026 ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ 1000 ਤੋਂ ਵੱਧ ਬੱਚਿਆਂ ਨੇ ਆਪਣੇ ਪਰਿਵਾਰਾਂ ਅਤੇ ਮੈਨਟਰਾਂ ਨਾਲ ਭਾਗ ਲਿਆ। ਪੂਰਾ ਕੈਂਪਸ ਖੁਸ਼ੀਆਂ, ਰੰਗਾਂ ਅਤੇ ਬੱਚਿਆਂ ਦੀਆਂ ਮੁਸਕਾਨਾਂ ਨਾਲ ਰੌਣਕਦਾਰ ਬਣ ਗਿਆ। ਕਾਰਨੀਵਲ ਦੌਰਾਨ ਬੱਚਿਆਂ ਲਈ ਵੱਖ-ਵੱਖ ਖੇਡਾਂ, ਕ੍ਰੀਏਟਿਵ ਐਕਟਿਵਿਟੀ ਜ਼ੋਨ, ਮਨੋਰੰਜਕ ਗੇਮਾਂ ਅਤੇ ਇੰਟਰਐਕਟਿਵ ਲਰਨਿੰਗ ਕੋਰਨਰ ਬਣਾਏ ਗਏ, ਜਿੱਥੇ ਬੱਚਿਆਂ ਨੇ ਖੇਡ-ਖੇਡ ਵਿੱਚ ਸਿੱਖਿਆ। ਚੰਗੀ ਤਰ੍ਹਾਂ ਸੰਭਾਲੀਆਂ ਗਈਆਂ ਵਿਵਸਥਾਵਾਂ ਵਾਈਐਸ ਗਰੁੱਪ ਦੀ ਬੱਚਾ-ਮਿੱਤਰ ਸੋਚ ਨੂੰ ਦਰਸਾਉਂਦੀਆਂ ਹਨ। ਇਸ ਮੌਕੇ 'ਤੇ ਨਵਾਂ ਵਾਈਐਸ ਕੈਂਪਸ ਨੂੰ ਵੀ ਉਜਾਗਰ ਕੀਤਾ ਗਿਆ, ਜੋ ਫਿਨਲੈਂਡ ਦੀ ਸਿੱਖਿਆ ਪ੍ਰਣਾਲੀ ਤੋਂ ਪ੍ਰੇਰਿਤ ਹੈ—ਜੋ ਬੱਚਾ-ਕੇਂਦ੍ਰਿਤ, ਐਕਟਿਵਿਟੀ-ਅਧਾਰਿਤ ਅਤੇ ਤਣਾਅ-ਰਹਿਤ ਸਿੱਖਿਆ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ। ਆਧੁਨਿਕ ਢਾਂਚੇ ਅਤੇ ਖੁੱਲ੍ਹੇ ਲਰਨਿੰਗ ਏਰੀਆਜ਼ ਨਾਲ ਇਹ ਕੈਂਪਸ ਬੱਚਿਆਂ ਦੇ ਸਰਵਾਂਗੀਣ ਵਿਕਾਸ 'ਤੇ ਕੇਂਦ੍ਰਿਤ ਹੈ। ਕਿਡਜ਼ ਕਾਰਨੀਵਲ 2026 ਨੇ ਵਾਈਐਸ ਗਰੁੱਪ ਦੀ ਭਵਿੱਖੀ ਅਤੇ ਗਲੋਬਲ ਸਿੱਖਿਆ ਦ੍ਰਿਸ਼ਟੀ ਨੂੰ ਸਪਸ਼ਟ ਤੌਰ 'ਤੇ ਦਰਸਾਇਆ।

# ਸੂਬਾ ਪੱਧਰੀ ਸਾਇੰਸ ਮੁਕਾਬਲਿਆਂ ਵਿੱਚ ਛਾਇਆ ਫਰਵਾਹੀ ਸਕੂਲ ਦਾ ਵਿਦਿਆਰਥੀ




ਬਰਨਾਲਾ, 10 ਫਰਵਰੀ (ਚਮਕੌਰ ਸਿੰਘ ਗੱਗੀ) : ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਵਾਹੀ ਦੇ ਵਿਦਿਆਰਥੀ ਨੇ ਸੂਬਾ ਪੱਧਰੀ ਸਾਇੰਸ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਿਲ ਕੀਤਾ ਹੈ। ਮੈਰੀਟੋਰੀਅਸ ਸਕੂਲ ਪਟਿਆਲਾ ਵਿਖੇ ਰਾਸ਼ਟਰੀ ਆਵਿਸ਼ਕਾਰ ਅਭਿਆਨ ਤਹਿਤ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਮੁਕਾਬਲਿਆਂ ਵਿਚ ਸਕੂਲ ਦੇ 11ਵੀਂ ਜਮਾਤ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਵੀ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਮੈਡਮ ਨਿਦਾ ਅਲਤਾਫ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਭਜੋਤ ਕੌਰ, ਸ਼੍ਰੀਮਤੀ ਮਧੂ ਬਾਲਾ ਅਤੇ ਸ਼੍ਰੀਮਤੀ ਸ਼ਿਲਪਾ ਦੀ ਨਿਗਰਾਨੀ ਵਿਚ ਇਸ ਵਿਦਿਆਰਥੀ ਨੇ ਸਸਟੇਨੇਬਲ ਐਗਰੀਕਲਚਰ' ਵਿਸ਼ੇ 'ਤੇ ਬਣਾਏ ਮਾਡਲ ਰਾਹੀਂ ਇਹ ਮਾਣਮੱਤੀ ਪੁਜ਼ੀਸ਼ਨ ਹਾਸਿਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਅਕਾਦਮਿਕ ਅਤੇ ਸਹਿ-ਅਕਾਦਮਿਕ ਗਤੀਵਿਧੀਆਂ ਵਿਚ ਵੱਡੀਆਂ ਮੱਲਾਂ ਮਾਰਦੇ ਆ ਰਹੇ ਹਨ। ਵਿਦਿਆਰਥੀ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਨੀਤਇੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰਪਾਲ ਸਿੰਘ ਨੇ ਵਿਦਿਆਰਥੀ ਦੇ ਮਾਪਿਆਂ ਚਰਨਜੀਤ ਸਿੰਘ ਅਤੇ ਮਨਦੀਪ ਕੌਰ ਸਮੇਤ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਆਸ ਪ੍ਰਗਟਾਈ ਹੈ ਕਿ ਅੱਗੇ ਤੋਂ ਵੀ ਇਸ ਸਕੂਲ ਦੇ ਵਿਦਿਆਰਥੀ ਆਪਣੇ ਵਧੀਆ ਪ੍ਰਦਰਸ਼ਨ ਨਾਲ ਇਲਾਕੇ ਦਾ ਨਾਮ ਰੌਸ਼ਨ ਕਰਨਗੇ।

# ਸ਼ਿਵ ਮੰਦਿਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ ਭਦੌੜ ਨੇ ਸ਼ੋਭਾ ਯਾਤਰਾ ਕੱਢੀ



ਭਦੌੜ, 10 ਫਰਵਰੀ (ਸੁਖਵਿੰਦਰ ਪਲਾਹਾ) : ਪ੍ਰਾਚੀਨ ਸ੍ਰੀ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ (ਰਜ਼ਿ:) ਭਦੌੜ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ ਅਤੇ ਕ੍ਰਿਸ਼ਨ ਬਾਬਾ ਜੀ ਬਰਨਾਲੇ ਵਾਲਿਆਂ ਦੀ ਅਗਵਾਈ ਹੇਠ ਹਰ ਸਾਲ ਦੀ ਤਰਾਂ ਇਸ ਵਾਰ ਵੀ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਬੜੀ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਮਿਤੀ 15 ਫਰਵਰੀ ਦਿਨ ਐਤਵਾਰ ਨੂੰ ਪ੍ਰਾਚੀਨ ਸ੍ਰੀ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਭਦੌੜ ਵਿੱਚ ਮਨਾਇਆ ਜਾ ਰਿਹਾ ਹੈ । ਅੱਜ ਮਹਾਂ ਸ਼ਿਵਰਾਤਰੀ ਦੇ ਸਬੰਧ ਵਿੱਚ ਪ੍ਰਾਚੀਨ ਗਿਆਰਾ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ ਭਦੌੜ ਵੱਲੋਂ ਸਮੂਹ ਬਜਾਰਾਂ ਵਿੱਚ ਦੀ ਭਗਵਾਨ ਸ਼ਿਵ ਭੋਲੇ ਨਾਥ ਨਾਲ ਸਬੰਧਤ ਸ਼ੋਭਾ ਯਾਤਰਾ ਕੱਢੀ ਗਈ । ਅੱਜ ਜਿਉ ਹੀ ਬਜਾਰ ਵਿੱਚ ਸ਼ੋਭਾ ਯਾਤਰਾ ਪਹੁੰਚੀ ਤਾਂ ਬੜੀ ਸਰਧਾ ਭਾਵਨਾ ਨਾਲ ਦੁਕਾਨਦਾਰਾਂ ਨੇ ਨਿੱਘਾ ਸਵਾਗਤ ਕੀਤਾ । ਇਸ ਸਮੇ ਲਵ ਚੱਕਰਧਾਰੀ ਆਰਟ ਗਰੁੱਪ ਬਰਨਾਲਾ ਦੇ ਕਲਾਕਾਰ ਭਗਵਾਨ ਸ਼ਿਵ ਭੋਲੇ ਨਾਥ ਨਾਲ ਸਬੰਧਤ ਭਜਨ ਤੇ ਝਾਕੀਆਂ ਵਿਖਾ ਕੇ ਮਾਹੌਲ ਨੂੰ ਚਾਰ ਚੰਨ ਲਗਾ ਰਹੇ ਸਨ । ਇਸ ਸਮੇਂ ਸ੍ਰੀ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ (ਰਜ਼ਿ:) ਭਦੌੜ ਦੇ ਪ੍ਰਧਾਨ ਹੀਰਾ ਲਾਲ ਆੜਤੀਆ, ਜਗਸੀਰ ਚੰਦ, ਸ਼ੀਤਲ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਹਾਂ ਸ਼ਿਵਰਾਤਰੀ ਦੇ ਤਿਉਹਾਰ ਨੂੰ ਲੈਕੇ ਅੱਜ ਨਗਰ 'ਚ ਸੋਭਾ ਯਾਤਰਾ ਕੱਢੀ ਜਾ ਰਹੀ ਹੈ ਅਤੇ ਮਿਤੀ 14 ਫਰਵਰੀ ਨੂੰ ਸ੍ਰੀ ਗਿਆਰਾਂ ਰੁਦਰ ਸ਼ਿਵ ਮਿੰਦਰ ਪੱਥਰਾਂ ਵਾਲੀ ਭਦੌੜ 'ਚ ਤਰੌਦਸ਼ੀ ਮੇਲਾ ਮਨਾਇਆ ਜਾਵੇਗਾ ਅਤੇ ਰਾਤ ਨੂੰ 8 ਵਜੇ ਤੋਂ ਲੈਕੇ 12 ਵਜੇ ਤੱਕ ਸ਼ਿਵ ਜਾਗਰਣ ਹੋਵੇਗਾ, ਜਿਸ 'ਚ ਪੂਜਨ ਦੀ ਰਸਮ ਰਾਜੀਵ ਅਗਰਵਾਲ ਬਰਨਾਲੇ ਵਾਲੇ ਸਮੇਤ ਪਰਿਵਾਰ ਅਦਾ ਕਰਨਗੇ ਅਤੇ ਪੰਜਾਬ ਦੇ ਪ੍ਰਸਿੱਧ ਭਜਨ ਗਾਇਕ ਸ੍ਰੀ ਰਾਕੇਸ਼ ਰਾਧੇ ਭੋਲੇ ਸ਼ੰਕਰ ਜੀ ਦਾ ਗੁਣਗਾਣ ਕਰਨਗੇ । ਉਨ੍ਹਾ ਕਿਹਾ ਕਿ ਤਰੌਦਸੀ ਮੇਲੇ ਦੀ ਰਾਤ ਅਤੇ ਸ੍ਰੀ ਮਹਾਂ ਸ਼ਿਵਰਾਤਰੀ ਵਾਲੇ ਦਿਨ ਸ਼ਿਵ ਭਗਤਾ ਲਈ ਭੰਡਾਰਾ ਅਤੁੱਟ ਵਰਤੇਗਾ । ਇਸ ਮੌਕੇ ਇਸ ਮੌਕੇ ਸ੍ਰੀ ਗਿਆਰਾ ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ (ਰਜਿ:) ਪ੍ਰਬਧੰਕ ਕਮੇਟੀ ਭਦੌੜ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ, ਸ਼ੀਤਲ ਕੁਮਾਰ, ਜਗਸੀਰ ਚੰਦ, ਵਿਜੈ ਕੁਮਾਰ ਸਿੰਗਲਾ, ਪਵਨ ਕੁਮਾਰ ਪੱਪੂ, ਡਾ. ਸੰਜੀਵ ਕੁਮਾਰ, ਨਰੋਤਮ ਕੁਮਾਰ ਬੱਬੀ, ਰਵੀ ਬੱਤਾ, ਦੀਪਕ ਮਿੱਤਲ, ਸੰਜੀਵ ਕੁਮਾਰ ਸੋਨੂੰ ਕਪੜੇ ਵਾਲੇ ਆਦਿ ਤੋਂ ਇਲਾਵਾ, ਹਰੀਸ਼ ਕੁਮਾਰ ਗਰਗ, ਬੀਰਬਲ ਦਾਸ ਦੀਪਗੜ੍ਹ ਵਾਲੇ, ਗੁਰਦੀਪ ਕੁਮਾਰ ਦੀਪਾ, ਵਿਦਵਾਨ ਪੰਡਤ ਦੀਪਕ ਸਰਮਾ-ਬੋਨੀ, ਨੀਤਨ ਸਿੰਗਲਾ, ਪ੍ਰਵੀਨ ਕੁਮਾਰ ਗੌਤਮ, ਪਿ੍ਰੰਸ ਸੇਠੀ, ਲਵਲ ਕੁਮਾਰ ਲਾਲ੍ਹਾ, ਵਿਵੇਕ ਕੁਮਾਰ ਵਿੱਕੀ, ਪ੍ਰਮੋਦ ਕੁਮਾਰ ਸਿੰਗਲਾ, ਸੁਨੀਲ ਕੁਮਾਰ-ਕਾਲਾ (ਆੜ੍ਹਤੀਆ), ਸੁਰਿੰਦਰ ਸ਼ਰਮਾ, ਤਰਨਪ੍ਰੀਤ ਸਿੰਘ, ਸਵਾਸਤਿਕ ਗਰਗ, ਓਮ ਬੱਤਾ, ਵਾਰਿਸ ਆਦਿ ਹਾਜ਼ਿਰ ਸਨ।

# ਆਦਰਸ਼ ਸਕੂਲ ਕਾਲੇਕੇ ਵਿਖੇ ਬੱਚਿਆਂ ਨੂੰ ਫ਼ੌਜ ਵਿੱਚ ਭਰਤੀ ਸਬੰਧੀ ਦਿੱਤੀ ਜਾਣਕਾਰੀ



ਬਰਨਾਲਾ 10 ਫਰਵਰੀ (ਬਘੇਲ ਸਿੰਘ ਧਾਲੀਵਾਲ) : ਅੱਜ ਕਾਲੇਕੇ ਵਿਖੇ ਆਦਰਸ਼ ਸਕੂਲ ਦੇ ਦਸਵੀਂ ਗਿਆਰਵੀਂ ਅਤੇ ਬਾਰਵੀਂ ਕਲਾਸ ਦੇ ਬੱਚਿਆਂ ਨੂੰ ਫੌਜ ਵਿੱਚ ਭਰਤੀ ਬਾਬਤ ਜਾਣਕਾਰੀ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਦਿੱਤੀ ਗਈ ਇਸ ਮੌਕੇ ਬੱਚਿਆਂ ਨੂੰ ਏਅਰ ਫੋਰਸ ਨੇਵੀ ਅਤੇ ਆਰਮੀ ਵਿੱਚ ਕਿਵੇਂ ਭਰਤੀ ਹੋਣਾ ਹੈ ਖਾਸ ਕਰਕੇ ਫੌਜਾ ਵਿੱਚ ਕੁੜੀਆਂ ਵਾਸਤੇ ਕੈਰੀਅਰ ਸਬੰਧੀ ਜਾਣਕਾਰੀ ਦਿੱਤੀ ਗਈ ਆਰਮੀ ਵੱਲੋ ਹੌਲਦਾਰ ਬਸੰਤ ਸਿੰਘ ਨੇ ਏਅਰ ਫੋਰਸ ਵੱਲੋਂ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਨੇ ਅਤੇ ਨੇਵੀ ਬਾਬਤ ਕੈਪਟਨ ਸਿੱਧੂ ਨੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ ਉਹਨਾਂ ਕਿਹਾ ਕਿ ਆਰਮਡ ਫੋਰਸਿਜ਼ ਨੌਜਵਾਨ ਮੁੰਡੇ ਕੁੜੀਆਂ ਲਈ ਵਰਦਾਨ ਸਾਬਤ ਹੋਵੇਗੀ, ਕਿਉਂਕਿ ਫੌਜਾਂ ਵਿੱਚ ਬੱਚਿਆਂ ਨੂੰ ਦੇਸ਼ ਭਗਤੀ ਅਤੇ ਦੇਸ ਲਈ ਮਰ ਮਿਟਣ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਜਾਂਦਾ ਹੈ ।ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਨਾਲ ਰਹਿਣ ਦਾ ਸਬਕ ਸਿਖਾਇਆ ਜਾਂਦਾ ਹੈ ਉਹਨਾਂ ਦੱਸਿਆ ਕੇ ਫੌਜ ਵਿੱਚ ਭਰਤੀ ਹੋਣ ਉਪਰੰਤ ਕਿਹੜੇ ਕਿਹੜੇ ਲਾਭ ਨੌਜਵਾਨਾਂ ਅਤੇ ਉਹਨਾਂ ਦੇ ਨਾਲ ਜੁੜੇ ਪਰਿਵਾਰਾਂ ਨੂੰ ਮਿਲਣਗੇ। ਸਿੱਧੂ ਨੇ ਬੱਚਿਆਂ ਨੂੰ ਟਰੈਫਿਕ ਨਿਯਮਾਂ ਸਬੰਧੀ ਭੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਜੇਕਰ ਨੌਜਵਾਨ ਇਹਨਾਂ ਨਿਯਮਾਂ ਦੀ ਪਾਲਣਾ ਕਰਨਗੇ ਤਾਂ ਹਾਦਸੇ ਨਹੀਂ ਵਾਪਰਨਗੇ।ਇਸ ਮੌਕੇ ਸੂਬੇਦਾਰ ਸਵਰਨਜੀਤ ਸਿੰਘ ਭੰਗੂ ਗੁਰਮੀਤ ਸਿੰਘ ਧੌਲਾ ਅਤੇ ਗੁਰਦੇਵ ਸਿੰਘ ਮੱਕੜ ਆਦਿ ਹਾਜਰ ਸਨ।

# ਭਾਰਤੀ ਅੰਬੇਡਕਰ ਮਿਸ਼ਨ ਭਾਰਤ ਨੇ ਕੀਤੀ ਦੱਸਵੀਂ ਸੂਚੀ ਜਾਰੀ

## ਮਿਸ਼ਨ ਦਾ ਹਿੱਸਾ ਬਣਨ ਲਈ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ: ਦਰਸ਼ਨ ਕਾਂਗੜਾ



ਬਰਨਾਲਾ, 10 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਨਾਲ ਸਾਲ 2026 ਲਈ ਪੰਜਾਬ ਪ੍ਰਦੇਸ਼ ਵਿੱਚ ਯੂਥ ਵਿੰਗ ਦੇ 6 ਸੂਬਾ ਵਾਇਸ ਪ੍ਰਧਾਨ, 26 ਸੂਬਾ ਜਨਰਲ ਸਕੱਤਰ ਅਤੇ 38 ਸੂਬਾ ਸਕੱਤਰ ਨਿਯੁਕਤ ਕੀਤੇ ਗਏ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸੂਬਾ ਵਾਈਸ ਪ੍ਰਧਾਨਾਂ ਵਿੱਚ ਹਰਪ੍ਰੀਤ ਸਿੰਘ ਹੈਪੀ ਬਰਨਾਲਾ, ਰਾਜ ਸਿੰਘ ਸਰਵਰਪੁਰ ਮਲੇਰਕੋਟਲਾ, ਸਤਨਾਮ ਸਿੰਘ ਇੰਜੀਨੀਅਰ ਜਮਾਲਪੁਰਾ ਮਾਲੇਰਕੋਟਲਾ, ਰਣਜੀਤ ਸਿੰਘ ਗੋਲਡੀ ਭਾਦਸੋ ਪਟਿਆਲਾ, ਰਾਜਨ ਚੰਡਾਲੀਆ ਬਰਨਾਲਾ, ਇਸਲਾਮ ਮੰਡੀ ਅਹਿਮਦਗੜ੍ਹ ਅਤੇ ਸੂਬਾ ਜਨਰਲ ਸਕੱਤਰਾਂ ਵਿੱਚ ਅਮਨ ਸਿੱਖਨ ਸੁਨਾਮ, ਅਮਿਤ ਚੌਧਰੀ ਪਠਾਨਕੋਟ, ਡਾ ਵੀ ਕੇ ਸਿੰਘ ਸੰਗਰੂਰ, ਸਲਾਮਤ ਅਲੀ ਮਲੇਰਕੋਟਲਾ, ਕੁਲਬੀਰ ਸਿੰਘ ਟੋਨੀ ਕੋਈ ਸਾਹਿਬ, ਅਮਨਦੀਪ ਸਿੰਘ ਸਰਪੰਚ ਗੁਰਦਾਸਪੁਰ, ਨਿਰਮਲ ਸਿੰਘ ਮੈਂਬਰ ਜ਼ਿਲਾ ਪਰਿਸ਼ਦ ਮੁਕਤਸਰ ਸਾਹਿਬ, ਵਿਨੋਦ ਕੁਮਾਰ ਬੁਢਲਾਡਾ, ਹਰੀਸ਼ ਕੁਮਾਰ ਪਠਾਨਕੋਟ, ਤਰਸੇਮ ਸਿੰਘ ਮੌੜ ਮੰਡੀ, ਸੁਨੀਲ ਕੁਮਾਰ ਸੰਗਰੂਰ, ਸੁਸ਼ੀਲ ਕੁਮਾਰ ਮੈਂਬਰ ਜ਼ਿਲ੍ਹਾ ਪਰਿਸ਼ਦ ਪਠਾਨਕੋਟ, ਰਵੀ ਕੁਮਾਰ ਸੰਗਰੂਰ, ਗਗਨਦੀਪ ਸਿੰਘ ਲੁਧਿਆਣਾ, ਦਵਿੰਦਰ ਸਿੰਘ ਕੁੱਪ ਕਲਾਂ ਮਲੇਰਕੋਟਲਾ, ਵਿਕਰਮਜੀਤ ਸਿੰਘ ਮੁਕਤਸਰ ਸਾਹਿਬ, ਕਿਰਨ ਕੁਮਾਰੀ ਬਠਿੰਡਾ, ਰੁਪਿੰਦਰ ਸਿੰਘ ਟਿੱਬਾ ਸ਼ੇਰਪੁਰ, ਸਾਜਨ ਕਾਂਗੜਾ ਸੰਗਰੂਰ, ਦੀਪਕ ਰਾਏ ਸੰਗਰੂਰ, ਮਨੀਸ਼ ਭੱਟੀ ਆਦਮਪੁਰ ਜਲੰਧਰ, ਕੁਲਦੀਪ ਸਿੰਘ ਕਰਮਗੜ ਬਰਨਾਲਾ, ਸਿਮਰਨਜੀਤ ਸਿੰਘ ਸੰਗਰੂਰ, ਸੰਜੇ ਕਲਿਆਣ ਪਟਿਆਲਾ, ਗੁਰਲਾਲ ਸਿੰਘ ਰੰਧਾਵਾ ਅਤੇ ਦਰਸ਼ਨ ਸਿੰਘ ਫੱਲੇਵਾਲ ਤੋਂ ਇਲਾਵਾ ਸੂਬਾ ਸਕੱਤਰਾਂ ਵਿੱਚ ਅਨੂਜ ਕੁਮਾਰ ਸਾਹਨੇਵਾਲ ਲੁਧਿਆਣਾ, ਮਹੇਸ਼ ਕੁਮਾਰ ਲੁਧਿਆਣਾ, ਕੈਮੀ ਧੂਰੀ, ਅਰਵਿੰਦ ਸਿੰਘ ਐਸਬੀਐਸ ਨਗਰ ਨਵਾਂ ਸ਼ਹਿਰ, ਮਲਕੀਤ ਸਿੰਘ ਬਰਨਾਲਾ, ਦਿਨੇਸ਼ ਕੁਮਾਰ ਧਨੌਲਾ ਬਰਨਾਲਾ, ਦਰਸ਼ਨ ਸਿੰਘ ਰਾਹੋ ਲੁਧਿਆਣਾ, ਸੁਖਬੀਰ ਸਿੰਘ ਕਲੋਦੀ ਸੰਗਰੂਰ, ਗੁਰਪ੍ਰੀਤ ਸਿੰਘ ਬੜੀ ਮਾਨਸਾ, ਜਸਵੀਰ ਸਿੰਘ ਘਰਾਚੋਂ ਸੰਗਰੂਰ, ਗਗਨਦੀਪ ਸਿੰਘ ਬੁਢਲਾਡਾ ਮਾਨਸਾ, ਵਿਵੇਕ ਕੁਮਾਰ ਹੁਸ਼ਿਆਰਪੁਰ, ਗੁਰਸੇਵ ਕੌਰ ਐਸਏਐਸ ਨਗਰ ਮੋਹਾਲੀ, ਹਿਤੇਸ਼ ਕੁਮਾਰ ਪਠਾਨਕੋਟ, ਗੁਰਪ੍ਰੀਤ ਸਿੰਘ ਬਰਨਾਲਾ, ਰੋਸ਼ਨ ਸਿੰਘ ਕਾਂਝਲਾ, ਬੀਰਪਾਲ ਕੌਰ ਅਮਰਗੜ੍ਹ, ਤਰਸੇਮ ਸਿੰਘ ਖੇੜੀ ਗਿੱਲਾਂ, ਕ੍ਰਿਸ਼ਨ ਕੁਮਾਰ ਸੰਗਰੂਰ, ਹਰਸਿਮਰਨ ਸਿੰਘ ਕਪੂਰਥਲਾ, ਕਮਲਪ੍ਰੀਤ ਸਿੰਘ ਜੰਡੂ ਸੰਗਰੂਰ, ਮਨੋਜ ਕੁਮਾਰ ਗੋਨਿਆਣਾ ਮੰਡੀ ਬਠਿੰਡਾ, ਜਤਿੰਦਰ ਕੁਮਾਰ ਸੰਗਰੂਰ, ਵੀਰਪਾਲ ਕੌਰ ਭਵਾਨੀਗੜ੍ਹ, ਮਨੋਜ ਕੁਮਾਰ ਸੰਗਰੂਰ, ਮਨਦੀਪ ਕੌਰ ਦੁਗਰੀ ਲੁਧਿਆਣਾ, ਸਿਕੰਦਰ ਸਿੰਘ ਬਠਿੰਡਾ, ਨਾਨਕ ਸਿੰਘ ਸਿੱਧੂ ਬਰਨਾਲਾ, ਰਾਹੁਲ ਰੰਧਾਵਾ ਸੰਗਰੂਰ, ਵਰਿੰਦਰ ਸਿੰਘ ਨਵਾਂ ਸ਼ਹਿਰ, ਬਲਵਿੰਦਰ ਸਿੰਘ ਪਵਾਰ ਸੰਗਰੂਰ, ਆਕਾਸ਼ ਧਾਲੀਵਾਲ ਸੰਗਰੂਰ, ਸੁਖਵਿੰਦਰ ਸੁੱਖੀ ਸੰਗਰੂਰ, ਖੁਸ਼ਪ੍ਰੀਤ ਕੌਰ ਮੁਕਤਸਰ ਸਾਹਿਬ, ਹਰਪ੍ਰੀਆ ਹਰਸ਼ੂ ਪਟਿਆਲਾ, ਹਿਮਾਂਸ਼ੂ ਗੋਇਲ ਧਨੌਲਾ ਅਤੇ ਗੁਰਜਤਿੰਦਰ ਸਿੰਘ ਬਾਠਾਂ ਸ਼ਾਮਿਲ ਹਨ। ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਮਿਸ਼ਨ ਦਾ ਹਿੱਸਾ ਬਣਨ ਲਈ ਨੌਜਵਾਨਾਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।



# ਪਟਿਆਲਾ-ਆਸ/ਪਾਸ



## 'ਅਪ੍ਰੇਸ਼ਨ ਪ੍ਰਹਾਰ-2' ਤਹਿਤ ਛਾਪੇਮਾਰੀ

### ਅਪਰਾਧਾਂ 'ਚ ਸ਼ਾਮਲ 76 ਵਿਅਕਤੀ ਕਾਬੂ : ਗਗਨ ਅਜੀਤ ਸਿੰਘ



ਮਲੇਰਕੋਟਲਾ, 10 ਫਰਵਰੀ (ਬਲਜੀਤ ਸਿੰਘ ਟਿੱਬਾ) : ਪੰਜਾਬ ਰਾਜ ਨੂੰ ਗੈਂਗਸ਼ਟਰਵਾਦ ਅਤੇ ਸੰਗਠਿਤ ਅਪਰਾਧ ਤੋਂ ਮੁਕਤ ਕਰਨ ਲਈ ਪੰਜਾਬ ਸਰਕਾਰ ਅਤੇ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਵੱਲੋਂ ਚਲਾਈ ਜਾ ਰਹੀ ਗੈਂਗਸ਼ਟਰਾਂ @ਤੇ ਵਾਰ ਮੁਹਿੰਮ ਤਹਿਤ ਮਾਲੇਰਕੋਟਲਾ ਪੁਲਸ ਵੱਲੋਂ ਸਖਤ ਨੀਤੀ ਅਪਣਾਉਂਦੇ ਹੋਏ 72 ਘੰਟਿਆਂ ਲਈ ਵਿਸ਼ੇਸ਼ ਕਾਰਵਾਈ ਅਪ੍ਰੇਸ਼ਨ ਪਰਹਾਰ-2 ਦੀ ਸ਼ੁਰੂਆਤ ਕੀਤੀ ਗਈ।ਇਸ ਅਪ੍ਰੇਸ਼ਨ ਦਾ ਮਕਸਦ ਜ਼ਿਲ੍ਹੇ ਅੰਦਰ ਸਰਗਰਮ ਗੈਂਗਸ਼ਟਰਾਂ, ਉਨ੍ਹਾਂ ਦੇ ਸਹਿਯੋਗੀਆਂ ਅਤੇ ਹੋਰ ਗੰਭੀਰ ਅਪਰਾਧਾਂ @ਚ ਸ਼ਾਮਲ ਗਲਤ ਤੱਤਾਂ ਉੱਪਰ ਨਕੇਲ ਕਸਣਾ ਹੈ।ਇਸ ਅਹਿਮ ਅਤੇ ਸੰਵੇਦਨਸ਼ੀਲ ਕਾਰਵਾਈ ਦੀ ਅਗਵਾਈ ਜ਼ਿਲ੍ਹਾ ਪੁਲਸ ਮੁਖੀ ਗਗਨ ਅਜੀਤ ਸਿੰਘ ਖੁਦ ਕਰ ਰਹੇ ਹਨ। ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਅਧੀਨ ਮਾਲੇਰਕੋਟਲਾ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ 'ਚ ਮਾੜੇ ਅਨਸਰਾਂ @ਤੇ ਛਾਪੇਮਾਰੀ ਕਰਨ ਦੇ ਨਾਲ-ਨਾਲ ਨਾਕਾਬੰਦੀ ਕਰਕੇ ਆਮ ਲੋਕਾਂ ਦੇ ਵਾਹਨਾਂ ਸਮੇਤ ਵੀ.ਆਈ.ਪੀ. ਨੰਬਰਾਂ ਵਾਲੀਆਂ ਗੱਡੀਆਂ ਦੀ ਵੀ ਬਿਨਾਂ ਕਿਸੇ ਭੇਦਭਾਵ ਦੇ ਗਹਿਰਾਈ ਨਾਲ ਤਲਾਸ਼ੀ ਲਈ ਜਾ ਰਹੀ ਹੈ, ਤਾਂ ਜੋ ਕਿਸੇ ਵੀ ਤਰ੍ਹਾਂ ਦੇ ਮਾੜੇ ਅਨਸਰ ਨੂੰ ਕਾਨੂੰਨ ਦੀ ਪਕੜ ਤੋਂ ਬਚਣ ਦਾ ਮੌਕਾ ਨਾ ਮਿਲ ਸਕੇ। ਸਥਾਨਕ ਸੱਟਾ ਚੌਂਕ ਤੋਂ ਪੈਦਲ ਫਲੈਗ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਗਗਨ ਅਜੀਤ ਨੇ ਦੱਸਿਆ ਕਿ ਅਪ੍ਰੇਸ਼ਨ ਪਰਹਾਰ-2 ਤਹਿਤ ਮਾਲੇਰਕੋਟਲਾ ਪੁਲਸ ਵੱਲੋਂ ਪੂਰੀ ਯੋਜਨਾਂ ਅਤੇ ਰਣਨੀਤੀ ਨਾਲ ਵੱਡੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ ।ਇਸ ਵਿਸ਼ੇਸ਼ ਅਪ੍ਰੇਸ਼ਨ ਲਈ ਐਸ.ਪੀ. ਹੈੱਡ ਕੁਆਰਟਰ, ਐਸ.ਪੀ. ਇਨਵੈਸਟੀਗੇਸ਼ਨ, ਜ਼ਿਲੇ ਭਰ ਦੇ ਡੀ.ਐਸ.ਪੀਜ਼, ਥਾਣਾ-ਚੌਂਕੀਆਂ ਦੇ ਮੁਖੀ, ਜ਼ਿਲ੍ਹਾ ਸਪੈਸ਼ਲ ਸਟਾਫ ਅਤੇ ਸੈਂਕੜੇ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਐਸ.ਐਸ.ਪੀ. ਗਗਨ ਅਜੀਤ ਨੇ ਕਿਹਾ ਕਿ ਅਪ੍ਰੇਸ਼ਨ ਪਰਹਾਰ-2 ਦੇ ਤਹਿਤ ਹੁਣ ਤੱਕ ਜ਼ਿਲ੍ਹਾ ਮਾਲੇਰਕੋਟਲਾ 'ਚੋਂ ਗੈਂਗਸਟਰਵਾਦ ਅਤੇ ਹੋਰ ਗੰਭੀਰ ਅਪਰਾਧਾਂ 'ਚ ਸ਼ਾਮਲ 76 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ । ਇਸ ਮੌਕੇ ਐਸ.ਪੀ. ਇਨਵੈਸਟੀਗੇਸ਼ਨ ਸੱਤਪਾਲ ਸ਼ਰਮਾ, ਡੀ. ਐਸ.ਪੀ.ਮਾਲੇਰਕੋਟਲਾ ਮਾਨਵਜੀਤ ਸਿੰਘ, ਡੀ.ਐਸ.ਪੀ. ਯਾਦਵਿੰਦਰ ਸਿੰਘ, ਸਾਈਬਰ ਸੈੱਲ ਥਾਣੇ ਦੇ ਮੁਖੀ ਮਨਜੋਤ ਸਿੰਘ, ਥਾਣਾ ਸਿਟੀ-2 ਦੇ ਮੁੱਖ ਅਫਸਰ ਦਰਸ਼ਨ ਸਿੰਘ, ਜ਼ਿਲਾ ਟਰੈਫਿਕ ਇੰਚਾਰਜ ਬਲਵੀਰ ਸਿੰਘ, ਮਾਲੇਰਕੋਟਲਾ ਸਿਟੀ ਟਰੈਫਿਕ ਇੰਚਾਰਜ ਗੁਰਮੁੱਖ ਸਿੰਘ ਲਾਡੀ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

## ਮਲੇਰਕੋਟਲਾ ਹਸਪਤਾਲ ਨੂੰ ਮਿਲੇ ਦੋ ਨਵੇਂ ਮਹਿਲਾ ਡਾਕਟਰ

ਮਲੇਰਕੋਟਲਾ, 10 ਫਰਵਰੀ (ਬਲਜੀਤ ਸਿੰਘ ਟਿੱਬਾ) : ਜ਼ਿਲ੍ਹਾ ਹਸਪਤਾਲ ਵਿੱਚ ਹਲਕੇ ਦੇ ਲੋਕਾਂ ਨੂੰ ਆਧੁਨਿਕ ਸਿਹਤ ਸਹੂਲਤਾਂ ਦੇਣ ਲਈ ਦੋ ਲੇਡੀਜ਼ ਡਾਕਟਰ, ਇੱਕ ਪੇਟ ਤੇ ਅਪ੍ਰੇਸ਼ਨਾਂ ਦੇ ਮਾਹਿਰ ਜਰਨਲ ਸਰਜਨ ਤੇ ਦੋ ਮੈਡੀਸਨ ਐਮ ਡੀ ਡਾਕਟਰਾਂ ਨੇ ਆਪਣੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧੀ ਜ਼ਿਲ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਵਿੰਦਰ ਸਿੰਘ ਅਨੁਸਾਰ ਸਰਕਾਰ ਦੇ ਸਿਹਤ ਵਿਭਾਗ ਨੇ ਮਹਿਲਾਵਾਂ ਦੇ ਜਣੇਪਾ ਤੇ ਮੁੱਢਲੇ ਰੋਗਾਂ ਦੇ ਵਧੀਆ ਤੇ ਪੁਖ਼ਤਾ ਇਲਾਜ ਲਈ ਦੋ ਮਹਿਲਾ,ਦੋ ਐਮ.ਡੀ. ਮੈਡੀਸਨ ਤੇ ਇੱਕ ਪੇਟ ਤੇ ਅਪ੍ਰੇਸ਼ਨਾਂ ਦੇ ਮਾਹਿਰ ਜਰਨਲ ਸਰਜਨ ਡਾਕਟਰਾਂ ਦੀ ਆਰਜ਼ੀ ਤੌਰ 'ਤੇ ਨਿਯੁਕਤੀ ਕਰਨ ਦੇ ਆਦੇਸ਼ ਜਾਰੀ ਕੀਤੇ ਹਨ, ਜਿਸ ਦੇ ਚੱਲਦਿਆਂ ਇਸ ਜ਼ਿਲ੍ਹਾ ਹਸਪਤਾਲ ਵਿੱਚ ਦੋਵੇਂ ਮਹਿਲਾਵਾਂ ਦੀ ਮਾਹਿਰ ਡਾਕਟਰ ਸ਼ਸ਼ੀ ਜਿੰਦਲ ਤੇ ਡਾ. ਨੇਹਾ ਗੁਪਤਾ ਨੇ ਆਪਣੀਆਂ ਆਪਣੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਮੈਡੀਸਿਨ ਦੇ ਡਾ. ਚਰਨਦੀਪ ਸਿੰਘ ਤੇ ਡਾ. ਗੁਰਜੀਤ ਸਿੰਘ ਅਤੇ ਡਾ. ਗੁੰਜਨ ਗੁਪਤਾ ਪੇਟ ਤੇ ਅਪ੍ਰੇਸ਼ਨਾਂ ਦੇ ਮਾਹਿਰ ਸਰਜਨ ਨੇ ਵੀ ਆਪਣੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ।ਉਨ੍ਹਾਂ ਦੱਸਿਆ ਕਿ ਦੋਵੇਂ ਮਹਿਲਾ ਡਾਕਟਰ ਹਸਪਤਾਲ ਵਿੱਚ ਸਵੇਰੇ 9 ਵਜੇ ਤੋਂ 12 ਵਜੇ ਤੱਕ ਮਹਿਲਾ ਮਰੀਜ਼ਾਂ ਦੀ ਜਾਂਚ ਕਰਕੇ ਬਣਦਾ ਇਲਾਜ ਕਰਨਗੇ। ਡਾ. ਸੁਖਵਿੰਦਰ ਸਿੰਘ ਅਨੁਸਾਰ ਹਸਪਤਾਲ ਵਿੱਚ ਜਿੱਥੇ ਜਣੇਪਾ ਮਰੀਜ਼ਾਂ ਨੂੰ ਬਣਦੀਆਂ ਮੁਫ਼ਤ ਤੇ ਮਿਆਰੀ ਸਹੂਲਤਾਂ ਦਿੱਤੀਆਂ ਜਾਣਗੀਆਂ । ਡਾ. ਅਬਦੁਲ ਕਲਾਮ ਵੈਲਫੇਅਰ ਕਲੱਬ ਦੇ ਪ੍ਰਧਾਨ ਮੁਹੰਮਦ ਸ਼ਮਸ਼ਾਦ ਝੋਕ ਨੇ ਡਾਕਟਰਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ।

## ਸੰਤ ਬਾਬਾ ਮੱਘਰ ਸਿੰਘ ਜੀ ਦੀ ਯਾਦ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ



ਸ਼ੇਰਪੁਰ, 10 ਫਰਵਰੀ (ਬਲਜੀਤ ਸਿੰਘ ਟਿੱਬਾ) : ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਸਾਹਿਬ ਸ਼ੇਰਪੁਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਦੇ ਸਹਿਯੋਗ ਨਾਲ ਸੰਤ ਬਾਬਾ ਮੱਘਰ ਸਿੰਘ ਜੀ ਰਾਮਗੜ੍ਹ ਭੁੱਲਰਾਂ ਵਾਲਿਆਂ ਦੀ ਯਾਦ ਵਿੱਚ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜੋ ਗੁਰਦੁਆਰਾ ਅਕਾਲ ਪ੍ਰਕਾਸ਼ ਸਾਹਿਬ ਤੋਂ ਆਰੰਭ ਹੋ ਕੇ ਸ਼ਾਮ ਤੱਕ ਗੁਰਦੁਆਰਾ ਸਾਹਿਬ ਵਾਪਿਸ ਪਹੁੰਚਿਆ।ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਗਜੀਤ ਸਿੰਘ ਵੱਲੋਂ ਕੀਰਤਨ ਰਾਹੀਂ ਅਤੇ ਪਹੁੰਚੇ ਹੋਏ ਕਵੀਸ਼ਰ ,ਢਾਡੀ ਜੱਥਿਆਂ ਵੱਲੋਂ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਨਗਰ ਕੀਰਤਨ ਦਾ ਜਿੱਥੇ ਵੱਖ-ਵੱਖ ਪੜਾਵਾਂ ਦੇ ਭਰਮਾਂ ਸਵਾਗਤ ਕੀਤਾ ਗਿਆ। ਉਥੇ ਸੰਗਤਾਂ ਲਈ ਚਾਹ ਭੁਜੀਆ ਬਦਾਣਾ, ਬਰੈਡ ਆਦਿ ਦੇ ਲੰਗਰ ਵੀ ਲਗਾਏ ਗਏ ਨਗਰ ਕੀਰਤਨ ਦੌਰਾਨ ਫੌਜੀ ਬੈਂਡ ਅਤੇ, ਗੱਤਕਾ ਪਾਰਟੀਆਂ ਵੱਲੋਂ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਗਏ। ਇਸ ਮੌਕੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮਹਿਲਕਲਾਂ ਦੇ ਇੰਚਾਰਜ ਸਰਪੰਚ ਨਾਥ ਸਿੰਘ ਹਮੀਦੀ, ਸਿੱਖ ਬੁੱਧੀਜੀਵੀ ਮੰਚ ਦੇ ਸੂਬਾ ਪ੍ਰਧਾਨ ਮਾਸਟਰ ਹਰਬੰਸ ਜੀ ਸ਼ੇਰਪੁਰ, ਬੀ ਸੀ ਵਿੰਗ ਦੇ ਹਲਕਾ ਪ੍ਰਧਾਨ ਕੁਲਵੰਤ ਸਿੰਘ ਜਗਦੇਵ, ਸਰਕਲ ਪ੍ਰਧਾਨ ਜਗਦੇਵ ਸਿੰਘ ਬਧੇਸਾ, ਯੂਥ ਆਗੂ ਸਗਨਦੀਪ ਸਿੰਘ , ਅਕਾਸਦੀਪ ਸਿੰਘ ਸਾਬਕਾ ਸਰਪੰਚ ਰਣਜੀਤ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਜੀ ਗਾਂਧੀ, ਸਾਬਕਾ ਪ੍ਰਧਾਨ ਸਵਰਨ ਸਿੰਘ ਬੜਿੰਗ, ਮਲਕੀਤ ਸਿੰਘ ਥਿੰਦ, ਸਾਬਕਾ ਪ੍ਰਧਾਨ ਅਮਰੀਕ ਸਿੰਘ ਜਵੰਧਾ, ਤੇਜਿੰਦਰ ਸਿੰਘ ਬੜਿੰਗ ਤੋਂ ਇਲਾਵਾ ਵੱਡੀ ਗਿਣਤੀ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਸ੍ਰੀ ਗੁਰੂ ਹਰਿਰਾਇ ਜੀ ਦੇ ਪ੍ਰਕਾਸ਼ ਦਿਹਾੜੇ ਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ 'ਚ ਮਹਾਨ ਗੁਰਮਤਿ ਸਮਾਗਮ

### ➢ਮੈਡੀਕਲ ਕੈਂਪ ਦੌਰਾਨ ਡਾ.ਦੀਪ ਸਿੰਘ ਤੇ ਹੋਰ ਡਾਕਟਰ ਸਨਮਾਨਿਤ



ਪਟਿਆਲਾ, 10 ਫਰਵਰੀ (ਰੁਪਾਣਾ) : ਧੰਨ-ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਮਹਾਨ ਗੁਰਮਤਿ ਸਮਾਗਮ ਧਰਮਪੁਰਾ ਬਾਜ਼ਾਰ ਦੇ ਖੁੱਲੇ ਪੰਡਾਲ ਵਿਖੇ ਸਮੂਹ ਸਾਧ ਸੰਗਤ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਹ ਸਮਾਗਮ ਵਿੱਚ ਕੌਮ ਦੀਆਂ ਮਹਾਨ ਸ਼ਖਸੀਅਤਾਂ ਨੇ ਭਾਗ ਲਿਆ। ਭਾਈ ਭੁਪਿੰਦਰ ਸਿੰਘ ਜੀ ਗੁਰੂ ਕਾਂਸ਼ੀ ਵਾਲੇ ਭਾਈ ਦਵਿੰਦਰ ਸਿੰਘ ਜੀ ਸੋਹਾਣਾ ਸਾਹਿਬ ਵਾਲੇ ਗਿਆਨੀ ਪਿੰਦਰਪਾਲ ਸਿੰਘ ਜੀ ਕਥਾ ਵਾਚਕ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲੇ ਭਾਈ ਰਵਿੰਦਰ ਸਿੰਘ ਜੀ ਦਰਬਾਰ ਸਾਹਿਬ ਵਾਲੇ ਭਾਈ ਗੁਰਦੇਵ ਸਿੰਘ ਜੀ ਆਸਟਰੇਲੀਆ ਵਾਲੇ ਸੰਗਤਾਂ ਨੂੰ ਕਥਾ ਅਤੇ ਕੀਰਤਨ ਨਾਲ ਨਿਹਾਲ ਕੀਤਾ। ਇਸ ਸਮਾਗਮ ਵਿੱਚ ਸੰਗਤਾਂ ਦੀ ਸਹੂਲਤ ਲਈ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਅਖਿਲ ਗਰਗ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ. ਰਾਜਨਦੀਪ ਸਿੰਘ ਸੇਠੀ ਕੈਂਸਰ ਦੇ ਰੋਗਾਂ ਦੇ ਮਾਹਿਰ ਡਾ. ਦੀਪਿੰਦਰ ਸਿੰਘ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ. ਇੰਦਰਜੀਤ ਕੌਰ ਜਨਰਲ ਰੋਗਾਂ ਦੇ ਮਾਹਿਰ ਡਾ. ਨਵਜੋਤ ਕੌਰ ਕੈਂਸਰ ਪੈਥੋਲੋਜਿਸਟ ਡਾ. ਦੀਪ ਸਿੰਘ ਗੁਰੂ ਨਾਨਕ ਦੇਵ ਡੈਂਟਲ ਕੇਅਰ ਫੈਕਟਰੀ ਏਰੀਆ ਉਪਕਾਰ ਨਗਰ ਵਾਲੇ ਦੰਦਾਂ ਦੇ ਰੋਗਾਂ ਦੇ ਮਾਹਿਰ ਨੇ ਭਾਗ ਲਿਆ ਅਤੇ ਇਸ ਕੈਂਪ ਵਿੱਚ ਟੀਮ ਸਿੰਘ ਸੇਵਾ ਫਾਊਂਡੇਸ਼ਨ ਵੱਲੋਂ ਫਰੀ ਟੈਸਟ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮਨਜੋਤ ਸਿੰਘ ਭੰਡਾਰੀ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਕੈਂਪ ਵਿੱਚ ਮੋਹਿਤ, ਹਰਮਨਪ੍ਰੀਤ ਸਿੰਘ ਨਰਿੰਦਰ ਸਿੰਘ ਐਡਵੋਕੇਟ ਗੁਰਿੰਦਰ ਸਿੰਘ ਹਰਿੰਦਰ ਸਿੰਘ ਜੋਗੀਪੁਰ ਅਤੇ ਸਮੂਹ ਮੈਂਬਰ ਸਾਹਿਬ ਹਾਜ਼ਰ ਸਨ।

## ਕਾਂਗਰਸ ਆਗੂਆਂ ਦੀ ਦਲਿਤ ਵਿਰੋਧੀ ਭਾਸ਼ਾ ਖ਼ਿਲਾਫ਼ ਚੰਡੀਗੜ੍ਹ 'ਚ 'ਆਪ' ਦਾ ਪ੍ਰਦਰਸ਼ਨ

### ➢ਬਾਜਵਾ ਅਤੇ ਵੜਿੰਗ ਦੇ ਅਪਮਾਨਜਨਕ ਬਿਆਨਾਂ ਖ਼ਿਲਾਫ਼ ਰੋਸ ਦੌਰਾਨ ਹੰਗਾਮਾ
### ➢ਸੂਬਾ ਸਕੱਤਰ ਅਤੇ ਡਿਪਟੀ ਮੇਅਰ ਪਟਿਆਲਾ ਜਗਦੀਪ ਜੱਗਾ ਜ਼ਖ਼ਮੀ

ਪਟਿਆਲਾ, 10 ਫਰਵਰੀ (ਰੁਪਾਣਾ) : ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਖ਼ਿਲਾਫ਼ ਵਰਤੀ ਗਈ ਘਟੀਆ, ਅਪਮਾਨਜਨਕ ਅਤੇ ਦਲਿਤ ਵਿਰੋਧੀ ਭਾਸ਼ਾ ਦੇ ਵਿਰੋਧ ਵਿੱਚ ਅੱਜ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਵਿਖੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ 'ਆਪ' ਦੇ ਵਿਧਾਇਕਾਂ, ਮੰਤਰੀਆਂ, ਪਾਰਟੀ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਪ੍ਰਦਰਸ਼ਨ ਦੌਰਾਨ ਹਾਲਾਤ ਉਸ ਸਮੇਂ ਤਣਾਅਪੂਰਨ ਹੋ ਗਏ ਜਦੋਂ ਧੱਕਾ-ਮੁੱਕੀ ਦੌਰਾਨ ਜਗਦੀਪ ਸਿੰਘ ਜੱਗਾ, ਜੋ ਕਿ ਡਿਪਟੀ ਮੇਅਰ ਪਟਿਆਲਾ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਸਕੱਤਰ ਵੀ ਹਨ, ਦੀ ਅੱਖ ਵਿੱਚ ਗੰਭੀਰ ਚੋਟ ਲੱਗ ਗਈ। ਜਗਦੀਪ ਜੱਗਾ ਨੂੰ ਤੁਰੰਤ ਚੰਡੀਗੜ੍ਹ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰਾਂ ਦੇ ਮੁਤਾਬਕ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। 'ਆਪ' ਆਗੂਆਂ ਨੇ ਦੋਸ਼ ਲਗਾਇਆ ਕਿ ਰਾਜਾ ਵੜਿੰਗ ਅਤੇ ਪ੍ਰਤਾਪ ਬਾਜਵਾ ਵੱਲੋਂ ਮੰਤਰੀ ਹਰਭਜਨ ਸਿੰਘ ਈਟੀਓ ਖ਼ਿਲਾਫ਼ ਵਰਤੀ ਗਈ ਭਾਸ਼ਾ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਪੂਰੇ ਦਲਿਤ ਸਮਾਜ ਦਾ ਅਪਮਾਨ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਪ੍ਰਤਾਪ ਬਾਜਵਾ ਅਤੇ ਰਾਜਾ ਵੜਿੰਗ ਤੁਰੰਤ ਪੰਜਾਬ ਦੇ ਲੋਕਾਂ ਅਤੇ ਦਲਿਤ ਸਮਾਜ ਤੋਂ ਮਾਫ਼ੀ ਮੰਗਣ। ਇਸ ਤੋਂ ਇਲਾਵਾ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਆਗੂ ਇਸ ਤਰ੍ਹਾਂ ਦੀ ਘਟੀਆ ਭਾਸ਼ਾ ਵਰਤਣ ਦੀ ਹਿੰਮਤ ਨਾ ਕਰੇ। 'ਆਪ' ਦੇ ਵਿਧਾਇਕਾਂ ਅਤੇ ਮੰਤਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਲਿਤ ਸਮਾਜ ਦੇ ਸਨਮਾਨ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੇ ਹੱਕਾਂ ਦੀ ਰੱਖਿਆ ਕਰ ਰਹੀ ਹੈ ਅਤੇ ਸਮਾਜ ਵਿੱਚ ਬਰਾਬਰੀ ਦਾ ਮਾਹੌਲ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।



## ਕਮਾਨੀਦਾਰ ਚਾਕੂ ਬ੍ਰਾਮਦ

ਪਟਿਆਲਾ, 10 ਫਰਵਰੀ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਮੋਹਿਤ ਕੁਮਾਰ ਵਾਸੀ ਨਿਊ ਮਾਲਵਾ ਕਲੋਨੀ ਨੇੜੇ ਨਗਰ ਖੇੜਾ ਟੈਂਪੂ ਵਾਲੀ ਗਲੀ ਵਿਰੁੱਧ ਧਾਰਾ 25, 54, 59 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਸ਼ੇਰ ਬਹਾਦਰ ਸਮੇਤ ਪੁਲਿਸ ਪਾਰਟੀ ਰੰਗੇ ਸ਼ਾਹ ਕਲੋਨੀ ਪਟਿਆਲਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 1 ਬਟਨ ਵਾਲਾ ਕਮਾਨੀਦਾਰ ਚਾਕੂ ਬ੍ਰਾਮਦ ਹੋਇਆ।

## 25 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 10 ਫਰਵਰੀ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਰਾਜੂ ਸਿੰਘ ਵਾਸੀ ਪਿੰਡ ਰਾਮਨਗਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਦਰਸ਼ਨ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਬੀਬੀਪੁਰ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਸੂਆ ਪੁਲੀ ਪਿੰਡ ਬੀਬੀਪੁਰ ਪਾਸ ਨਾਕਾਬੰਦੀ ਕਰਕੇ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 25 ਬੋਤਲਾਂ ਸ਼ਰਾਬ ਨਾਜਾਇਜ਼ ਬ੍ਰਾਮਦ ਹੋਈ।

## ਕਸਬਾ ਸਨੌਰ ਦੀ ਨੁਹਾਰ ਬਦਲਣ ਲਈ ਰਣਜੋਧ ਸਿੰਘ ਹਡਾਣਾ ਨੇ ਡੇਢ ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦੇ ਰੱਖੇ ਨੀਂਹ ਪੱਥਰ



ਦੇਵੀਗੜ੍ਹ/ਸਨੌਰ, 10 ਫ਼ਰਵਰੀ (ਗੁਰਜੀਤ ਸਿੰਘ ਢੋਟ/ਪ੍ਰਥਮ ਕੁਮਾਰ) : ਹਲਕਾ ਸਨੌਰ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਉਣ ਦੇ ਮਕਸਦ ਨਾਲ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਕਸਬਾ ਸਨੌਰ ਵਿਖੇ ਵਿਕਾਸ ਕਾਰਜਾਂ ਦੀ ਝੜੀ ਲਗਾਤਾਰ ਜਾਰੀ ਹੈ। ਦੱਸ ਦਈਏ ਕਿ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਦਾ ਓਟ ਆਸਰਾ ਲੈਣ ਉਪਰੰਤ ਹਡਾਣਾ ਨੇ ਸਥਾਨਕ ਆਗੂਆਂ ਅਤੇ ਨਿਵਾਸੀਆਂ ਦੀ ਹਾਜ਼ਰੀ ਵਿੱਚ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਮਹੱਤਵਪੂਰਨ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ। ਇਨ੍ਹਾਂ ਪ੍ਰੋਜੈਕਟਾਂ ਦੇ ਸ਼ੁਰੂ ਹੋਣ ਨਾਲ ਕਸਬਾ ਸਨੌਰ ਦੀਆਂ ਪੁਰਾਣੀਆਂ ਮੁਸ਼ਕਲਾਂ ਦਾ ਹੱਲ ਹੋਵੇਗਾ ਅਤੇ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਦੇ ਪ੍ਰਧਾਨ ਪ੍ਰਦੀਪ ਜੋਸਨ, ਈ ਓ ਲਖਬੀਰ ਸਿੰਘ ਅਤੇ ਹੋਰ ਸਥਾਨਕ ਆਗੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਦੱਸਣਯੋਗ ਹੈ ਕਿ ਹਡਾਣਾ ਅਤੇ ਸਥਾਨਕ ਆਗੂਆਂ ਵੱਲੋਂ ਕਸਬੇ ਦੀ ਫਿਰਨੀ ਵਿਖੇ ਪਾਣੀ ਦੇ ਹੱਲ ਲਈ ਅੰਡਰਗਰਾਊਂਡ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਦੇ ਨਾਲ ਹੀ ਇਲਾਕੇ ਦੀ ਸ਼ਾਨ ਕਹੇ ਜਾਣ ਵਾਲੇ ਸ਼ਹੀਦ ਊਧਮ ਸਿੰਘ ਪਾਰਕ ਦੇ ਰਹਿੰਦੇ ਕੰਮਾਂ ਅਤੇ ਇਸ ਦੀ ਰੇਨੋਵੇਸ਼ਨ (ਨਵੀਨੀਕਰਨ) ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤੋਂ ਇਲਾਵਾ ਸਮਾਜਿਕ ਸਮਾਗਮਾਂ ਲਈ ਲੋਕਾਂ ਦੀ ਸਹੂਲਤ ਵਾਸਤੇ ਵਿਸ਼ਵਕਰਮਾ ਭਵਨ ਵਿਖੇ ਇੱਕ ਆਧੁਨਿਕ ਕਮਿਊਨਿਟੀ ਸੈਂਟਰ ਬਣਾਉਣ ਦੇ ਕੰਮਾਂ ਦਾ ਵੀ ਨੀਂਹ ਪੱਥਰ ਰੱਖਿਆ ਗਿਆ, ਜਿਸ ਦੀ ਮੰਗ ਇਲਾਕਾ ਨਿਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਨਿਸ਼ਾਨਾ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਕਸਬਾ ਸਨੌਰ ਦੇ ਵਿਕਾਸ ਲਈ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ। ਹਡਾਣਾ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਜਨਤਾ ਦਾ ਪੈਸਾ ਹੈ ਅਤੇ ਇਸ ਦੀ ਵਰਤੋਂ ਪੂਰੀ ਪਾਰਦਰਸ਼ਤਾ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਖ਼ੁਦ ਸਮੇਂ-ਸਮੇਂ 'ਤੇ ਇਨ੍ਹਾਂ ਕੰਮਾਂ ਦੀ ਨਿਗਰਾਨੀ ਕਰਨਗੇ, ਤਾਂ ਜੋ ਕੰਮ ਤੈਅ ਸਮੇਂ ਅੰਦਰ ਮੁਕੰਮਲ ਹੋ ਸਕਣ। ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ, ਐਮ.ਸੀ., ਬਲਾਕ ਪ੍ਰਧਾਨ, ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਕਸਬਾ ਨਿਵਾਸੀ ਹਾਜ਼ਰ ਸਨ। ਅਖੀਰ ਵਿੱਚ ਹਡਾਣਾ ਨੇ ਸਾਰੇ ਸ਼ਹਿਰ ਨਿਵਾਸੀਆਂ ਨੂੰ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਦੀ ਵਧਾਈ ਦਿੱਤੀ।

## ਅੰਡਰ ਰੈਂਪ ਸਕੀਮ ਅਧੀਨ ਕੈਂਪ ਲਗਾਇਆ



ਘਨੌਰ, 10 ਫਰਵਰੀ (ਮਦਨ ਲਾਲ) : ਪੰਜਾਬ ਸਰਕਾਰ ਉਦਯੋਗ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਸਟਰੇਸ਼ਨ, (ਮੈਗਸਿਪਾ) ਦੇ ਸਹਿਯੋਗ ਨਾਲ ਦਫਤਰ ਜਨਰਲ ਮੇਨੇਜਰ, ਜਿਲਾ ਉਦਯੋਗ ਕੇਂਦਰ, ਸਰਹੰਦ ਰੋਡ, ਪਟਿਆਲਾ ਵਿਖੇ ਇੱਕ ਰੋਜਾ ਕਪੈਸਟੀ ਬਿਲਡਿੰਗ ਪ੍ਰੋਗਰਾਮ ਅੰਡਰ ਰੈਂਪ ਸਕੀਮ ਅਧੀਨ ਇੱਕ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਜ਼ਿਲ੍ਹੇ ਵਿੱਚ ਸਥਿਤ ਵੱਖ-ਵੱਖ ਥਾਵਾਂ ਜਿਵੇਂ ਕਿ ਰਾਜਪੁਰਾ, ਨਾਭਾ, ਸਮਾਣਾ ਅਤੇ ਪਟਿਆਲਾ ਸ਼ਹਿਰ ਦੇ ਉਦਯੋਗਪਤੀਆਂ ਵਲੋਂ ਵੱਡੇ ਪੱਧਰ ਤੇ ਸ਼ਿਰਕਤ ਕੀਤੀ ਗਈ, ਇਸ ਕੈਂਪ ਵਿੱਚ ਹਾਜ਼ਰ ਉਦਯੋਗ ਵਿਭਾਗ ਦੇ ਅਧਿਕਾਰੀਆਂ ਅਤੇ ਮੈਗਸਿਪਾ ਦੀ ਟੀਮ ਵਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਉਦਯੋਗਾਂ ਸਬੰਧੀ ਨਵੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਚੰਡੀਗੜ ਤੋਂ ਵਿਸ਼ੇਸ਼ ਤੌਰ 'ਤੇ ਆਈ ਟੀਮ ਵਿੱਚ ਸ੍ਰੀ ਸੰਜੀਵ ਚੱਡਾ, ਪ੍ਰੋਫੈਸਰ ਐਂਡ ਹੈਡ ਮੈਗਸਿਪਾ, ਪ੍ਰੋਫੈਸਰ ਏ.ਕੇ.ਵਸਿਸ਼ਟ ਸਾਬਕਾ ਡਾਇਰੇਕਟਰ ਯੂ.ਬੀ.ਐਸ ਪੰਜਾਬ ਯੂਨੀਵਰਸਿਟੀ ਚੰਡੀਗੜ, ਸੰਜੀਵ ਗੁਪਤਾ ਸਾਬਕਾ ਸੀ.ਜੀ.ਐਮ (ਇਸਜੂ) ਅਤੇ ਹਿਤੇਸ਼ ਗੁਲਾਟੀ ਮੈਨੇਜਮੈਂਟ ਕੰਨਸਲਟੈਂਟ ਅਤੇ ਜਿਲਾ ਉਦਯੋਗ ਕੇਂਦਰ ਦੇ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ।

## ਚੇਤਨਾ ਪਰਖ਼ ਪ੍ਰੀਖਿਆ 'ਚੋਂ ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਪੱਤਰ ਦਿੱਤੇ



ਪਟਿਆਲਾ, 10 ਫਰਵਰੀ (ਚ.ਨ.ਸ.) : ਪੰਜਾਬ ਦੀ ਪਟਿਆਲਾ ਇਕਾਈ ਵੱਲੋਂ ਪਟਿਆਲਾ ਦੇ ਬਹੁਤ ਸਾਰੇ ਸਕੂਲਾਂ ਵਿਚ ਚੇਤਨਾ ਪਰਖ਼ ਪ੍ਰੀਖਿਆ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਇਨ੍ਹਾਂ ਵਿਚੋਂ ਚੰਗੇ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਵੱਜੋਂ ਕਿਤਾਬਾਂ ਦੇ ਸੈੱਟ ਵੀ ਭੇਂਟ ਕੀਤੇ ਗਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੰਡਾ ਖੇੜੀ, ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ ਅਤੇ ਸਰਕਾਰੀ ਮਲਟੀਪਰਪਜ਼ ਸਕੂਲ ਵਿਸ਼ੇਸ਼ ਹਨ। ਇਸ ਮੌਕੇ ਬੋਲਦਿਆਂ ਤਰਕਸ਼ੀਲ ਆਗੂ ਪ੍ਰੋ ਪੂਰਨ ਸਿੰਘ, ਰਾਮ ਕੁਮਾਰ ਫਕੜਬਾ ਤੇ ਆਰ. ਐਸ ਬੰਗ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਕੂਲਾਂ ਵਿਚ ਗ਼ਦਰ ਲਹਿਰ ਦੀ ਆਗੂ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਇਸ ਚੇਤਨਾ ਪਰਖ਼ ਪ੍ਰੀਖਿਆ ਲੈਣ ਦਾ ਮਕਸਦ ਤਰਕਸ਼ੀਲ ਸੁਸਾਇਟੀ ਪੰਜਾਬ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਹਿਮਾਂ ਭਰਮਾਂ ਵਿਚੋਂ ਕਢਕੇ, ਵਿਗਿਆਨਕ ਸੋਚ ਦੇ ਮਾਲਕ ਬਣਾਉਂਣਾ ਚਾਹੁੰਦੀ ਹੈ। ਇਸ ਪ੍ਰੀਖਿਆ ਵਿੱਚ ਸਹਿਯੋਗ ਦੇਣ ਵਾਲੇ ਅਧਿਆਪਕਾਂ ਅਤੇ ਪ੍ਰਿੰਸੀਪਲ ਨੇ ਵੀ ਸਾਸਾਇਟੀ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ।

## 10 ਟਰੇਡ ਯੂਨੀਅਨਾਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਦੇ ਸਬੰਧ 'ਚ ਪਿੰਡਾਂ ਵਿੱਚ ਮੀਟਿੰਗਾਂ



ਮਲੇਰਕੋਟਲਾ, 10 ਫਰਵਰੀ (ਬਲਜੀਤ ਸਿੰਘ ਟਿੱਬਾ) : 12 ਫਰਵਰੀ 26 ਦੀ 10 ਟਰੇਡ ਯੂਨੀਅਨਾਂ ਦੇ ਸੱਦੇ 'ਤੇ ਚਾਰ ਲੇਬਰ ਕੋਡਾ ਵਿਰੁੱਧ, ਮਨਰੇਗਾ ਕਾਨੂੰਨ ਵਿੱਚ ਕੀਤੀਆ ਮਜ਼ਦੂਰ ਵਿਰੋਧੀ ਸੋਧਾਂ ਮੁਲਾਜ਼ਮਾਂ ਮੰਗਾਂ ਨਾਂਹ ਮੰਨਣ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਵਿਰੁੱਧ, ਬਿਜਲੀ ਦਾ ਨਿੱਜੀਕਰਨ ਵਿਰੁੱਧ ਅਤੇ ਬੀਜ ਬਿੱਲ ਆਦਿ ਦੇ ਵਿਰੋਧ ਵਿੱਚ ਦੇਸ਼ ਵਿਆਪੀ ਹੜਤਾਲ ਕਰਨ ਦਾ ਸੱਦਾ ਦਿੱਤਾ ਗਿਆ ਹੈ।ਉਸ ਹੜਤਾਲ ਦੀ ਤਿਆਰੀਆਂ ਦੇ ਸੰਬੰਧ ਵਿੱਚ ਕਾਮਰੇਡ ਅਬਦੁਲ ਸਤਾਰ ਲਾਲ ਝੰਡਾ ਭੱਠਾ ਵਰਕਰ ਯੂਨੀਅਨ ਸੀਟੂ ਦੇ ਪੰਜਾਬ ਪ੍ਰਧਾਨ ਨੇ ਪਿੰਡ ਚੁਹਾਣੇ ਅਤੇ ਨੱਥੋਹੇੜੀ ,ਫਲੌਂਡ ਵਿਖੇ ਸਾਥੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਕਾਮਰੇਡ ਅਬਦੁਲ ਸਤਾਰ ਪੰਜਾਬ ਪ੍ਰਧਾਨ ਲਾਲ ਝੰਡਾ ਭੱਠਾ ਵਰਕਰ ਯੂਨੀਅਨ ਸੀਟੂ ਨੇ ਪਿੰਡਾਂ ਵਿੱਚ ਲਾਲ ਝੰਡਾ ਭੱਠਾ ਯੂਨੀਅਨ ਦੇ ਵਰਕਰਾਂ , ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਦੇਸ਼ ਦੀ ਸਮੁੱਚੀ ਮਿਹਨਤਕਸ਼ ਲੋਕਾਂ ਵਿਰੁੱਧ ਕੀਤੇ ਜਾ ਰਹੇ ਫੈਸਲਿਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕੀਤਾ ਅਤੇ 12 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ।ਇਸ ਮੌਕੇ ਕਾਮਰੇਡ ਰਛਪਾਲ ਸਿੰਘ ਤਹਿਸੀਲ ਸਕੱਤਰ ਅਹਿਮਦਗੜ੍ਹ, ਕਾਮਰੇਡ ਕਰਤਾਰ ਸਿੰਘ ਮੋਹਲੀ ਜ਼ਿਲ੍ਹਾ ਪ੍ਰਧਾਨ ਕੁਲ ਹਿੰਦ ਖੇਤ ਮਜਦੂਰ ਯੂਨੀਅਨ, ਹਰਮੀਤ ਸਿੰਘ ਚੁਹਾਣਕੇ ,ਕਿਰਨਦੀਪ ਕੌਰ, ਅਮਰਜੀਤ ਕੌਰ, ਗੁਰਮੀਤ ਕੌਰ,ਬਸੰਤ ਕੌਰ, ਮਾਧਵੇ, ਰਾਜਵਿੰਦਰ ਕੌਰ, ਸਰਬਜੀਤ ਕੌਰ, ਹਰਜੀਤ ਕੌਰ, ਕੁਲਵੰਤ ਕੌਰ, ਬੇਅੰਤ ਸਿੰਘ ਨੱਥੋਹੇੜੀ, ਅਵਤਾਰ ਸਿੰਘ ਨੱਥੋਹੇੜੀ, ਰਘੂਨਾਥ ਸਿੰਘ ਫਲੌਂਡ ਆਦਿ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਸਮਾਣਾ ਦੀ ਮੀਟਿੰਗ

### 12 ਨੂੰ ਟਰੇਡ ਯੂਨੀਅਨ ਵੱਲੋਂ ਦਿੱਤੇ ਜਾ ਰਹੇ ਧਰਨਿਆਂ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ : ਫਤਿਹ ਮਾਜਰੀ, ਕਕੇਪੁਰ



ਡਕਾਲਾ/ਬਲਬੇੜ੍ਹਾ, 10 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਸਮਾਣਾ ਦੀ ਮੀਟਿੰਗ ਸੁਖਵਿੰਦਰ ਸਿੰਘ ਫਤਿਹ ਮਾਜਰੀ ਬਲਾਕ ਪ੍ਰਧਾਨ ਦੀ ਅਗਵਾਈ ਹੇਠ ਬਲਬੇੜਾ ਵਿਖੇ ਹੋਈ। ਇਸ ਮੌਕੇ ਸਮਾਣਾ ਬਲਾਕ ਦੀ ਸਮੁੱਚੀ ਟੀਮ ਅਤੇ ਪਿੰਡਾਂ ਦੀਆਂ ਇਕਾਈਆਂ ਦੇ ਪ੍ਰਧਾਨ ਸਾਹਿਬਾਨ ਹਾਜ਼ਰ ਹੋਏ, ਜਿਸ ਵਿੱਚ ਕੇਂਦਰ ਦੀ ਮੋਦੀ ਸਰਕਾਰ ਤੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਸਰਕਾਰ ਦੇ ਪੁਤਲੇ ਸਾੜੇ ਗਏ ਜੋ ਕਿ ਪਿਛਲੇ ਦਿਨੀ ਮੋਦੀ ਸਰਕਾਰ ਨੇ ਟਰੰਪ ਸਰਕਾਰ ਅੱਗੇ ਗੋਡੇ ਟੇਕ ਕੇ ਵਿਸ਼ਵ ਮੁਕਤ ਵਪਾਰ ਸਮਝੌਤੇ ਤੇ ਦਸਤਖਤ ਕੀਤੇ, ਇਸ ਦੇ ਰੋਸ ਵਜੋਂ ਬਲਾਕ ਸਮਾਣਾ ਵੱਲੋਂ ਪੁਤਲੇ ਸਾੜੇ ਗਏ। ਇਸ ਮੌਕੇ ਪ੍ਰੈਸ ਸਕੱਤਰ ਟਹਿਲ ਸਿੰਘ ਕਕੇਪੁਰ ਸੁਖਵਿੰਦਰ ਸਿੰਘ ਫਤਿਹ ਮਾਜਰੀ ਬਲਾਕ ਪ੍ਰਧਾਨ ਸਮਾਣਾ ਨੇ ਕਿਹਾ ਕਿ ਇਹ ਰਾਸ਼ਟਰੀ ਬਿੱਲ ਸਮਝੌਤਾ ਪਾਸ ਕੀਤਾ ਗਿਆ ਤਾਂ ਖੇਤੀ ਸੈਕਟਰ ਅਤੇ ਕਿਸਾਨੀ ਸਹਾਇਕ ਧੰਦਾ ਦੁੱਧ ਡਾਇਰੀ ਸੈਕਟਰ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ ਅਤੇ 12 ਫਰਵਰੀ ਨੂੰ ਟਰੇਡ ਯੂਨੀਅਨ ਵੱਲੋਂ ਜੋ ਧਰਨੇ ਦਿੱਤੇ ਜਾ ਰਹੇ ਹਨ ਉਹਨਾਂ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਬਲਬੇੜਾ ਸੀਨੀਅਰ ਮੀਤ ਪ੍ਰਧਾਨ ਬਲਾਕ ਸਮਾਣਾ, ਗੁਰਮੀਤ ਸਿੰਘ ਖਜਾਨਚੀ ਮਵੀ ਸਪਾ, ਬਲਵੀਰ ਸਿੰਘ ਮਵੀ ਸਪਾਂ, ਜੀਤ ਸਿੰਘ ਮਵੀ ਸਪਾਂ, ਅਮਰੀਕ ਸਿੰਘ ਖੇੜਕੀ, ਰਣਧੀਰ ਸਿੰਘ ਫਤਿਹ ਮਾਜਰੀ, ਮੇਜਰ ਸਿੰਘ ਫਤਿਹ ਮਾਜਰੀ, ਮਹਿੰਦਰ ਸਿੰਘ ਬਲਬੇੜਾ, ਇਕਾਈ ਪ੍ਰਧਾਨ ਗੁਰਜੰਟ ਸਿੰਘ, ਮਨਦੀਪ ਸਿੰਘ, ਨੈਬ ਸਿੰਘ, ਮੱਘਰ ਸਿੰਘ, ਮਹਿੰਦਰ ਸਿੰਘ, ਹਾਕਮ ਸਿੰਘ, ਜਸਵੀਰ ਸਿੰਘ, ਦੇਵ ਸਿੰਘ, ਗੁਰਮੇਲ ਸਿੰਘ ਖੇੜਕੀ, ਰਾਮਪਾਲ ਸਿੰਘ ਖੇੜਕੀ ਆਦਿ ਹਾਜ਼ਰ ਸਨ।

## ਦੇਸ਼ ਤੇ ਲੋਕਤੰਤਰ ਨੂੰ ਬਚਾਉਣ ਲਈ ਚੰਗੀ ਸੋਚ ਤੇ ਦੂਰ ਅੰਦੇਸ਼ੀ ਵਾਲੇ ਸਿਆਸਤਦਾਨ ਅੱਗੇ ਆਉਣੇ ਚਾਹੀਦੇ ਨੇ : ਡਾ. ਧਰਮਵੀਰ ਗਾਂਧੀ



ਨਾਭਾ, 10 ਫ਼ਰਵਰੀ (ਗੁਰਚਰਨ ਸਿੰਘ ਚੌਧਰੀਮਾਜਰਾ) : ਦੇਸ਼ ਦੇ ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਚੰਗੀ ਸੋਚ ਤੇ ਦੂਰ ਅੰਦੇਸ਼ੀ ਵਾਲੇ ਲੋਕਾਂ ਨੂੰ ਸਿਆਸਤ ਵਿੱਚ ਅੱਗੇ ਆਉਣਾ ਚਾਹੀਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੇ ਨਾਭਾ ਫੇਰੀ ਦੌਰਾਨ ਆਲ ਇੰਡੀਆ ਕੰਬਾਈਨ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਨੰਨੜੇ ਦੀ ਅਗਵਾਈ ਹੇਠ ਉਨ੍ਹਾਂ ਦੇਗ੍ਰਹਿ ਨਾਭਾ ਵਿਖੇ ਇੰਡਸਟੀਲਿਸਟਾਂ ਨਾਲ ਇੱਕ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਉਹਨਾਂ ਇੰਡਸਟਰੀਲਿਸਟਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਹਨਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਡਾਕਟਰ ਗਾਂਧੀ ਨੇ ਕਿਹਾ ਕਿ ਦੇਸ਼ ਅੰਦਰ ਇੱਕ ਚੰਗੇ ਮਾਹੌਲ ਤੇ ਚੰਗੇ ਸਿਸਟਮ ਦੀ ਲੋੜ ਹੈ, ਜੋ ਚੰਗੀ ਸੋਚ ਵਾਲੇ ਸਿਆਸਤਦਾਨ ਹੀ ਕਰ ਸਕਦੇ ਹਨ ਇਸ ਮੌਕੇ ਐਸੋਸੀਏਸ਼ਨ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਸੀਨੀਅਰ ਕਾਂਗਰਸੀ ਆਗੂ ਰਛਪਾਲ ਸਿੰਘ ਜੌੜੇਮਾਜਰਾ, ਪੀਏ ਜਸਵੰਤ ਸਿੰਘ, ਕੁਲਵੰਤ ਸਿੰਘ ਨਾਰੀਕੇ , ਦਰਸ਼ਨ ਸਿੰਘ ਘੁੰਮਣ, ਭਗਵੰਤ ਸਿੰਘ ਮਾਣਕੂ ਭਾਦਸੋਂ, ਸਰਬਜੀਤ ਸਿੰਘ ਰਾਮਗੜੀਆ, ਦਰਸ਼ਨ ਸਿੰਘ ਦਰਸ਼ਨ ਕੰਬਾਈਨ, ਲਖਵਿੰਦਰ ਸਿੰਘ ਲੱਖੀ ਗਹੀਰ ਕੰਬਾਈਨ ,ਬਲਜਿੰਦਰ ਸਿੰਘ ਧੰਮੂ, ਇੰਦਰਜੀਤ ਮੁੰਡੇ ਸਹੌਲੀ, ਬਲਜਿੰਦਰ ਸਿੰਘ ਬੱਲੂ ਜੇਈ, ਗੁਰਮੁੱਖ ਸਿੰਘ ਨਰਾਇਣ ਕੰਬਾਇਨ, ਦਰਸ਼ਨ ਸਿੰਘ ਦੇਵ ਦਰਸ਼ਨ ਕੰਬਾਈਨ, ਹਰਨੇਕ ਸਿੰਘ ਦੇਵੇ ,ਦਰਸ਼ਨ ਸਿੰਘ ਨਾਜਰ ਕੰਬਾਈਨ, ਸਮਸ਼ੇਰ ਸਿੰਘ ਸਰਵਨ ਐਗਰੋ ਟੈਂਕ, ਜਸਪਾਲ ਸਿੰਘ ਗਾਡਰ ,ਜਰਨੈਲ ਸਿੰਘ ਕਨੇਡਾ, ਜਗਦੀਸ਼ ਸਿੰਘ ਮਠਾੜੂ ,ਸੋਹਨ ਸਿੰਘ ਵਰਿੰਦਰਾ ਕੰਬਾਈਨ ,ਅਵਤਾਰ ਸਿੰਘ ਛੱਜੂਭੱਟ, ਮੋਹਨ ਸਿੰਘ ਬਾਗੜੀਆਂ, ਰਾਜ ਮਾਝੀ, ਹਰਬੰਸ ਸਿੰਘ ਮਲੇਵਾਲ, ਦੀਦਾਰ ਸਿੰਘ ਨੰਬਰਦਾਰ ,ਗਿਆਨ ਚੰਦ ਵਿਰਦੀ, ਬਬਲੀ ਨਾਭਾ, ਅਵਤਾਰ ਸਿੰਘ ਟਿੰਡ ਤੋਂ ਇਲਾਵਾ ਵੱਡੀ ਗਿਣਤੀ 'ਚ ਇੰਡਸਟੀਲਿਸਟ ਮੌਜੂਦ ਸਨ।

## ਪਬਲਿਕ ਕਾਲਜ ਦੇ ਐਨ.ਐਸ.ਐਸ. ਦੇ ਨੌਜਵਾਨਾਂ ਨੂੰ ਸਮਾਜ ਪ੍ਰਤੀ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ



ਸਮਾਣਾ, 10 ਫਰਵਰੀ (ਵਿਜੇ ਕੁਮਾਰ) : ਪਬਲਿਕ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ, ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਚੰਡੀਗੜ੍ਹ ਅਤੇ ਐਨ.ਐਸ.ਐਸ. ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਾਲਜ ਕੈਂਪਸ/ਪਿੰਡ ਰਾਜਲਾ ਵਿਖੇ ਲਗਾਏ ਜਾ ਰਹੇ ਸੱਤ ਰੋਜ਼ਾ ਕੈਂਪ ਦੇ ਚੌਥੇ ਦਿਨ ਸ਼ੁਰੂਆਤ ਪੀ.ਟੀ. ਯੋਗਾ ਅਤੇ ਐਨ.ਐਸ.ਐਸ. ਗੀਤ ਨਾਲ ਹੋਈ। ਇਸ ਉਪਰੰਤ ਡਾ. ਭੀਮਇੰਦਰ ਸਿੰਘ, ਡਾਇਰੈਕਟਰ ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਡਾ. ਭੀਮਇੰਦਰ ਸਿੰਘ ਨੇ ਆਪਣਾ ਯੂਨੀਵਰਸਿਟੀ ਦਾ ਕੈਰੀਅਰ ਇਸੇ ਕਾਲਜ ਤੋਂ ਹੀ ਸ਼ੁਰੂ ਕੀਤਾ ਹੈ। ਡਾ. ਭੀਮਇੰਦਰ ਸਿੰਘ ਨੇ ਐਨ.ਐਸ.ਐਸ. ਵਿਭਾਗ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਅਜੋਕੇ ਸਮੇ ਤੋਂ ਜਾਣੂ ਕਰਵਾਉਦਿਆਂ ਆਪਣੇ ਸਮਾਜ ਪ੍ਰਤੀ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ। ਐਨ.ਐਸ.ਐਸ. ਵਲੰਟੀਅਰਜ਼ ਸੋਨੀਆ ਅਤੇ ਸਾਗਰ ਨੇ ਡਾ. ਭੀਮਇੰਦਰ ਸਿੰਘ ਬਾਰੇ ਖ਼ੂਬਸੂਰਤ ਵਿਚਾਰ ਰੱਖੇ। ਐਨ.ਐਸ.ਐਸ. ਕੈਂਪ ਦੇ ਦੂਜੇ ਸੈਸ਼ਨ ਦੌਰਾਨ ਜਿੱਥੇ ਵਲੰਟੀਅਰਜ਼ ਦੇ ਰੰਗੋਲੀ ਦੇ ਮੁਕਾਬਲੇ ਕਰਵਾਏ ਗਏ, ਉੱਥੇ ਭੰਗੜਾ ਵਰਕਸ਼ਾਪ ਵੀ ਲਗਾਈ ਗਈ। ਭੰਗੜਾ ਵਰਕਸ਼ਾਪ ਦੇ ਕੋਚ ਅੰਮਿਤਪਾਲ ਸਿੰਘ ਨੇ ਵਲੰਟੀਅਰਜ਼ ਨੂੰ ਭੰਗੜੇ ਦੇ ਕਈ ਮਹੱਤਵਪੂਰਨ ਗੁਰ ਸਿਖਾਏ। ਸ਼ਾਮ ਸਮੇ ਡਾ. ਬਲਕਾਰ ਸਿੰਘ, ਪੰਜਾਬੀ ਵਿਭਾਗ ਨੇ ਵਲੰਟੀਅਰਜ਼ ਨੂੰ ਰੋਜ਼ਾਨਾ ਦੀ ਤਰ੍ਹਾਂ ਫਿਜ਼ੀਕਲ ਫਿੱਟਨੈਸ ਦੀ ਟਰੇਨਿੰਗ ਦਿੱਤੀ। ਇਸ ਮੌਕੇ ਪ੍ਰੋਗਰਾਮ ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਪ੍ਰੋ. ਕੁਲਜੀਤ ਕੌਰ, ਪ੍ਰੋ. ਅਰਵਿੰਦਰ ਕੌਰ, ਪ੍ਰੋ. ਹਮਿਤ ਕੁਮਾਰ, ਪ੍ਰੋ. ਸ਼ੇਰ ਸਿੰਘ ਅਤੇ ਸ਼ੰਟੀ ਕੁਮਾਰ ਨੇ ਆਪਣੀ ਡਿਊਟੀ ਪੂਰੀ ਜਿੰਮੇਵਾਰੀ ਨਾਲ ਨਿਭਾਈ। ਐਨ.ਐਸ.ਐਸ. ਕਲਰਕ ਜਸਬੀਰ ਸਿੰਘ ਗੁਰਾਇਆ ਦਾ ਵੀ ਪੂਰਨ ਸਹਿਯੋਗ ਰਿਹਾ।

## ਡੀ.ਸੀ. ਵਰਜੀਤ ਵਾਲੀਆ ਦਾ ਫੁੱਲਾਂ ਦੇ ਬੁੱਕੇ ਦੇ ਕੇ ਕੀਤਾ ਸਵਾਗਤ



ਪਟਿਆਲਾ, 10 ਫਰਵਰੀ (ਚ.ਨ.ਸ.) : ਰਾਸ਼ਟਰੀ ਜਯੋਤੀ ਕਲਾ ਮੰਚ (ਰਜਿ.) ਵੱਲੋ ਪਟਿਆਲਾ ਦੇ ਨਵ ਨਿਯੁਕਤ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨਾਲ ਡਾਇਰੈਕਟਰ ਰਾਕੇਸ਼ ਠਾਕੁਰ ਦੀ ਅਗਵਾਈ ਹੇਠ ਮੁਲਾਕਾਤ ਕੀਤੀ ਗਈ। ਇਸ ਮੌਕੇ ਉੱਤੇ ਮੰਚ ਦੇ ਚੇਅਰਮੈਨ ਸੰਜੇ ਗੋਇਲ ਦੀ ਸਰਪ੍ਰਸਤੀ ਹੇਠ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ (ਆਈ ਏ ਐਸ) ਨੂੰ ਫੁੱਲਾਂ ਦੇ ਬੁਕੇ ਦੇ ਕੇ ਅਹੁਦਾ ਸੰਭਾਲਣ 'ਤੇ ਸੁਆਗਤ ਕੀਤਾ ਗਿਆ । ਇਸ ਮੌਕੇ ਡੀਸੀ ਸਾਹਿਬ ਨਾਲ ਮੰਚ ਦੀਆਂ ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਗਤਵਿਧੀਆਂ ਬਾਰੇ ਚਰਚਾ ਕੀਤੀ ਗਈ। ਉਹਨਾਂ ਨੇ ਮੰਚ ਦੇ ਅਹੁਦੇਦਾਰਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ ਜਨਰਲ ਸਕੱਤਰ ਗਗਨ ਗੋਇਲ ਅਤੇ ਬਿਲੀਅਮਜੀਤ ਸਿੰਘ ਹਾਜ਼ਰ ਰਹੇ।



# ਪਟਿਆਲਾ-ਆਸ/ਪਾਸ



## ਤੰਦਰੁਸਤ ਸਰੀਰ ਅਤੇ ਖੁਸ਼ਹਾਲ ਜੀਵਨ ਲਈ ਖੇਡਾਂ ਬਹੁਤ ਅਹਿਮ : ਹਰਚੰਦ ਸਿੰਘ ਬਰਸਟ

### ➢ਚੇਅਰਮੈਨ ਵੱਲੋਂ ਪਿੰਡ ਬਰਸਟ 'ਚ ਕ੍ਰਿਕਟ ਕੱਪ ਟੂਰਨਾਮੈਂਟ ਵਿੱਚ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ



ਸਮਾਣਾ, 10 ਫਰਵਰੀ (ਜਵੰਦਾ/ਵਿਜੇ ਕੁਮਾਰ) : ਹਲਕਾ ਸਮਾਣਾ ਦੇ ਪਿੰਡ ਬਰਸਟ ਵਿਖੇ ਨਿਰੋਲ ਕਾਸਕੋ ਕ੍ਰਿਕਟ ਕੱਪ ਟੂਰਨਾਮੈਂਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 32 ਟੀਮਾਂ ਨੇ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ। ਇਸ ਖੇਡ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਸ. ਬਰਸਟ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਨੌਜਵਾਨਾਂ ਨੂੰ ਖੇਡ ਭਾਵਨਾ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਤੰਦਰੁਸਤ ਸਰੀਰ ਅਤੇ ਖੁਸ਼ਹਾਲ ਜੀਵਨ ਲਈ ਖੇਡਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹਰ ਵਿਅਕਤੀ ਨੂੰ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਤੰਦਰੁਸਤ ਰਹਿਣਾ ਚਾਹੀਦਾ ਹੈ, ਜਿਸ ਲਈ ਖੇਡਾਂ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਨਿਰੋਲ ਕਾਸਕੋ ਕ੍ਰਿਕਟ ਕੱਪ ਵਿੱਚ ਪਹਾੜਪੁਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ 41 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਜਿੱਤੀ। ਪਿੰਡ ਬਰਸਟ ਦੀ ਟੀਮ ਦੂਜੇ ਸਥਾਨ 'ਤੇ ਰਹੀ, ਜਿਸਨੂੰ 31 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ। ਪਿੰਡ ਮੰਡੋਲੀ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ 31,00 ਰੁਪਏ ਅਤੇ ਪਿੰਡ ਤਲਵੰਡੀ ਮਲਿਕ ਦੀ ਟੀਮ ਨੇ ਚੌਥਾ ਸਥਾਨ ਹਾਸਲ ਕਰਕੇ 31,00 ਰੁਪਏ ਦਾ ਇਨਾਮ ਜਿੱਤਿਆ। ਇਸ ਤੋਂ ਇਲਾਵਾ ਮੈਨ ਆਫ਼ ਦ ਸੀਰੀਜ਼ ਲਾਡੀ ਬਰਸਟ ਨੂੰ ਦਿੱਤਾ ਗਿਆ, ਜਦਕਿ ਸਰਵੋਤਮ ਬੱਲੇਬਾਜ਼ ਸੱਤੂ ਪਹਾੜਪੁਰ ਅਤੇ ਸਰਵੋਤਮ ਗੇਂਦਬਾਜ ਰਿੰਕੂ ਪਹਾੜਪੁਰ ਰਹੇ। ਅੰਤ ਵਿੱਚ ਸ. ਹਰਚੰਦ ਸਿੰਘ ਬਰਸਟ ਵੱਲੋਂ ਸਾਰੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਨਰਿੰਦਰ ਸਿੰਘ ਸਰਪੰਚ ਪਿੰਡ ਬਰਸਟ, ਜੋਬਨ ਸੰਧੂ, ਹਰਿੰਦਰ ਸਿੰਘ ਧਬਲਾਨ, ਸੋਨੂੰ, ਹਰਬਿੰਦਰ ਸਿੰਘ ਰਾਠੀ ਸਮੇਤ ਸਮੂਹ ਗ੍ਰਾਮ ਪੰਚਾਇਤ ਮੈਂਬਰ ਅਤੇ ਇਲਾਕਾ ਨਿਵਾਸੀ ਮੌਜੂਦ ਰਹੇ।

## ਵਿਧਾਇਕ ਜੌੜਾਮਾਜਰਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਰਵਾਨਾ



ਸਮਾਣਾ, 10 ਫਰਵਰੀ (ਵਿਜੇ ਕੁਮਾਰ) : ਸਮਾਣਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਲਕੇ ਦੇ ਪਿੰਡ ਦੁਘਾਟ ਤੋਂ ਸੰਗਤ ਨੂੰ ਪਵਿੱਤਰ ਧਰਤੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ। ਇਹ ਸਕੀਮ ਬਜ਼ੁਰਗਾਂ ਅਤੇ ਆਮ ਸੰਗਤ ਨੂੰ ਮੁਫ਼ਤ ਤੇ ਸੁਵਿਧਾਜਨਕ ਤਰੀਕੇ ਨਾਲ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਬਣਾਈ ਗਈ ਹੈ, ਜਿਸ ਨਾਲ ਲੋਕਾਂ ਦੀਆਂ ਚਿਰਾਂ ਤੋਂ ਪੈਂਦੀਆਂ ਧਾਰਮਿਕ ਇੱਛਾਵਾਂ ਪੂਰੀਆਂ ਹੋ ਰਹੀਆਂ ਹਨ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਯਾਤਰਾ ਰਵਾਨਾ ਕਰਨ ਮੌਕੇ ਸੰਗਤ ਨਾਲ ਮਿਲ ਕੇ ਉਨ੍ਹਾਂ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਸੰਗਤ ਦੀ ਸੁਖਮਈ ਅਤੇ ਸੁਰੱਖਿਅਤ ਯਾਤਰਾ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਬਜ਼ੁਰਗਾਂ ਦੀ ਸੇਵਾ ਅਤੇ ਧਾਰਮਿਕ ਭਾਵਨਾਵਾਂ ਨੂੰ ਸਤਿਕਾਰ ਦਿੰਦੇ ਹੋਏ ਇਹ ਯੋਜਨਾ ਚਲਾਈ ਗਈ ਹੈ। ਯਾਤਰਾਦੌਰਾਨ ਬੱਸਾਂ ਵਿਚ ਘਰ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਸੰਗਤ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਦਰਸ਼ਨ ਕਰ ਸਕੇ। ਉਨ੍ਹਾਂ ਆਖਿਆ ਕਿ ਇਹ ਯਾਤਰਾ ਮਾਨ ਸਰਕਾਰ ਦੀ ਜਨ ਕਲਿਆਣਕਾਰੀ ਨੀਤੀਆਂ ਦਾ ਇਕ ਹੋਰ ਉਦਾਹਰਣ ਹੈ, ਜੋ ਲੋਕਾਂ ਨੂੰ ਧਾਰਮਿਕ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਬਣਾਉਂਦੀ ਹੈ। ਪਿੰਡ ਦੁਘਾਟ ਵਾਸੀਆਂ ਨੇ ਵਿਧਾਇਕ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਤੀ ਆਪਣਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨਾਲ ਆਪ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਮਿੰਟੂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ ਅਤੇ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਵੀ ਮੌਜੂਦ ਸਨ।

## ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਦਫ਼ਤਰੀ ਵਾਹਨਾਂ ਲਈ ਤਿਆਰ ਇਮਾਰਤ ਦਾ ਉਦਘਾਟਨ

### ਗੁ: ਸਾਹਿਬ ਵਿਖੇ ਚੱਲ ਰਹੇ ਨਿਰਮਾਣ ਕਾਰਜ ਸੰਗਤਾਂ ਨੂੰ ਜਲਦ ਕੀਤੇ ਜਾਣਗੇ ਸਮਰਪਿਤ : ਜਥੇਦਾਰ ਗੜ੍ਹੀ



ਪਟਿਆਲਾ, 10 ਫਰਵਰੀ (ਰੁਪਾਣਾ/ਅਮਰਜੀਤ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਚੱਲ ਰਹੇ ਨਿਰਮਾਣ ਕਾਰਜਾਂ ਤਹਿਤ ਅੱਜ ਗੁਰਦੁਆਰਾ ਕੰਪਲੈਕਸ ਅੰਦਰ ਨਗਰ ਕੀਰਤਨ ਦੌਰਾਨ ਸਜਾਈ ਜਾਣ ਵਾਲੀ ਪਾਲਕੀ ਸਾਹਿਬ ਸਮੇਤ ਦਫਤਰੀ ਵਾਹਨਾਂ ਲਈ ਤਿਆਰ ਕੀਤੀ ਗਈ ਨਵੀਂ ਇਮਾਰਤ ਅਤੇ ਦਫਤਰ ਦਾ ਉਦਘਾਟਨ ਕੀਤਾ ਗਿਆ। ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਵੀਂ ਇਮਾਰਤ ਅਤੇ ਦਫਤਰ ਦਾ ਉਦਘਾਟਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਮੈਨੇਜਰ ਭਾਗ ਸਿੰਘ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਦੌਰਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਇਮਾਰਤ ਦੀ ਸਾਂਭ ਸੰਭਾਲ ਅਤੇ ਦਫਤਰ ਦਾ ਇੰਚਾਰਜ ਦਾ ਸੁਖਦੇਵ ਸਿੰਘ ਕਾਹਲਵਾਂ ਨੂੰ ਲਗਾਇਆ ਗਿਆ। ਉਦਘਾਟਨ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਚੱਲ ਰਹੇ ਨਿਰਮਾਣ ਕਾਰਜਾਂ ਦੌਰਾਨ ਬਾਬਾ ਅਮਰੀਕ ਇੰਦਰ ਸਿੰਘ ਕਾਰ ਸੇਵਾ ਵਾਲੇ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲਿਆਂ ਦਾ ਅਹਿਮ ਸਹਿਯੋਗ ਰਿਹਾ। ਨੂੰ ਸਮਰਪਿਤ ਕੀਤੇ ਜਾਂਦੇ ਹਨ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਭਵਿੱਖ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਗੁਰਦੁਆਰਾ ਸਾਹਿਬ ਵਿਖੇ ਬਣਨ ਵਾਲੀਆਂ ਸਰਾਵਾਂ ਅਤੇ ਜੋੜੇ ਘਰ ਦੀ ਉਦਘਾਟਨ ਆਪਣੇ ਕਰ ਕਮਲਾਂ ਨਾਲ ਕਰਨਗੇ ਅਤੇ ਭਵਿੱਖ ਵਿਚ ਅਜਿਹੇ ਕਾਰਜ ਜਾਰੀ ਰਹਿਣਗੇ। ਇਸ ਮੌਕੇਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਨਵਜਿੰਦਰ ਸਿੰਘ, ਅਕਾਊਂਟੈਂਟ ਗੁਰਮੀਤ ਸਿੰਘ, ਸਾਬਕਾ ਹੈਡ ਗ੍ਰੰਥੀ ਸੁਖਦੇਵ ਸਿੰਘ, ਭਾਈ ਗੁਲਵਿੰਦਰ ਸਿੰਘ, ਰਿਕਾਰਡਕੀਪਰ ਸਰਬਜੀਤ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਗੁਰਪਿਆਰ ਸਿੰਘ ਜੌਹਰ, ਹਰਵਿੰਦਰ ਸਿੰਘ ਕਾਹਲਵਾਂ, ਭਾਈ ਹਜ਼ੂਰ ਸਿੰਘ ਸ਼ਾਮਲ ਸਨ।

## ਸਾਲਾਨਾ ਧਾਰਮਿਕ ਦੀਵਾਨ 13 ਤੋਂ

ਡਕਾਲਾ/ਬਲਬੇੜ੍ਹਾ, 10 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਦੋ ਪਾਤਸ਼ਾਹੀਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਪਾਤਸ਼ਾਹੀ ਛੇਵੀਂ ਤੇ ਨੌਵੀਂ ਇਤਿਹਾਸਕ ਨਗਰ ਕਰਹਾਲੀ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਸਲਾਨਾ ਧਾਰਮਿਕ ਸਮਾਗਮ ਸੰਪ੍ਰਦਾਇ ਰਾੜਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਅਮਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਲਿਖ ਕੇ ਆ ਗਿਆ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਨੰਬਰਦਾਰ ਧਨੱਤਰ ਸਿੰਘ ਨੇ ਦੱਸਿਆ ਕਿ ਇਸ ਪੰਜ ਰੋਜ਼ਾ ਧਾਰਮਿਕ ਸਮਾਗਮ 'ਚ ਰਾੜਾ ਸਾਹਿਬ ਸੰਪਰਦਾਇ ਦੇ ਪ੍ਰਮੁੱਖ ਕਥਾਵਾਚਕ ਭਾਈ ਸੁਖਵਿੰਦਰ ਸਿੰਘ ਜੀ ਵੱਲੋਂ ਧਾਰਮਿਕ ਦੀਵਾਨ ਮਿਤੀ 13,14,15,16 ਅਤੇ 17 ਫਰਵਰੀ ਦਿਨ ਸ਼ੁਕਰਵਾਰ ਤੋਂ ਮੰਗਲਵਾਰ ਤੱਕ ਅਨਾਜ ਮੰਡੀ ਕਹਰਾਲੀ ਸਾਹਿਬ ਵਿਖੇ ਦੁਪਿਹਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਕੀਰਤਨ ਵਖਿਆਨ ਗੁਰੂ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਜਾਣਕਾਰੀ ਸਾਂਝੀ ਕਰਦਿਆਂ ਨੰਬਰਦਾਰ ਧਨੱਤਰ ਸਿੰਘ ਨੇ ਦੱਸਿਆ ਕਿ ਰਾੜਾ ਸਾਹਿਬ ਸੰਪਰਦਾਇ ਦੇ ਮਹਾਂਪੁਰਖ ਸੱਚਖੰਡ ਵਾਸੀ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਬਾਬਾ ਈਸਰ ਸਿੰਘ ਜੀ ਵੱਲੋਂ ਸੰਨ 1955 ਤੋਂ ਕਰਹਾਲੀ ਸਾਹਿਬ ਦੀ ਧਰਤੀ 'ਤੇ ਸ਼ੁਰੂ ਕੀਤੀ ਦੀਵਾਨਾਂ ਦੀ ਲੜੀਵਾਰ ਕਥਾ ਵਖਿਆਨ ਦਾ ਪ੍ਰਵਾਹ ਲਗਾਤਾਰ ਹਰ ਸਾਲ ਸੰਪਰਦਾਏ ਦੇ ਮੌਜੂਦਾ ਮਹਾਂਪੁਰਖਾਂ ਵੱਲੋਂ ਚੱਲਦਾ ਆ ਰਹੀ ਹੈ, ਉਹਨਾਂ ਦੱਸਿਆ ਕਿ ਪਿਛਲੇ ਤਕਰੀਬਨ 70 ਸਾਲਾਂ ਤੋਂ ਇਹ ਧਾਰਮਿਕ ਦੀਵਾਨ ਹਰ ਸਾਲ ਅਨਾਜ ਮੰਡੀ ਕਰਹਾਲੀ ਸਾਹਿਬ ਵਿਖੇ ਸਜਾਏ ਜਾਂਦੇ ਹਨ ।ਇਸ ਵਾਰ ਵੀ ਰਾੜਾ ਸਾਹਿਬ ਸੰਪਰਦਾਇ ਦੇ ਮੌਜੂਦਾ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਅਮਰ ਸਿੰਘ ਜੀਆਂ ਦੀ ਸਰਪ੍ਰਸਤੀ ਹੇਠ ਕਰਹਾਲੀ ਸਾਹਿਬ ਨਗਰ ਦੀ ਸੰਗਤ ਨੂੰ ਪੰਜ ਦੀਵਾਨਾਂ ਦੀ ਬਖਸ਼ਿਸ਼ ਗੱਦੀ ਨਸ਼ੀਨ ਮਹਾਂਪੁ ਪੁਰਖਾਂ ਵੱਲੋਂ ਕੀਤੀ ਗਈ ਹੈ।

## ਖ਼ਾਲਸਾ ਕਾਲਜ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕਾਵਿ-ਸੰਗ੍ਰਹਿ 'ਧਰਮ ਹੇਤਿ ਸਾਕਾ ਜਿਨਿ ਕੀਆ' ਰਿਲੀਜ਼



ਪਟਿਆਲਾ, 10 ਫਰਵਰੀ (ਰੁਪਾਣਾ) : ਵਿੱਦਿਅਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਮੋਹਰੀ ਰਹਿਣ ਵਾਲੇ ਖ਼ਾਲਸਾ ਕਾਲਜ, ਪਟਿਆਲਾ ਵੱਲੋਂ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ, ਜੀਵਨ ਤੇ ਫ਼ਲਸਫ਼ੇ ਨਾਲ ਸੰਬੰਧਿਤ ਵੱਖ-ਵੱਖ ਕਵੀਆਂ ਦੀਆਂ ਕਾਵਿ-ਰਚਨਾਵਾਂ ਨੂੰ ਸੰਗ੍ਰਹਿਤ ਕਰਕੇ ਤਿਆਰ ਕੀਤੀ ਗਈ ਵਿਸ਼ੇਸ਼ ਪੁਸਤਕ 'ਧਰਮ ਹੇਤਿ ਸਾਕਾ ਜਿਨਿ ਕੀਆ' ਨੂੰ ਸ. ਸੁਖਮਿੰਦਰ ਸਿੰਘ ਸਕੱਤਰ ਵਿੱਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਰਿਲੀਜ਼ ਕੀਤਾ ਗਿਆ। ਇਹ ਕਾਵਿ-ਸੰਗ੍ਰਹਿ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਅਤੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਦਵਿੰਦਰ ਸਿੰਘ ਵੱਲੋਂ ਸਾਂਝੇ ਤੌਰ 'ਤੇ ਸੰਪਾਦਿਤ ਕੀਤਾ ਗਿਆ ਹੈ। ਇਸ ਮੌਕੇ ਪੁਸਤਕ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਡਾ. ਧਰਮਿੰਦਰ ਸਿੰਘ ਉੱਭਾ ਨੇ ਦੱਸਿਆ ਕਿ ਇਹ ਕਾਰਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਕਾਲਜ ਵੱਲੋਂ ਕੀਤੇ ਗਏ ਵੱਖ-ਵੱਖ ਕਾਰਜਾਂ ਦੀ ਲੜੀ ਤਹਿਤ ਨੇਪਰੇ ਚਾੜ੍ਹਿਆ ਗਿਆ ਹੈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਿੱਦਿਆ ਸ. ਸੁਖਮਿੰਦਰ ਸਿੰਘ ਨੇ ਖ਼ਾਲਸਾ ਕਾਲਜ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਵਿ-ਸੰਗ੍ਰਹਿ ਪਾਠਕਾਂ ਲਈ ਮਾਰਗਦਰਸ਼ਨ ਦਾ ਕੰਮ ਕਰੇਗਾ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਜੁੜੀਆਂ ਰਚਨਾਵਾਂ ਨੂੰ ਇਕੱਠੇ ਪੜ੍ਹਨ ਨਾਲ ਪਾਠਕਾਂ ਅਤੇ ਖੋਜਾਰਥੀਆਂ ਨੂੰ ਵੱਡੀ ਮਦਦ ਮਿਲੇਗੀ। ਉਨ੍ਹਾਂ ਇਸ ਮੌਕੇ ਪੁਸਤਕ ਦੇ ਸੰਪਾਦਕਾਂ ਨੂੰ ਇਸ ਸਫਲ ਕਾਰਜ ਲਈ ਮੁਬਾਰਕਬਾਦ ਵੀ ਦਿੱਤੀ। ਇਸ ਮੌਕੇ ਡਾ. ਕਸ਼ਮੀਰ ਸਿੰਘ ਪ੍ਰਿੰਸੀਪਲ ਮਾਤਾ ਗੁਜਰੀ ਕਾਲਜ, ਸ੍ਰੀ ਫਤਿਹਗੜ੍ਹ ਸਾਹਿਬ ਨੇ ਵੀ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਭਵਿੱਖ ਲਈ ਲਾਹੇਵੰਦ ਦੱਸਿਆ।

## ਲੁੱਟਾਂ-ਖੋਹਾਂ ਕਰਨ ਵਾਲੇ ਪੰਜ ਕਾਬੂ, ਸਮਾਨ ਬ੍ਰਾਮਦ

ਪਟਿਆਲਾ, 10 ਫਰਵਰੀ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕੁਮਾਰ ਵਾਸੀ ਕੱਚੀ ਗੜ੍ਹੀ ਮੁਹੱਲਾ ਨੇੜੇ ਪ੍ਰਚੂਨ ਦੀ ਦੁਕਾਨ ਰੋਹਤਕ, ਹਰਿਆਣਾ, ਸਾਹਿਲ ਕੁਮਾਰ ਵਾਸੀ ਪਿੰਡ ਬਹਿਲੰਬਾ, ਥਾਣਾ ਮੈਹਮ ਜ਼ਿਲ੍ਹਾ ਰੋਹਤਕ ਹਰਿਆਣਾ, ਅਜੈ ਵਾਸੀ ਵਾਰਡ ਨੰ. 23 ਗੋਤਮ ਨਗਰ, ਗੋਹਾਣਾ ਜ਼ਿਲ੍ਹਾ ਸੋਨੀਪਤ ਹਰਿਆਣਾ, ਅਨਿੱਲ ਕੁਮਾਰ ਵਾਸੀ ਕੱਚੀ ਗੜ੍ਹੀ ਮੁਹੱਲਾ ਰੋਹਤਕ ਹਰਿਆਣਾ ਵਿਰੁੱਧ ਧਾਰਾ 310(4), 310(5) ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਪ੍ਰੇਮ ਚੰਦ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਹੋਟਲ ਫਲਾਈਓਵਰ ਕੋਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਤੇਜ਼ਧਾਰ ਹਥਿਆਰਾ ਨਾਲ ਲੈਸ ਹੋ ਕੇ ਲੁੱਟਾਂ-ਖੋਹਾਂ ਕਰਨ ਦੇ ਆਦੀ ਹਨ ਅਤੇ ਪਹਿਲਾਂ ਵੀ ਪਟਿਆਲਾ ਅਤੇ ਨੇੜੇ ਦੇ ਏਰੀਆ ਵਿੱਚ ਭੋਲੇ ਭਾਲੇ ਲੋਕਾਂ ਨੂੰ ਧਮਕਾ ਕੇ ਲੁੱਟ ਖੋਹਾਂ ਆਦਿ ਵਗੈਰਾ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ, ਜੋ ਰਾਹਗੀਰ ਵਗੈਰਾ ਦੀ ਕੁੱਟਮਾਰ ਕਰਕੇ ਨਗਦੀ ਅਤੇ ਜੇਵਰਾਤ ਵਗੈਰਾ ਦੀ ਲੁੱਟ ਕਰਦੇ ਹਨ, ਜੋ ਹੁਣ ਵੱਡੀ ਵਾਰਦਾਤ ਕਰਨ ਲਈ ਤਾਕ ਵਿੱਚ ਹੈ, ਜੇਕਰ ਪਿੰਡ ਬਾਰਨ ਪਾਸ ਨਾਕਾਬੰਦੀ ਅਤੇ ਪੈਟਰੋਲਿੰਗ ਕਰਕੇ ਤਲਾਸ਼ ਕੀਤੀ ਜਾਵੇ ਤਾਂ ਕਥਿਤ ਦੋਸ਼ੀਆਂ ਨੂੰ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਕੋਲੋਂ ਲੁੱਟ-ਖੋਹ ਦੇ ਸਮਾਨ ਦੀ ਬ੍ਰਾਮਦਗੀ ਹੋ ਸਕਦੀ ਹੈ।

## ਅਦਾਲਤ ਵੱਲੋਂ ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ

ਪਟਿਆਲਾ, 10 ਫਰਵਰੀ (ਵਿਨੋਦ ਸ਼ਰਮਾ) : ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਦੋਸ਼ੀ ਮਲਕੀਤ ਸਿੰਘ ਵਾਸੀ ਬੁਢਲਾਡਾ ਨੂੰ ਧਾਰਾ 452 ਅਤੇ 8, 12 ਪੋਕਸੋ ਐਕਟ ਵਿੱਚ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਹੈ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਪੁਲਿਸ ਕੋਲ ਸ਼ਿਕਾਇਤਕਰਤਾ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਦੱਸਿਆ ਕਿ ਉਸ ਦੀਆਂ ਨਾਬਾਲਗ ਲੜਕੀਆਂ ਜੋ ਪੋਲੋ ਗਰਾਊਂਡ ਵਿਖੇ ਇੱਕ ਕਮਰੇ ਵਿਚ ਰਹਿ ਰਹੀਆਂ ਸਨ। ਉਸ ਦੀ ਇੱਕ ਲੜਕੀ ਦੇ ਚੁੱਕ ਪੈ ਗਈ ਸੀ। ਦੋਸ਼ੀ ਨੇ ਉਕਤ ਦੋਨਾਂ ਦੇ ਕਮਰੇ ਵਿਚ ਜਾ ਕੇ ਇੱਕ ਲੜਕੀ ਦੀ ਮਸਾਜ ਰਾਹੀਂ ਚੁੱਕ ਠੀਕ ਕਰਨ ਦਾ ਝਾਂਸਾ ਦੇ ਕੇ ਉਸ ਲੜਕੀ ਨਾਲ ਛੇੜ-ਛਾੜ ਕਰਨ ਦਾ ਇਲਜ਼ਾਮ ਸੀ, ਲੇਕਿਨ ਦੂਜੀ ਲੜਕੀ ਵੱਲੋਂ ਅਚਾਨਕ ਰੌਲਾ ਪਾਉਣ 'ਤੇ ਉਕਤ ਦੋਸ਼ੀ ਕਮਰੇ ਵਿੱਚੋਂ ਫਰਾਰ ਹੋ ਗਿਆ ਸੀ। ਪੁਲਿਸ ਨੇ ਸਾਲ 2022 ਵਿਚ ਥਾਣਾ ਸਿਵਲ ਲਾਈਨ ਵਿਖੇ ਮਾਮਲਾ ਦਰਜ ਕੀਤਾ ਸੀ।

## ਨਗਰ ਪੰਚਾਇਤ ਭਾਦਸੋਂ ਵਿਖੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ



ਭਾਦਸੋਂ, 10 ਫਰਵਰੀ (ਭਰਪੂਰ ਸਿੰਘ ਮੱਟਰਾਂ) : ਅੱਜ ਨਗਰ ਪੰਚਾਇਤ ਭਾਦਸੋਂ ਵਿਖੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਕੀਤੀ ਗਈ ।ਪਟਿਆਲਾ ਦੇ ਏ.ਡੀ.ਸੀ. ਇਸ਼ਮਤ ਵਿਜੈ ਸਿੰਘ ਵਾਧੂ ਚਾਰਜ ਐਸ.ਡੀ.ਐਮ ਨਾਭਾ ਕਨਵੀਨਰ ਅਤੇ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਬੂਟਾ ਸਿੰਘ ਦੀ ਅਗਵਾਈ ਵਿਚ ਨਗਰ ਪੰਚਾਇਤ ਦਫਤਰ ਵਿਖੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਕੀਤੀ ਗਈ ।ਇਸ ਚੋਣ ਪ੍ਰਕਿਰਿਆ ਦੌਰਾਨ 11 ਨੰਬਰ ਵਾਰਡ ਦੇ ਕੌਂਸਲਰ ਸਤਨਾਮ ਸਿੰਘ ਦੁਆਰਾ 9 ਨੰਬਰ ਵਾਰਡ ਦੇ ਕੌਂਸਲਰ ਨਿਰਮਲਾ ਸੂਦ ਨੂੰ ਸੀਨੀਅਰ ਮੀਤ ਪ੍ਰਧਾਨਗੀ ਲਈ ਤਜਵੀਜ਼ ਕੀਤਾ ਗਿਆ ਜਿਸ ਵਿਚ 3 ਨੰਬਰ ਵਾਰਡ ਦੇ ਗੁਰਜੋਗਾ ਸਿੰਘ ਨੇ ਤਾਇਦ ਕੀਤਾ ਗਿਆ ।ਨਿਰਮਲਾ ਸੂਦ ਨੂੰ 10 ਕੌਂਸਲਰਾਂ ਦੁਆਰਾ ਸਰਬਸੰਮਤੀ ਦਿੱਤੀ ਗਈ । ਇਸ ਤਰ੍ਹਾਂ ਨਿਰਮਲਾ ਸੂਦ ਪਤਨੀ ਲੋਕ ਪਾਲਸੂਦ ਨੂੰ ਨਗਰ ਪੰਚਾਇਤ ਭਾਦਸੋਂ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ।ਇਸੇ ਤਰ੍ਹਾਂ ਨਗਰ ਪੰਚਾਇਤ ਦੇ ਮੀਤ ਪ੍ਰਧਾਨਗੀ ਦੇ ਅਹੁਦੇ ਲਈ ਵਾਰਡ ਨੰਬਰ 5 ਤੋਂ ਕੌਂਸਲਰ ਸਤਵਿੰਦਰ ਕੌਰ ਖੱਟੜਾ ਪਤਨੀ ਯਾਦਵਿੰਦਰ ਸਿੰਘ ਲਾਡੀ ਖੱਟੜਾ ਦੀ ਕੌਂਸਲਰ ਪ੍ਰੇਮ ਲਾਲਕਾ ਵਾਰਡ ਨੰਬਰ 5 ਨੇ ਤਜਵੀਜ਼ ਕੀਤੀ ਗਈ ਜਦਕਿ ਵਾਰਡ ਨੰਬਰ 4 ਦੇ ਬਲਜਿੰਦਰ ਕੌਰ ਕੌਂਸਲਰ ਨੇ ਤਾਇਦ ਕੀਤਾ । ਸਤਵਿੰਦਰ ਕੌਰ ਨੂੰ 7 ਕੌਂਸਲਰਾਂ ਦੁਆਰਾ ਸਹਿਮਤੀ ਜਤਾ ਕੇ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੌਰਾਨ ਸੀਨੀਅਰ ਮੀਤ ਪ੍ਰਧਾਨ ਨਿਰਮਲਾ ਸੂਦ ਅਤੇ ਮੀਤ ਪ੍ਰਧਾਨ ਸਤਵਿੰਦਰ ਕੌਰ ਖੱਟੜਾ ਨੇ ਕਿਹਾ ਕਿ ਜੋ ਡਿਊਟੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਪ੍ਰਧਾਨ ਮਧੂ ਬਾਲਾ ,ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੈਂਕੀ ਸਿੰਗਲਾ, ਸੰਜੀਵ ਸੂਦ , ਸਤਨਾਮ ਸਿੰਘ ਖਾਲਸਾ, ਯਾਦਵਿੰਦਰ ਸਿੰਘ ਲਾਡੀ ਖੱਟੜਾ, ਅਮਰਜੀਤ ਸਿੰਘ ਕੌਂਸਲਰ, ਰਮੇਸ਼ ਗੁਪਤਾ ਸ਼ਹਿਰੀ ਪ੍ਰਧਾਨ ਨੇ ਵੀ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

## ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਟਿਆਲਾ ਦੇ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ, ਬੁਨਿਆਦੀ ਢਾਂਚੇ ਦਾ ਲਿਆ ਜਾਇਜ਼ਾ



ਪਟਿਆਲਾ, 10 ਫਰਵਰੀ (ਰੁਪਾਣਾ) : ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸਵੇਰੇ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਵਿਖੇ ਸਥਿਤ ਸਕੂਲ ਆਫ਼ ਐਮੀਨੈਂਸ ਦਾ ਅਚਨਚੇਤ ਦੌਰਾ ਕੀਤਾ, ਜੋ ਭਗਵੰਤ ਮਾਨ ਸਰਕਾਰ ਦੀ ਚੱਲ ਰਹੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਸ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਚੱਲ ਰਹੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਿੱਖਿਆ ਦੀ ਗੁਣਵੱਤਾ ਅਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਮੁਲਾਂਕਣ ਕਰਨ ਲਈ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ। ਸਕੂਲ ਦਾ ਵਿਆਪਕ ਦੌਰਾ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ ਸਬੰਧੀ ਕੰਮਾਂ ਦੀ ਪ੍ਰਗਤੀ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਅਤੇ ਸਹੂਲਤਾਂ ਬਾਰੇ ਫੀਡਬੈਕ ਲੈਣ ਲਈ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ। ਸ. ਬੈਂਸ ਨੇ ਇਸ ਸਕੂਲ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਅਤਿ-ਆਧੁਨਿਕ ਇਨਡੋਰ ਸਪੋਰਟਸ ਕੰਪਲੈਕਸ ਦੇ ਨਿਰਮਾਣ ਦਾ ਵੀ ਜਾਇਜ਼ਾ ਲਿਆ, ਜਿਸ ਵਿੱਚ ਦੋ ਕਬੱਡੀ ਮੈਟ ਅਤੇ ਇੱਕ ਕੁਸ਼ਤੀ ਮੈਟ ਸਮੇਤ 2,000 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਸਿਹਤਮੰਦ ਬਣਾਉਣ ਲਈ ਮੁਕੰਮਲ ਸਿੱਖਿਆ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਿੱਖਿਆ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਸਾਡੇ 'ਸਕੂਲ ਆਫ਼ ਐਮੀਨੈਂਸ' ਸਿਰਫ਼ ਇਮਾਰਤਾਂ ਨਹੀਂ ਹਨ; ਇਹ ਭਵਿੱਖ ਦੇ ਨੇਤਾਵਾਂ ਅਤੇ ਪੇਸ਼ੇਵਰਾਂ ਦਾ ਆਧਾਰ ਹਨ।ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣਾ ਸਾਡੀਆਂ ਨੀਤੀਆਂ ਅਤੇ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦਾ ਪ੍ਰਤੱਖ ਪ੍ਰਮਾਣ ਹੈ। ਸਿੱਖਿਆ ਮੰਤਰੀ ਨੇ ਕਿਹਾ, 'ਸਿੱਖਿਆ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਵਿਦਿਆਰਥੀਆਂ ਵਿੱਚ ਨਿਵੇਸ਼ ਕਰਨਾ ਸਿੱਧੇ ਤੌਰ 'ਤੇ ਪੰਜਾਬ ਅਤੇ ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ। ਸਕੂਲ ਪ੍ਰਿੰਸੀਪਲ ਪ੍ਰੀਤਇੰਦਰ ਘਈ ਨੇ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਇਸ ਅਕਾਦਮਿਕ ਸਾਲ ਇਸ ਸਕੂਲ ਦੇ ਦਾਖਲਿਆਂ ਵਿੱਚ 11 ਫ਼ੀਸਦੀ ਵਾਧਾ ਹੋਇਆ ਹੈ ਅਤੇ 200 ਤੋਂ ਵੱਧ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਆਏ ਹਨ, ਜੋ ਕਿ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ 400 ਤੋਂ ਵੱਧ ਵਿਦਿਆਰਥੀ ਛੇ ਸਕੂਲ ਬੱਸਾਂ ਰਾਹੀਂ ਆਵਾਜਾਈ ਸਹੂਲਤਾਂ ਦਾ ਲਾਭ ਲੈ ਰਹੇ ਹਨ, ਜੋ ਕਿ ਉੱਤਮਤਾ ਦੇ ਕੇਂਦਰ ਵਜੋਂ ਸਕੂਲ ਦੀ ਵਧਦੀ ਸਾਖ ਨੂੰ ਦਰਸਾਉਂਦਾ ਹੈ।

## ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਭਾਰਤ-ਅਮਰੀਕਾ ਵਪਾਰਕ ਸਮਝੌਤੇ ਦਾ ਵਿਰੋਧ



ਭੁਨਰਹੇੜੀ, 10 ਫਰਵਰੀ (ਗੁਰਜੀਤ ਸਿੰਘ ਢੋਟ) : ਭਾਰਤ ਅਤੇ ਅਮਰੀਕਾ ਦੇ ਵਪਾਰਿਕ ਸਮਝੌਤੇ ਨਾਲ ਕਿਸਾਨਾਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੋਵੇਗਾ ਜਿਸ ਦੀ ਭਰਭਾਈ ਕਰਨੀ ਬੇਹਦ ਮੁਸ਼ਕਲ ਹੋਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਵੱਲੋਂ ਅੱਜ ਸ਼ਾਦੀਪੁਰ ਵਿਖੇ ਸੁੱਖਾ ਸਿੰਘ ਘੁੰਮਣ ਤੇ ਕਾਮਰੇਡ ਪਰਮਜੀਤ ਸਿੰਘ ਦੀ ਅਗਵਾਈ ਹੇਠ ਭਾਰਤ ਸਰਕਾਰ ਵੱਲੋਂ ਟਰੰਪ ਸਰਕਾਰ ਨਾਲ ਕੀਤੇ ਮੁਕਤ ਵਪਾਰ ਸਮਝੌਤੇ ਦੇ ਵਿਰੁੱਧ ਮੋਦੀ ਅਤੇ ਟਰੰਪ ਦੇ ਪੁਤਲੇ ਫੂਕ ਕੇ ਵਿਰੋਧ ਕਰਨ ਦੌਰਾਨ ਕੀਤਾ ਗਿਆ। ਇਸ ਮੌਕੇ 'ਤੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਸ਼ਾਦੀਪੁਰ ਤੇ ਐਸਕੇਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜੋ ਮੁਕਤ ਵਪਾਰ ਸਮਝੌਤਾ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਅਮਰੀਕਾ ਸਰਕਾਰ ਨਾਲ ਕੀਤਾ ਗਿਆ ਹੈ। ਸਾਰੇ ਦੇਸ਼ ਦੇ ਵਿੱਚ ਬਹੁਤ ਵੱਡਾ ਰੋਸ ਹੈ । ਇਸ ਕਰਕੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਜੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਮੋਦੀ ਟਰੰਪ ਸਮਝੌਤਾ ਤੁਰੰਤ ਰੱਦ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਨੂੰ ਆਪਣੇ ਦੇਸ਼ ਦੇ ਲੋਕਾਂ ਦੇ ਨਾਲ ਖੜਨਾ ਚਾਹੀਦਾ। ਇਸ ਮੌਕੇ ਤੇ ਦਿਲਬਾਗ ਸਿੰਘ ਚੀਮਾ ਗੁਰਧਾਨ ਸਿੰਘ ਚੀਮਾ ਗੁਰਪਾਲ ਸਿੰਘ ਸਰਾਹ ਸ਼ਬੇਗ ਸਿੰਘ ਬਲਦੇਵ ਸਿੰਘ ਬਲਵਿੰਦਰ ਸਿੰਘ ਗੁਰਜੀਤ ਸਿੰਘ ਗਰਾਇਆ ਗੁਰਲਾਲ ਚੀਮਾ ਗੁਰਮੁਖ ਸਿੰਘ ਰੰਧਾਵਾ ਕਾਲਾ ਸਿੰਘ ਰਣਜੀਤ ਸਿੰਘ ਕੁਲਵਿੰਦਰ ਚੀਮਾ ਬੀਰ ਚੀਮਾ ਗੁਰਭੇਜ ਚੀਮਾ ਜੋਗਿੰਦਰ ਸਿੰਘ ਆਦਿ ਮੌਜੂਦ ਸਨ।

## ਬਲਾਕ ਪਟਿਆਲਾ-2 ਨੇ ਸਹਿ-ਵਿੱਦਿਅਕ ਮੁਕਾਬਲੇ ਕਰਵਾਏ



ਪਟਿਆਲਾ, 10 ਫਰਵਰੀ (ਰੁਪਾਣਾ) : ਜ਼ਿਲ੍ਹਾ ਸਿੱਖਿਆ ਵਿਭਾਗ ਪਟਿਆਲਾ ਦੇ ਬਲਾਕ ਪਟਿਆਲਾ-2 ਵੱਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਬਲਾਕ ਅਧੀਨ ਪੈਂਦੇ ਅੱਠ ਕਲਸਟਰਾਂ ਵਿੱਚ ਸਹਿ ਵਿੱਦਿਅਕ ਮੁਕਾਬਲੇ ਆਯੋਜਿਤ ਕੀਤੇ ਗਏ। ਇਹ ਮੁਕਾਬਲੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਪ੍ਰਿਥੀ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ, ਜਿਸ ਦੌਰਾਨ ਵੱਖ-ਵੱਖ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਹੀਰਾ ਲਾਲ ਕੁੰਦਨ ਲਾਲ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਇੰਜੀ. ਸੋਨੀਆ ਅਤੇ ਬੀਪੀਈਓ ਪ੍ਰਿਥੀ ਸਿੰਘ ਨੇ ਮੈਡਲ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਪ੍ਰਿਥੀ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ. ਸਿੱ.) ਸ਼ਾਲੂ ਮਹਿਰਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਮਨਵਿੰਦਰ ਕੌਰ ਭੁੱਲਰ ਦੇ ਸਹਿਯੋਗ ਨਾਲ ਇਹ ਮੁਕਾਬਲੇ ਬਲਾਕ ਅਧੀਨ ਪੈਂਦੇ ਵੱਖ-ਵੱਖ ਕਲਸਟਰਾਂ ਵਿੱਚ ਆਯੋਜਿਤ ਕੀਤੇ ਗਏ ਹਨ। ਉਹਨਾਂ ਕਿਹਾ ਕਿ ਇਹਨਾਂ ਸਹਿ ਵਿੱਦਿਅਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦੇ ਸੁੰਦਰ ਲਿਖਾਈ, ਪੇਂਟਿੰਗ, ਭਾਸ਼ਣ ਅਤੇ ਸੋਲੋ ਡਾਂਸ ਮੁਕਾਬਲੇ ਕਰਵਾਏ ਗਏ। ਉਹਨਾਂ ਅੱਗੇ ਦੱਸਿਆ ਕਿ ਕਲਸਟਰ ਮੈਣ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਮੈਣ, ਕਲਸਟਰ ਮਲਟੀਪਰਪਜ਼ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਮਲਟੀਪਰਪਜ, ਕਲਸਟਰ ਭਾਨਰਾ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਭਾਨਰਾ, ਕਲਸਟਰ ਤ੍ਰਿਪੜੀ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਨਿਊ ਯਾਦਵਿੰਦਰਾ ਕਲੋਨੀ, ਕਲਸਟਰ ਘਾਸ ਮੰਡੀ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਘਾਸ ਮੰਡੀ, ਕਲਸਟਰ ਖੇੜੀ ਗੁਜਰਾਂ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਖੇੜੀ ਗੁਜਰਾਂ, ਕਲਸਟਰ ਝੰਡੀ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਝੰਡੀ ਅਤੇ ਵਿਕਟੋਰੀਆ ਕਲਸਟਰ ਦੇ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਵਿਕਟੋਰੀਆ ਵਿਖੇ ਆਯੋਜਿਤ ਕੀਤੇ ਗਏ। ਇਸ ਮੌਕੇ ਸੀਐਚਟੀ ਪੂਰਨ ਸਿੰਘ, ਸੀਐਚਟੀ ਸੰਦੀਪ ਕੌਰ, ਸੀਐਚਟੀ ਅਮਨਦੀਪ ਕੌਰ, ਸੀਐਚਟੀ ਸਤਵੰਤ ਕੌਰ, ਸੀਐਚਟੀ ਭੁਪਿੰਦਰ ਸਿੰਘ, ਸੀਐਚਡੀ ਬਿੰਦੂ ਬਾਲਾ, ਸੀਐਚਟੀ ਰੇਖਾ ਰਾਣੀ ਅਤੇ ਸੀਐਚਟੀ ਸੁਰੇਸ਼ ਕੁਮਾਰ ਸਮੇਤ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਜਗਤ ਪ੍ਰਸਿੱਧ ਸਿੱਖ ਸਕਾਲਰ ਡਾ. ਕੁਲਵੰਤ ਕੌਰ ਕੌਮੀ ਸਨਮਾਨ ਦੀ ਹੱਕਦਾਰ: ਪ੍ਰਾਣ ਸੱਭਰਵਾਲ



ਪਟਿਆਲਾ, 10 ਫਰਵਰੀ (ਚ.ਨ.ਸ.) : ਪਦਮਸ਼੍ਰੀ ਐਵਾਰਡੀ ਪ੍ਰਾਣ ਸੱਭਰਵਾਲ, ਡਾਇਰੈਕਟਰ ਨਟਾਸ ਨੇ ਕਿਹਾ ਕਿ ਸਿੱਖੀ ਇਕ ਮਿਸਾਲ-ਯੋਗ ਧਰਮ ਹੈ, ਜੋ ਪਰਉਪਕਾਰੀ, ਮਾਨਵ ਸੇਵੀ ਅਤੇ ਤਿਆਗੀ ਜੀਵਨ ਜੀਊਣ 'ਤੇ ਜੋਰ ਦਿੰਦਾ ਹੈ, ਜਿਸ ਨਾਲ ਸੁੱਖ, ਸ਼ਾਂਤੀ ਅਤੇ ਸਮਰਿਧੀ ਉਪਲੱਬਧ ਹੈ। ਉਪਰੋਕਤ ਵਿਚਾਰ ਸ਼੍ਰੀ ਪ੍ਰਾਣ ਸੱਭਰਵਾਲ ਨੇ ਉੱਘੀ ਸਿੱਖੀ ਪ੍ਰਚਾਰ-ਸਮਾਜ ਸੇਵੀ ਸੰਸਥਾ ਦੀ ਪ੍ਰਧਾਨ ਮਾਈ ਭਾਗੋ ਬ੍ਰਿਗੇਡ ਦੇ 21 ਸਾਲ ਮੁਕੰਮਲ ਹੋਣ 'ਤੇ ਆਯੋਜਿਤ ਸਾਲਾਨਾ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਬੋਲਦਿਆਂ ਪ੍ਰਗਟ ਕੀਤੇ। ਸੱਭਰਵਾਲ ਨੇ ਕਿਹਾ ਕਿ ਡਾ. ਕੁਲਵੰਤ ਕੌਰ ਵੱਲੋਂ ਗੁਰਮਤਿ ਸਿੱਖਿਆਵਾਂ, ਸਕੂਲੀ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ, ਅਦਾਕਾਰੀ ਗੀਤ ਪੇਸ਼ਕਾਰੀ, ਜਾਣਕਾਰੀ ਮੁਕਾਬਲਿਆਂ ਦੇ ਆਯੋਜਨਾਂ ਅਤੇ ਤਿੰਨ ਦਹਾਕਿਆਂ ਦੌਰਾਨ ਦੇਸ਼ ਵਿਦੇਸ਼ਾਂ ਵਿੱਚ ਸਿੱਖੀ ਮਰਿਯਾਦਾ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਭਾਰਤੀਅਤਾ ਦੇ ਪ੍ਰਚਾਰ ਅਤੇ ਵਿਕਾਸ ਵੱਲ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੇ ਮੱਦੇਨਜ਼ਰ ਡਾ. ਕੁਲਵੰਤ ਕੌਰ ਨੂੰ ਪੰਜਾਬ ਅਤੇ ਭਾਰਤ ਸਰਕਾਰ ਵੱਲੋਂ ਕੌਮੀ ਸਨਮਾਨ ਮਿਲਣਾ ਚਾਹੀਦਾ ਹੈ। ਵੱਖ-ਵੱਖ ਸਕੂਲਾਂ ਵਿੱਚ ਬ੍ਰਿਗੇਡ ਵੱਲੋਂ ਤਿਆਰ ਪ੍ਰੋਗਰਾਮ, ਸ਼ਬਦ ਗਾਇਨ, ਅਦਾਇਗੀ ਗੀਤ ਆਦਿ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਅਵਸਰ 'ਤੇ ਨਟਾਸ ਵੱਲੋਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਲਾਸਾਨੀ ਸ਼ਹਾਦਤ ਤੇ ਪੇਸ਼ ਪਾਂਧੀ ਨਨਕਾ ਨਵੀਂ ਲਿਖਿਤ ਲੱਖੀ ਸ਼ਾਹ ਵਣਜਾਰਾ ਨੇ ਵਾਹ-ਵਾਹ ਖੱਟੀ। ਮਾਈ ਭਾਗੋ ਬੀ ਬ੍ਰੀਗੇਡ ਦੀ ਪ੍ਰਧਾਨ ਦੇਸ਼ ਪ੍ਰਸਿੱਧ ਸਿੱਖ ਸਕਾਲਰ ਡਾ. ਕੁਲਵੰਤ ਕੌਰ ਉਹਨਾਂ ਦੇ ਪਤੀ ਪ੍ਰਸਿੱਧ ਸਮਾਜਿਕ ਸ਼ਖਸੀਅਤ ਡਾ. ਮਲਕੀਅਤ ਸਿੰਘ ਸੈਨੀ ਅਤੇ ਮੈਂਬਰਾਨ ਨੇ ਦੰਪਤੀ ਸ਼੍ਰੀਮਤੀ ਸੁਨੀਤਾ-ਪ੍ਰਾਣ ਸੱਭਰਵਾਲ ਵੱਲੋਂ ਪਿਛਲੇ 70 ਸਾਲਾਂ ਤੋਂ ਸਮਾਜ ਸੇਵਾ ਅਤੇ ਰੰਗਮੰਚ ਵੱਲ ਦੇਸ਼ ਵਿਦੇਸ਼ਾਂ ਵਿੱਚ ਕੀਤੀਆਂ ਨਿਰੰਤਰ ਸੇਵਾਵਾਂ ਅਤੇ ਸ਼੍ਰੀ ਸੱਭਰਵਾਲ ਨੂੰ ਪ੍ਰਾਪਤ ਪਦਮਸ਼੍ਰੀ ਐਵਾਰਡ ਦੇ ਮੱਦੇਨਜਰ ਸ਼੍ਰੀ ਸੱਭਰਵਾਲ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ ਉਪਹਾਰ ਭੇਟ ਕਰਕੇ ਸਨਮਾਨਿਤ ਕੀਤਾ।

## ਪਿੰਡ ਧਨੇਠਾ 'ਚ ਵਿਆਹੁਤਾ ਦੀ ਸ਼ੱਕੀ ਹਾਲਾਤਾਂ 'ਚ ਮੌਤ

ਸਮਾਣਾ, 10 ਫਰਵਰੀ (ਵਿਜੇ ਕੁਮਾਰ) : ਸਦਰ ਪੁਲਿਸ ਦੇ ਅਧੀਨ ਪੈਂਦੇ ਪਿੰਡ ਧਨੇਠਾ ਵਿੱਚ ਇੱਕ 20 ਸਾਲਾ ਵਿਆਹੁਤਾ ਦੀ ਸ਼ੱਕੀ ਹਾਲਾਤਾਂ ਵਿੱਚ ਹੋਈ ਮੌਤ ਦਾ ਮਾਮਲਾ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ। ਮ੍ਰਿਤਕਾ ਦੇ ਮਾਤਾ-ਪਿਤਾ ਨੂੰ ਬੁਲਾਏ ਬਿਨਾਂ ਹੀ ਰਾਤ ਦੇ ਸਮੇਂ ਹਰਿਆਣਾ ਦੀ ਸਰਹੱਦ ਨਾਲ ਲੱਗਦੇ ਇੱਕ ਪਿੰਡ ਵਿੱਚ ਅੰਤਿਮ ਸੰਸਕਾਰ ਕਰ ਦਿੱਤੇ ਜਾਣ ਕਾਰਨ ਪਿੰਡ ਵਾਸੀ ਇਸ ਨੂੰ ਕਤਲ ਦਾ ਮਾਮਲਾ ਦੱਸ ਰਹੇ ਹਨ, ਜਦਕਿ ਸਹੁਰਾ ਪਰਿਵਾਰ ਇਸ ਨੂੰ ਫਾਹਾ ਲੈ ਕੇ ਕੀਤੀ ਗਈ ਖੁਦਕੁਸ਼ੀ ਕਰਾਰ ਦੇ ਰਿਹਾ ਹੈ। ਪਿੰਡ ਵਾਸੀਆਂ ਅਨੁਸਾਰ ਤਿੰਨ ਮਹੀਨੇ ਦੀ ਗਰਭਵਤੀ ਤਨੂੰ ਘਰੇਲੂ ਝਗੜੇ ਉਪਰੰਤ 5 ਫਰਵਰੀ ਦੀ ਦੁਪਹਿਰ ਗੁੱਸੇ ਵਿੱਚ ਘਰੋਂ ਜਾ ਰਹੀ ਸੀ, ਤਾਂ ਉਸ ਦੇ ਪ੍ਰੀਵਾਰਕ ਮੈਂਬਰਾਂ ਦੇ ਕਹਿਣ ਤੇ ਬਸਤੀ ਦੀਆਂ ਔਰਤਾਂ ਨੇ ਉਸ ਨੂੰ ਸਮਝਾ ਕੇ ਵਾਪਸ ਘਰ ਛੱਡ ਦਿੱਤਾ। ਪਰ ਸ਼ਾਮ ਵੇਲੇ ਹੀ ਉਸ ਦੀ ਮੌਤ ਦੀ ਖਬਰ ਮਿਲਣ 'ਤੇ ਰਾਤ ਦੇ ਹਨੇਰੇ ਵਿੱਚ ਹੀ ਹਰਿਆਣਾ ਦੇ ਪਿੰਡ ਗੜ੍ਹੀ ਸਾਹਿਬ ਵਿਖੇ ਕੁੜੀ ਦੇ ਵਾਰਿਸਾਂ ਨੂੰ ਸੂਚਨਾ ਦਿੱਤੇ ਬਿਨ੍ਹਾਂ ਉਸ ਦਾ ਸੰਸਕਾਰ ਕਰ ਦਿੱਤਾ ਗਿਆ। ਸ਼ੱਕ ਹੋਣ 'ਤੇ ਪਿੰਡ ਵਾਸੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ। ਮਾਮਲੇ ਸਬੰਧੀ ਮਵੀਕਲਾਂ ਪੁਲਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਤੋਂ ਜਾਣਕਾਰੀ ਅਨੁਸਾਰ ਤਨੂੰ ਦਾ ਵਿਆਹ ਇੱਕ ਸਾਲ ਪਹਿਲਾਂ ਇੰਸਟਾਗ੍ਰਾਮ ਰਾਹੀਂ ਪਿੰਡ ਧਨੇਠਾ ਦੇ ਕ੍ਰਿਸ਼ਨ ਸਿੰਘ ਨਾਲ ਹੋਇਆ ਸੀ। ਅਤੇ ਉਹ ਤਿੰਨ ਮਹੀਨੇ ਦੀ ਗਰਭਵਤੀ ਸੀ। ਸਹੁਰਾ ਪਰਿਵਾਰ ਲੜਕੀ ਵੱਲੋਂ ਫਾਹਾ ਲੈ ਕੇ ਆਤਮ ਹੱਤਿਆ ਕਰਨਾ ਦੱਸ ਰਿਹਾ ਹੈ। ਹਿਮਾਚਲ ਪ੍ਰਦੇਸ਼ (ਨਾਲਾਗੜ੍ਹ) ਵਿੱਚ ਰਹਿੰਦੇ ਲੜਕੀ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਆਉਣ ਦਾ ਇੰਤਜਾਰ ਕੀਤਾ ਜਾ ਰਿਹਾ ਹੈ। ਪੁਲਿਸ ਨੇ ਪੁੱਛਗਿੱਛ ਲਈ ਮ੍ਰਿਤਕਾ ਦੇ ਸੋਹਰਾ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸ਼ਰਾਬ ਫੈਕਟਰੀ ਬਾਹਰ ਕਿਸਾਨਾਂ ਦਾ ਪ੍ਰਦਰਸ਼ਨ



ਘਨੌਰ, 10 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਪਿੰਡ ਮਰਦਾਂਪੁਰ/ਪਿੰਡ ਸੰਧਾਰਸੀ ਵਿਖੇ ਇੱਕ ਸ਼ਰਾਬ ਫੈਕਟਰੀ ਦੇ ਗੰਦੇ ਪਾਣੀ ਕਾਰਨ ਪ੍ਰਭਾਵਿਤ ਹੋਈ ਫਸਲ ਦੇ ਮਾਮਲੇ ਵਿੱਚ ਪੰਚਾਇਤੀ ਦਖਲਅੰਦਾਜ਼ੀ ਤੋਂ ਬਾਅਦ ਇੱਕ ਅਹਿਮ ਫੈਸਲਾ ਲਿਆ ਗਿਆ ਹੈ। ਪੀੜਤ ਕਿਸਾਨ ਗੁਰਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਮਰਦਾਂਪੁਰ ਨੇ ਦੱਸਿਆ ਕਿ ਉਸ ਦੀ ਦੋ ਏਕੜ ਫਸਲ ਫੈਕਟਰੀ ਦੇ ਗੰਦੇ ਪਾਣੀ ਕਾਰਨ ਪੂਰੀ ਤਰ੍ਹਾਂ ਬਰਬਾਦ ਹੋ ਗਈ ਸੀ।ਇਸ ਮਾਮਲੇ ਨੂੰ ਸੁਲਝਾਉਣ ਲਈ ਇਲਾਕੇ ਦੇ ਪੰਚਾਂ-ਸਰਪੰਚਾਂ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਪਿੰਡ ਸੰਧਾਰਸੀ ਦੇ ਸਰਪੰਚ ਅਤੇ ਮਰਦਾਂਪੁਰ ਦੇ ਸਾਬਕਾ ਸਰਪੰਚਾਂ ਦੀ ਹਾਜ਼ਰੀ ਵਿੱਚ ਹੋਏ ਪੰਚਾਇਤੀ ਫੈਸਲੇ ਅਨੁਸਾਰ ਫੈਕਟਰੀ ਪ੍ਰਬੰਧਕਾਂ ਵੱਲੋਂ ਪੀੜਤ ਕਿਸਾਨ ਨੂੰ 1 ਲੱਖ ਰੁਪਏ ਦਾ ਮੁਆਵਜ਼ਾ ਦੇਣਾ ਤੈਅ ਹੋਇਆ।ਕਿਸਾਨ ਗੁਰਦੀਪ ਸਿੰਘ ਨੇ ਭਾਵੇਂ ਫਸਲ ਦੇ ਹੋਏ ਵੱਡੇ ਨੁਕਸਾਨ ਦਾ ਜ਼ਿਕਰ ਕੀਤਾ, ਪਰ ਪੰਚਾਇਤ ਵੱਲੋਂ ਕਰਵਾਏ ਗਏ ਇਸ ਸਮਝੌਤੇ ਅਤੇ ਮਿਲੇ ਮੁਆਵਜ਼ੇ 'ਤੇ ਆਪਣੀ ਸਹਿਮਤੀ ਅਤੇ ਸੰਤੁਸ਼ਟੀ ਪ੍ਰਗਟਾਈ ਹੈ। ਇਸ ਮੌਕੇ ਅਮਨਪ੍ਰੀਤ ਸਿੰਘ , ਗੁਰਦੀਪ ਸਿੰਘ ਮਰਦਾਂਪੁਰ , ਜਥੇਦਾਰ ਲਾਲ ਸਿੰਘ ਸਾਬਕਾ ਸਰਪੰਚ ਮਰਦਾਪਰ, ਗੁਰਪ੍ਰੀਤ ਸਿੰਘ ਸਰਪੰਚ ਸੰਧਾਰਸੀ , ਗੁਰਮੀਤ ਸਿੰਘ ਸਾਬਕਾ ਸਰਪੰਚ ਸੰਧਾਰਸੀ, ਗੁਰਸੇਵਕ ਸਿੰਘ ਸੰਧਾਰਸੀ ਪ੍ਰਧਾਨ ਕ੍ਰਾਂਤੀਕਾਰੀ ਯੂਨੀਅਨ ਤੋਂ ਇਲਾਵਾ ਪਿੰਡ ਦੇ ਹੋਰ ਪਤਵੰਤੇ ਸੱਜਣ ਅਤੇ ਕਿਸਾਨ ਆਗੂ ਵੀ ਮੌਜੂਦ ਸਨ।